1952

ਨਾਵਲ

ਚੰਦਕਾਂਤਾ ਦੀ ਛੋਟੀ ਭੈਣ

ਕੁਸਮਲਤਾ

ਹਿੱਸਾ ਤੀਜਾ

ਜਿਸਦਾ ਸ਼ਾਸਤ੍ਰੀ ਵਿਚੋਂ ਉਰਦੂ ਤਰਜਮਾ

ਲਾਲਾ ਰਾਮ ਨਾਥ ਸਾਹਿਬ

ਮਾਲਕ ਅਖਬਾਰ 'ਹਕ ਪਸੰਦ' ਅਮ੍ਰਿਤਸਰ ਨੇ
ਕੀਤਾ ਹੈ ਹਸਬ ਫ਼ਰਮਾਇਸ਼ ਲਛਮਨ ਦਾਸ
ਪੁਸਤਕਾਂ ਵਾਲੇ, ਬ ਜ਼ਾਰ ਮਾਈ ਸੇਵਾਂ
ਅਮ੍ਰਿਤਸਰ

ਭਾਈ ਠਾਕਰ ਸਿੰਘ ਮੈਨੇਜਰ ਦੇ ਯਤਨ ਨਾਲ
ਭਾਰਤ ਪ੍ਰਿੰਟਿੰਗ ਪ੍ਰੈਸ, ਅਮ੍ਰਿਤਸਰ ਵਿਚ ਛਪਾ

੧ਓ ਸਤਿਗੁਰਪ੍ਰਸਾਦਿ॥

ਚੰਦਰ ਕਾਂਤਾ

ਦੀ ਛੋਟੀ ਭੈਣ

ਕੁਸਮਲਤਾ ਭਾਗ ਤੀਜਾ

(ਪਿਛੇ ਲਈ ਦੇਖੋ ਭਾਗ ੧–੨

ਜਿਸਦਾ ਉਲਥਾ, ਬਾਬੂ ਅਟੂੜ ਸਿੰਘ ਤਾਇਬ ਨੇ ਕੀਤਾ

ਪਹਿਲਾ ਅੰਕ

"ਓਹ ਮਾਤਾ!" ਮੈਂ ਹਾਂ ਸਰਜੂ"

"ਅਸੀ ਅਪਨੇ ਪਾਠਕਾਂ ਨੂੰ ਦੂਜੇ ਭਾਗ ਦੀ ਸਮਾਪਤੀ ਵਿਚ ਅਦਭੁਤ ਅਯਾਰੀਆਂ ਦੇ ਟੋਟਕੇ ਦਸਾਂਗੇ। ਸੋ ਇਸ ਲਈ ਦੂਜੇ ਭਾਗ ਦੇ ਅੰਤ ਅੰਕ ਵਿਚੋਂ ਅਸੀ ਨਾਲ ਸੰਬੰਧਿਤ ਕਾਇਮ ਕਰਕੇ ਆਪਨੂੰ ਬਿਜੈਰਾਹਗੜ੍ਹ ਦੀ ਹੀ ਸੈਰ ਕਰਾਉਂਦੇ ਹਾਂ।"

ਜਿਸ ਵੇਲੇ ਬਾਜ਼ਾਰ ਦੇ ਰੌਲੇ ਵਿਚੋਂ ਦੁਕਾਨਦ ਮਚਿਆ ਹੋਇਆ ਸੀ ਅਰ ਸਾਰੇ ਲੋਕ ਅਪਨੀ ਦੁਖਭਰੀ ਵਿਥਿਆ ਰਾਜਾ ਬਲਭਦਰ ਸਿੰਘ ਨੂੰ ਸੁਨਾਉਣ ਲਈ

ਜਾ ਰਹੇ ਸਨ। ਠੀਕ ਇਸੇ ਵੇਲੇ ਹੀ ਸ਼ਹਿਰੋਂ ਬਾਹਰ ਮੈਦਾਨ ਵਿਚ ਇਕ ਅਦਭੁਤ ਦ੍ਰਿਸ਼ਜ ਦਿਖਾਈ ਦੇ ਰਿਹਾ ਹੈ ਇਸ ਵੇਲੇ ਅਸੀਂ ਅਪਨੇ ਉਸ ਚਤੁਰ ਸੌਦਾਗਰ ਨੂੰ (ਜਿਸਨੇ ਦਿਨਦੀਵੀਂ ਐਨੇ ਆਦਮੀਆਂ ਦੀ ਅਖੀਆਂ ਵਿਚ ਧੂੜ ਪਾਕੇ ਜੁਆਹਰਾਤ ਅਰ ਅਨਕ ਪਦਾਰਥਾ ਉਡਾਯਾ ਸੀ) ਬੜੀ ਹੀ ਬੇ ਫਿਕਰੀ ਨਾਲ ਸ਼ਹਿਰਗਾੜ ਵਲ ਪੈਰ ਚੁਕੇ ਜਾ ਰਿਹਾ ਹੈ ਇਸਦਾ ਚਿਹਰਾ ਮਾਰੇ ਖੁਸ਼ੀ ਦੇ ਲਾਲ ਸੂਹਾ ਹੋ ਰਿਹਾ ਹੈ ਇਸਦਾ ਕਾਰਨ ਇਹੋਕਿ ਲਖਾਂਦਾ ਮਾਲ ਐਸਵੇਲੇ ਪਾਸਹੈ ਪਰ ਏਹਅਜੇ ਕੁਝਕੁ ਦੂਰਹੀ ਗਿਆ ਹੋਵੇਗਾ ਕਿ ਸਜੇ ਪਾਸੇ ਵਲੋਂ ਕਿਸੇ ਦੀ ਅਵਾਜ ਆਈ।ਹਾਇ ! ਹਾਇ ਦੀ ਅਵਾਜ਼ ਕਲੇਜਾ ਪਾਟਦਾ ਸੀ।

ਅਯਾਰ ਸੌਦਾਗਰ ਯਾ ਇਸ ਚਤੁਰ ਜੁਆਹਰੀ ਨੇ ਜੋ ਕੰਨ ਲਾਕੇ ਸੁਣਿਆ ਤਾਂ ਮਲੂਮ ਹੋਯਾ ਕਿ ਅਵਾਜ ਕਿਸੇ ਦੀ ਤੀਵੀਂ ਦੀ ਹੈ ਅਰ ਨਾਲ ਹੀ ਕਿਸੇ ਮਰਦ ਦੇ ਅੜ ਬੜ ਹਸਨ ਦੀ ਅਵਾਜ ਆਈ ! ਜਿਸਤੋਂ ਇਹ ਗੁਪਤ ਮਾਮਲਾ ਸਮਝ ਵਿਚ ਆਗਿਆ ਅਰ ਉਸਨੇ ਨਿਸ਼ਚਾ ਕਰ ਲਿਆ ਕਿ ਜਰੂਰ ਕੋਈ ਮਰਦ ਕਿਸੇ ਤੀਵੀਂ ਨਾਲ ਅਧੇਰਾ ਕਾਹਦਾ ਹੋ ਸੰਤੀ ਜਬਰ ਕਰ ਰਿਹਾ ਹੈ। ਇਸ ਖਿਆਲ ਦੇ ਆਉਂਦਿਆਂ ਹੀ ਸੌਦਾਗਰ ਉਸ ਪਾਸੇ ਵਲ ਮੁੜਿਆ ਅਰ ਛੇਤੀ ਛੇਤੀ

ਸੈਰ ਕਰਦਾ ਹੋਯਾ ਇਕ ਖੰਡਰਾਂ ਦੇ ਪਾਸ ਪਹੁੰਚਾ ਤਾਂ ਉਸਦੀ ਸੋਭ ਸਭੀ ਨਿਕਲੀ । ਕੀ ਦੇਖਦਾ ਹੈ ਕਿ ਇਕ ਪਥਰ ਨਾਲ ਬੜੀ ਸੁੰਦਰ ਤੀਵੀਂ ਬਧੀ ਹੋਈ ਵਿਲਕ ਰਹੀ ਹੈ ਅਰ ਸਾਮਨੇ ਇਕ ਹਟਾ ਕਟਾ ਮੋਟਾ ਜੁਵਾਨ ਹਥ ਵਿਚ ਤਲਵਾਰ ਲਈ ਇਕ ਖਿੰਗਰ ਤੇ ਬੈਠਾ ਹੈ। ਅਰ ਮੰਦ ਨੇ ਇਸ ਵਿਚਾਰੀ ਨੂੰ ਤਲਵਾਰ ਦੇ ਅਜਿਹੇ ਇਕ ਦੋ ਘਾਉ ਲਗਾਏ ਹਨ ਜਿਨਾਂ ਵਿਚੋਂ ਫਰਨ ਫਰਨ ਲਹੂ ਵਗ ਰਿਹਾ ਹੈ ਜਿਸ ਨਾਲ ਇਸ ਸੁੰਦਰ ਤੀਵੀਂ ਦੀ ਚਿਟੀ ਸਾੜ੍ਹੀ ਸਾਰੀ ਭਰ ਗਈ ਵਿਚਾਰੀ ਪੀੜ ਦੇ ਕਾਰਨ ਤੜਫ ਰਹੀ ਹੈ । ਪਰ ਉਹ ਭੈੜ ਮੂਹਾ ਜੁਵਾਨ ਉਸਨੂੰ ਮਮੂਲੀ ਨਜਰ ਨਾਲ ਦੇਖ ਰਿਹਾ ਹੈ ਅਰ ਘੜੀ ਘੜੀ ਕੁਝ ਕਹਿਕੇ ਉਸਦੇ ਹਾਇ ! ਹਾਇ ! ਕਰਨ ਤੇ ਭੀ ਹਸ ਦੇਂਦਾ ਹੈ ਸਾਡਾ ਇਹ ਸੌਦਾਗਰ ਪਹਿਲੇ ਤਾਂ ਕੁਝ ਚਿਰ ਦੇਖਦਾ ਰਿਹਾ ਜਦ ਉਸਨੇ ਦੇਖਯਾ ਕਿ ਇਸ ਦੁਸ਼ਟ ਨੇ ਫੇਰ ਉਸ ਵਿਚਾਰੀ ਤੀਵੀਂ ਪੁਰ ਤਲਵਾਰ ਚੁਕੀ ਅਰ ਮਾਰ ਹੀ ਦੇਨ ਲਗਾ ਸੀ ਤਾਂ ਉਸਨੇ ਉਪਰੋਂ ਅਵਾਜ ਦਿਤੀ "ਬਸ! ਹੁਣ ਵਾਰ ਨਾਂ ਕਰੋ ਮੈਨੂੰ ਬਹੁਤ ਚਿਰ ਹੋਯਾ ਹੈ ਤੈਨੂੰ ਵੇਖਦਾ ਹਾਂ।" ਭੈੜ ਮੂੰਹ ਸੌਦਾਗਰ ਇਹ ਸੁਨਦਿਆਂ ਹੀ ਮੂੰਹ ਉਤਾਂਹ ਚੁਕਕੇ

ਵੇਖਣ ਲਗਾ ਅਰ ਲਾਲ ਲਾਲ ਅੱਖੀਆਂ ਕਢਕੇ ਬੋਲਿਆ ਜਾਹ। ਭਾਈ ਜਾਹ ! ਤੂੰ ਕਾਸਨੂੰ ਜਾਂਦਾ ਬਲਦੀ ਅਗ ਵਿਚ ਪੈਂਦਾ ਹੈਂ ! ਜਾਹ ! ਜਾਹ ਆਪਣਾ ਕੰਮ ਕਰ ਨਹੀਂ ਤਾਂ ਇਹ ਤਲਵਾਰ ਤੇਰੇ ਉਤੇ ਪਵੇਗੀ ਅਰ ਤੇਰਾ ਸਿਰ ਦੂਰ ਜਾ ਜਾਵੇਗਾ ਚਲ ਜਾਹ ਦੂਰ ਹੋ ਅਪਨਾ ਰਾਹ ਪਕੜ।

ਸੌਦਾਗਰ—ਪਾਗਲਾ, ਮੇਰੀ ਨਿਗਾਹ ਵਿਚ ਤਾਂ ਤੂੰ ਅਰ ਤੇਰੀ ਤਲਵਾਰ ਕਿਸੇ ਭੀ ਕੰਮ ਨਹੀਂ ਜੇਵੇਂ ਟਿਕਾਣੇ ਲਗੋਗੇ। ਫਤ ਹੈ ਇਸ ਵਿਚਾਰੀ ਨੂੰ, ਇਸ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਤੂੰ ਇਕ ਨਿਰਬਲ ਪੁਰਸ਼ ਦਿਸਦਾ ਹੈ ਕਿਉਂਕਿ ਨੂਰਮਿਅ ਦੀ ਤਲਵਾਰ ਤਾਂ ਕਦੀ ਤੀਵਾਂ ਤੇ ਚਲਦੀ ਨਹੀਂ ਦੇਖੀ ਗਈ।

ਭੈੜ ਮੂੰਹਾਂ—(ਜ਼ੋਰ ਨਾਲ ਹਸਕੇ) ਤਾਂ ਤੈਨੂੰ ਹੁਣ ਅਪਨੀ ਬਹਾਦਰੀ ਅਰ ਤਲਵਾਰ ਦਾ ਨਮੂਨਾ ਦਸਣਾਹੀ ਪਿਆ। ਲੈ ਹੁਨ ਸੰਭਲ ਜਾਹ—

ਭੈੜ ਮੂੰਹਾ ਇਹ ਕਹਿਕੇ ਇਕ ਹੀ ਛਾਲ ਵਿਚ ਖੂੰਦਰਾ ਚੋਂ ਬਾਹਰ ਆਯਾ ਅਰ ਉਧਰੋਂ ਸਾਡੇ ਸੌਦਾਗਰ ਨੇ ਭੀ ਇਕ ਲਿਸ਼ਕਦੀ ਹੋਈ ਕਟਾਰ ਕਪੜਿਆਂ ਦੇ ਹੇਠੋਂ ਕਢੀ। ਅਰ ਪੈਂਤੜਾ ਵਟਾਕੇ ਕਹਿਣ ਲਗਾ “ ਲੈ ਆਓ ਦੋ ਹਥ ਦੇਖ ਲਵੋ।”

ਭੈੜਮੂੰਹਾਂ— ਪਰ ਤੇਰੇ ਛੋਲ ਕਟਾਰ ਅਰ ਮੇਰੇ ਪਾਸ ਤਲਵਾਰ ਤਾਂ ਇਹ ਬਰਾਬਰ ਦੀ ਲੜਾਈ ਕਿਸਤਰਾਂ ਹੋਵੇਗੀ ?

ਸੌਦਾਗਰ— ਹਾਂ ਐਡਾ ਗੁਮਾਨ ! ਇਹ ਆਪੇ ਹੁਣੇ ਮਲੂਮ ਹੋ ਜਾਵੇਗਾ "ਹਥ ਕੰਗਨ ਨੂੰ ਆਰਸੀ ਕੀ ਆਪ।" ਤੇਰੀ ਕੀ ਮਜਾਲ ਹੈ ਜੋ ਇਸ ਕਟਾਰ ਦੀ ਤਾਬ ਸਹਿ ਸਕੇਂ।

ਅਛਾ ! ਇਹ ਕਹਿਕੇ ਭੈੜ ਮੂੰਹਾ ਸੌਦਾਗਰ ਵਲ ਛੁਕਯਾ ਅਰ ਇਸ ਤੇਜੀ ਨਾਲ ਵਾਰ ਕੀਤਾ ਕਿ ਜੇਕਰ ਸੌਦਾਗਰ ਦੀ ਥਾਂ ਕੋਈ ਹੋਰ ਹੁੰਦਾ ਤਾਂ ਜਰੂਰ ਦੋ ਟੁਕੜੇ ਹੋ ਜਾਂਦਾ ਪਰ ਇਸ ਸਾਡੇ ਸੌਦਾਗਰ ਨੇ ਸਿਪਾਹੀਆਂ ਦੇ ਉਹ ਕਰਤਬ ਦਿਖਾਏ ਇਸ ਅਪਨੀ ਛੋਟੀ ਜਿਹੀ ਕਟਾਰ ਨਾਲ ਬੜੀ ਬਹਾਦਰੀ ਨਾਲ ਵਾਰ ਬਚਾਉਂਦਾ ਸੀ ਅਰ ਬੜ ਚਿਰ ਤਕ ਉਹ ਬਿਨਾਂ ਵਾਰ ਕੀਤੇ ਮੁਸਕਰਾਉਂਦਾ ਹੋਯਾ ਭੈੜ ਮੂੰਹੇ ਵਲ ਦੇਖਦਾ ਰਿਹਾ ਅਰ ਭੈੜ ਮੂੰਹਾ ਭੀ ਇਸ ਜੁਵਾਨ ਸੁਦਾਗਰ ਦੀ ਸੂਰਮਤਾਈ ਵਲ ਦੇਖਕੇ ਹੈਰਾਨ ਹੋ ਰਿਹਾ ਸੀ। ਅਰ ਥੋੜੇ ਹੀ ਚਿਰ ਦੀ ਲੜਾਈ ਵਿਚ ਜਦ ਉਸਨੂੰ ਪਤਾ ਹੋਯਾ ਕਿ ਸਾਡਾ ਦੁਸ਼ਮਨ ਕੁਝ ਥਕ ਗਿਆ ਤਾਂ ਇਹ ਅਪਨੇ ਪੈਂਤੜੇ ਤੋਂ ਹਿਲਯਾ ਅਰ ਚਾਹੁੰਦਾ ਸੀ ਕਿ ਆਪ

ਵਾਰ ਕਰੇ। ਪਰ ਨਹੀਂ, ਉਸਦਾ ਦੁਸ਼ਮਨ ਆਪਨੀ ਕਮਜ਼ੋਰੀ ਨੂੰ ਚੰਗੀ ਤਰਾਂ ਜਾਨ ਚੁਕਾ ਸੀ ਅਰ ਇਕ ਦੋ ਹਥ ਦਾ ਭੁਲਾਵਾ ਦੇਕੇ ਮੈਦਾਨ ਕਟ ਗਿਆ ਅਰ ਬੜੀ ਤੇਜ਼ੀ ਨਾਲ ਸਾਮਨੇ ਦੇ ਮੈਦਾਨ ਵਲ ਨਠ ਗਿਆ।

ਸਾਡੇ ਸੌਦਾਗਰ ਬਹਾਦਰ ਨੇ ਭੀ ਭਗੌੜੇ ਦਾ ਪਿਛਾ ਕਰਨਾ ਵਿਅਰਥ ਸਮਝਿਆ ਅਰ ਖੁੰਦ੍ਰਾ ਵਿਚ ਮੁੜਕੇ ਅੰਦਰ ਗਿਆ ਅਰ ਉਸ ਤੀਵੀ ਦੇ ਪਾਸ ਆਯਾ ਜੋ ਘਾਵਾਂ ਦੀ ਪੀੜਾ ਨਾਲ ਬੇਸੁਰਤ ਪਈ ਹੋਈ ਵਿਆਕੁਲ ਹੋ ਰਹੀ ਸੀ ਉਸਨੇ ਛੋਟੀ ਕਟਾਰ ਨਾਲ ਰਸੀਆਂ (ਜਿਸ ਨਾਲ ਬਧੀ ਹੋਈ ਸੀ) ਕਟ ਦਿਤੀਆਂ ਅਰ ਰਸੀ ਦੇ ਖੋਲਨ ਉਪ੍ਰੰਤ ਉਸਦੇ ਪਿੰਡੇ ਪਰ ਨੀਲ ਅਰ ਲਾਸਾਂ ਪਈਆਂ ਹੋਈਆਂ ਡਿਠੀਆਂ ਅਰ ਕਈਆਂ ਥਾਵਾਂ ਪੁਰ ਕੁਝ ਘਾਉ ਭੀ ਲਗੇ ਹੋਏ ਦਿਸੇ, ਉਸ ਦੁਸ਼ਟ ਦੀ ਕਰਨੀ ਪੁਰ ਅਤਿ ਖੇਦ ਹੋਯਾ, ਇਸਤ੍ਰੀ ਨੂੰ ਹੋਸ਼ ਲਿਆਉਨ ਲਈ ਖੁੰਦਰਾਂ ਤੋਂ ਬਾਹਰ ਲੈ ਆਯਾ ਅਰ ਠੰਡੀ ਹਵਾ ਵਿਚ ਉਸਨੂੰ ਲਿਟਾ ਦਿਤਾ ਅਰ ਉਸਦੇ ਮੂੰਹ ਵਿਚ ਕੁਪੀ ਵਿਚੋਂ ਪਾਨੀ ਕਢਕੇ ਪਾਯਾ।

ਥੋੜੇ ਚਿਰ ਪਿਛੋਂ ਅਥਵਾ ਪਲਕੁ ਮਗਰੋਂ ਹੀ ਤੀਵੀਂ ਦੇ ਹੋਂਟ ਹਿਲੇ ਅਰ ਸੌਦਾਗਰ ਨੇ ਨਿਉਂਕੇ

ਤੀਵੀਂ ਦੇ ਮੂੰਹ ਪੁਰ ਦੇਖਨ ਲਈ ਮੂੰਹ ਨੇੜੇ ਕੀਤਾ ਤਾਂ ਬੇਸੂਰਤ ਤੀਵੀ ਨੇ ਆਪਨੇ ਪੈਰ ਖਿਚੇ ਅਰ ਦੋਵੇਂ ਹਥ ਸੌਦਾਗਰ ਦੇ ਗਲ ਵਿਚ ਜੋਰ ਨਾਲ ਪਾਕੇ ਅੜਾਂਗਾ ਪਾ ਲਿਆ ਅਰਨਾਲਹੀਮੂੰਹਵਿਚੋਂਇਕਅਜੀਬ ਤਰਾਂ ਦੀ ਛੌਂਕਨੀ ਕਰਕੇ ਫੂੰਕਾਰਾ ਮਾਰਿਆ ਜੋ ਸੌਦਾਗਰ ਦੇ ਨਕ ਵਿਚ ਗਿਆਂ ਜਿਸ ਨਾਲ ਸੌਦਾਗਰ ਨੂੰ ਨਿਛ ਆਈ ਅਰ ਬੇਸੁਰਤ ਹੋਕੇ ਪਿਛਾਹਾਂ ਡਿਗ ਪਿਆ ਅਰ ਐਧਰ ਓਹ ਬੇਸੂਰਤ ਤੀਵੀਂ ਝਟ ਪਾਸਾ ਮੋੜਕੇ ਉਠੀ ਅਰ ਕਿਹਾ "ਐਹ ਮਾਰਾ।" "ਮੈ ਹਾਜ਼ਰਹੂੰ"

ਸਾਡੇ ਸੌਦਾਗਰ ਦੀਆਂ ਮੁਸ਼ਕਾਂ ਇਸ ਤੀਵੀ ਨੇ ਬੰਨ ਲਈਆਂ ਅਰ ਨਕਲੀ ਲਹੂ ਦੀ ਭਰੀ ਹੋਈ ਸਾੜੀ ਆਪਨੇ ਉਪਰੋਂ ਉਤਾਰ ਕੇ ਇਕ ਨੀਮ ਪੋਸਤੀਨ ਜਿਹੀ ਉਤਾਰੀ ਜਿਸ ਪੁਰ ਨਕਲੀ ਆਦਿ ਬਨੇ ਹੋਏ ਸੀ। ਪਰ ਚਾਹੇਂ ਕੁਝ ਭੀ ਹੋਏ ਇਹ ਅਯਾਰੀ ਬਹੁਤ ਹੀ ਅਦਭੁਤ ਖੇਡੀ ਗਈ ਹੈ। ਸੌਦਾਗਰ ਨੇ ਕੁਪੀ ਵਿਚੋਂ ਪਾਨੀ ਨਾਲ ਚਿਹਰਾ ਧੋਤਾ ਤਾਂ ਸਾਫ ਮਰਦੂ ਮਲੂਮ ਹੋਨ ਲਗੀ।

ਇਸਦੇ ਉਪ੍ਰੰਤ ਉਸਨੇ ਸੀਟੀ ਵਜਾਈ ਜਿਸਦੇ ਉਤਰ ਵਿਚ ਇਕ ਅਵਾਜ਼ ਮਿਲੀ ਅਰ ਸਾਮਨੇ ਪਾਸਿਓ ਉਹੀ ਭੇੜ ਮੂੰਹਾਂ ਜੋ ਅਸਲ ਵਿਚ ਉਸਦਾ ਨੌਕਰ ਸੀ ਕੁਦਦਾ ਹੋਯਾ ਆ ਪਹੁੰਚਾ

ਸਰਜੂ—ਵੇਖ ! ਇਸਦੇ ਚਿਹਰੇ ਨੂੰ ਅਜੇ ਧੋਣ ਦੀ ਕੋਈ ਲੋੜ ਨਹੀਂ ਹੈ ਜਿਥੋਂ ਤਕ ਮੇਰੀ ਸਮਝ ਵਿਚ ਇਹ ਚੰਦ੍ਰਭੂਸ਼ਨ ਅਯਾਰ ਹੈ ਜੋ ਮਹਾਰਜ ਪ੍ਰਿਥਵੀ ਸਿੰਘ ਦੀ ਕਚਹਿਰੀ ਦਾ ਅਯਾਰ ਹੈ । ਇਸਨੂੰ ਇਸੇ ਤਰਾਂ ਦ੍ਰਬਾਰ ਵਿਚ ਲੈ ਚਲੋ । ਚਲ ਛੇਤੀ ਚਲ ਰਰਿਆ ਈਆਂ ਦੇ ਪਹੁੰਚਦੇ ਪਹੁੰਚਦੇ ਇਸਨੂੰ ਭੀ ਪਹੁੰਚ ਦੇਣਾ ਜ਼ਰੂਰੀ ਹੈ। ਛੇਤੀ ਨਠ ।

ਭੇੜ ਮੂੰਹਾਂ ਨੇ ਝਟ ਉਸਦੇ ਹੁਕਮ ਦੀ ਪ੍ਰਵਾਨਗੀ ਕੀਤੀ ਅਰ ਉਸਨੂੰ ਪਿਠ ਤੇ ਲਦ ਕੇ ਬਿਜੇਗਾਹਰਜ਼ ਦੀ ਵਲ ਤੁਰ ਪਿਆ ਪਿਛੇ ਪਿਛੇ ਸਰਜੂ ਭੀ ਐਧਰ ਓਧਰ ਤਾੜਦੀ ਹੋਈ ਚਲੀ। ਮਤਾ: ਇਸਦਾ ਕੋਈ ਸਾਥੀ ਨਾ ਲੁਕਿਆ ਹੋਏ॥

ਦੂਜਾ ਅੰਕ

“ਭੁਖ ਲਗੀ ਸੀ ਖਾ ਲਈ ਹੈ”

ਬਲਭਦ੍ਰ ਸਿੰਘ ਇਸ ਵੇਲੇ ਦੀਵਾਨ ਖਾਨੇ ਵਿਚ ਬੈਠੇ ਹਨ ਪਰ ਉਨ੍ਹਾਂ ਦਾ ਮਨ ਟਿਕਾਨੇ ਨਹੀਂ ਹੈ ਇਕ ਤਾਂ ਕਾਲੀ ਸ਼ਕਲ ਦਾ ਭਯ ਦੂਜੇ ਕਲ ਦੀ ਰਾਤ ਦੀ ਗਲ ਉਸ ਭੋਰੇ ਦੇ ਸਰਦ ਖਾਨੇ ਵਿਚ ਇਕ ਸ਼ਕਲ ਦੇਖੀ। ਇਹ ਦੋਵੇਂ ਹੀ ਕੁਝ ਅਜੇਹੀ ਤਰਾਂ ਦੀਆਂ ਗਲਾਂ

ਧਨ ਕਿ ਜੋ ਸੁਰਤ ਠਿਕਾਨੇ ਨਹੀ ਸੀ ਹੋਨ ਦੇਂਦੀਆਂ ਇਨਾਂ ਹੀ ਗਿਨਤੀਆਂ ਵਿਚ ਚਿੰਤਾਤੁਰ ਹੋਵੇ ਹੋਏ ਡੂੰਘੀਆਂ ਸੋਚਾਂ ਦੀਆਂ ਲਹਿਰਾਂ ਵਿਚ ਘੁੰਮ ਰਹੇ ਸਨ ਜੋ ਅਰਨਚੇਤ ਹਾਲ ਪੁਕਾਰ ਦੁਹਾਈ ਦੁਹਾਈ ਦੀ ਪੁਕਾਰ ਹੋਈ। ਡਿਓੜੀ ਬ੍ਰਦਾਰ ਨੇ ਅੰਦਰ ਆਕੇ ਖਵਰ ਕੀਤੀ ਕਿ ਇਕ ਸੌਦਾਗਰ ਦੇ ਸਤਾਏ ਹੋਏ ਦੁਕਾਨਦਾਰਾਂ ਦਾ ਟੋਲਾ ਫਰਿਆਦ ਕਰਨ ਲਈ ਆਯਾ ਹੈ ਜੋ ਮਹਾਰਾਜ ਦਾ ਹੁਕਮ!

ਬਲਭਦ੍ਰ ਸਿੰਘ—ਜਾਓ। ਸਭਨੂੰ ਹਾਜਰ ਕਰੋ!

ਚੋਬਦਾਰ ਸਤਿਬਚਨ ਕਹਿਕੇ ਸਭ ਦੁਕਾਨਦਾਰਾਂ ਨੂੰ ਮਹਾਰਾਜ ਦੇ ਸਾਮਨੇ ਲੈ ਆਯਾ ਅਰ ਸਭਨਾਂ ਨੇ ਆਪੋ ਆਪਨੀ ਦੁਖਭਰੀ ਕਹਾਨੀ ਸੁਨਾਈ। ਜਿਸਨੂੰ ਸੁਨਕੇ ਪਹਿਲੋਂ ਤਾਂ ਬਲਭਦ੍ਰ ਸਿੰਘ ਚੁਪ ਹੋ ਰਹੇ ਅਰ ਜਦ ਸਭ ਲੋਕ ਆਪੋ ਆਪਨੀ ਵਿਥਯਾ ਸੁਨਾ ਚੁਕੇ ਤਾਂ ਉਨਾਂ ਨੇ ਆਪਨਾ ਸਜਾ ਹਥ ਬੜੇ ਜੋਰ ਨਾਲ ਪਟ ਤੇ ਮਾਰਕੇ ਉਚੀ ਕਹਿਨ ਲਗੇ

ਬਲਭਦ੍ਰ ਸਿੰਘ—ਮੇਰੇ ਪਿਆਰੇ ਦਰਬਾਰੀਓ! ਸੂਰਮੇਂ ਅਫਸਰੋ! ਕੀ ਆਪ ਨੂੰ ਚੰਗਾ ਲਗ ਦਾ ਹੈ ਕਿ ਸਾਡੀ ਹੀ ਪਰਜਾ ਅਰ ਸਾਡੇ ਹੀ ਅਗੇ ਰੋ ਰੋ ਵਿਲਕੇ! ਹਨੇਰ ਦੀ ਗਲ ਹੇ ਕਿ ਦੁਸ਼ਮਨਾਂ ਦੇ ਐਡੇ ਝਕ ਲਹਿ ਗਏ ਹਨ ਕਿ ਸਾਡੀ ਰਾਜਧਾਨੀ ਵਿਚ ਹੀ ਦਿਨ ਦਿਹਾੜੇ ਆ

ਕੇ ਲੁਟ ਮਰਾਉਨ। ਕਿਥੇ ਹੈ ਮਾਧਵੀ ਅਰ ਚਪਲਾ? ਇਨ੍ਹਾਂ ਨੇ ਕੇੜ੍ਹੇ ਦਿਨ ਲਈ ਅਯਾਰੀ ਸਿਖੀ ਹੈ ਕਿਉਂ ਨਹੀਂ ਉਸ ਦੁਸ਼ਟ ਅਯਾਰੀ ਨੂੰ ਪਕੜ ਕੇ ਲਿਆਉਂ-ਦੀਆਂ ਜਿਸ ਨੇ ਸਾਡੀ ਪਿਆਰੀ ਪਰਜਾ ਨੂੰ ਸਤਾਯਾ ਅਰ ਲੁਟਿਆ ਹੈ। ਅਰ ਕਿਥੇ ਹੈ ਸਰਜੂ? ਜਿਸ ਨੇ ਐਡੇ ਲੰਮੇ ਲੰਮੇ ਇਕਰਾਰ ਕੀਤੇ ਸਨ। ਹੁਨ ਕਿਉਂ ਨਹੀਂ ਬੋਲਦੇ (ਕੁਟਵਾਲ ਨੂੰ) ਕੁਟਵਾਲ! ਬਿਲਕੁਲ ਤੇਰਾ ਕੰਮ ਨਿਕੰਮਾ ਅਰ ਭਰੋਸੇ ਵਾਲਾ ਨਹੀਂ ਹੈ ਅਰ ਨਾਹੀ ਤੂੰ ਇਸ ਲੈਕ ਹੈਂ ਕਿ ਤੇਰਾ ਇਤਬਾਰ ਕੀਤਾ ਜਾਵੇ। ਬਸ ਕੇਵਲ ੨੪ ਘੰਟਿਆਂ ਦੀ ਤੈਨੂੰ ਮੁਲਤ ਦਿਤੀ ਜਾਂਦੀ ਹੈ ਕਿ ਉਸ ਪਾਪੀ ਲੁਟੇਰੇ ਅਯਾਰ ਦਾ ਸਿਰ ਭਰੀ ਕਚਹਿਰੀ ਵਿਚ ਹਾਜ਼ਰ ਕਰੋ ਨਹੀਂ ਤਾਂ ਤੇਰਾ ਸਿਰ ਉਤਰਵਾਯਾ ਜਾਵੇਗਾ ਅਰ ਤੇਰਾ ਹੀ ਘਰ ਬਾਰ ਲੁਟ ਕੇ ਇਨ੍ਹਾਂ ਦੁਕਾਨਦਾਰਾਂ ਦੇ ਅਥਰੂ ਪੂੰਜੇ ਜਾਵਨਗੇ।

ਮਹਾਰਾਜ ਦੇ ਇਸ ਭਿਆਨਕ ਹੁਕਮ ਨੂੰ ਸੁਨਕੇ ਸਾਰੇ ਦਰਬਾਰ ਵਿਚ ਚੁਪ ਵਰਤ ਗਈ ਕੋਟਵਾਲ ਸੋਚ ਰਿਹਾ ਸੀ ਕਿ ਅਜ ਸਵੇਰੇ ਕਿਸ ਪਾਪੀ ਦਾ ਮੂੰਹ ਦੇਖਯਾ ਸੀ। ਉਨ੍ਹਾਂ ਦੁਕਾਨਦਾਰਾਂ ਨੂੰ ਹੌਸਲਾ ਦੇਂਦਾ ਹੋਯਾ ਆਪਨੇ ਨਾਲ ਲੈ ਕੇ ਦਰਬਾਰ ਤੋਂ ਬਾਹਰ ਆਯਾ ਇਸ ਦੇ ਚਲੇ ਜਾਨੇ ਉਪ੍ਰੰਤ ਬੜੇ ਚਿਰ ਤਕ ਦਰਬਾਰ

ਵਿਚ ਚੁਪ ਵਰਤੀ ਰਹੀ। ਮਹਾਰਾਜ ਨੂੰ ਕ੍ਰੋਧ ਵਿਚ ਮਥੇ ਵਟ ਪਾਏ ਹੋਏ ਵੇਖ ਕੇ ਕਿਸੇ ਦੀ ਹਿੰਮਤ ਨਹੀਂ ਸੀ ਕੁਝ ਬੋਲੇ ਕਿ ਐਨੇ ਨੂੰ ਧੂੜ ਨਾਲ ਭਰੇ ਹੋਏ ਦੋ ਹਲਕਾਰੇ ਸਾਮਣੇ ਪਾਸਿਉਂ ਨਠੇ ਹੋਏ ਆਏ ਪਹਿਲੇ ਤਾਂ ਉਨ੍ਹਾਂ ਨੇ ਮਹਾਰਾਜ ਦਾ ਕਲਿਆਨ ਕੀਤਾ ਅਰ ਫੇਰ ਉਨ੍ਹਾਂ ਵਿਚੋਂ ਇਕ ਆਖਣ ਲਗਾ:-

ਹਲਕਾਰਾ- ਮਹਾਰਾਜ! ਸਰਜੂ ਉਸੇ ਸੌਦਾਗਰ ਨੂੰ ਜਿਸ ਨੇ ਕਲ ਆਪ ਦੀ ਪਰਜਾ ਦਾ ਨਕ ਸਾਹ ਲਿਆ ਦਿਤਾ ਸੀ ਆਪ ਦੀ ਸੇਵਾ ਵਿਚ ਬੰਨ੍ਹ ਕੇ ਲਿਆ ਰਹੀ ਹੈ

ਮਹਾਰਾਜ ਇਹ ਸੁਣ ਦਿਆਂ ਹੀ ਖਿੜ ਪਏ ਅਰ ਜ਼ੋਰ ਨਾਲ ਪੁਕਾਰ ਕੇ ਕਿਹਾ ਜਾਓ ਅਰ ਅਗੋਂ ਦੀ ਜਾ ਕੇ ਸਰਜੂ ਨੂੰ ਲਿਆਓ। ਅਸੀ ਉਸ ਦੁਸ਼ਟ ਦਾ ਚਿਹਰਾ ਵੇਖਣਾ ਚਾਹੁੰਦੇ ਹਾਂ ਜਿਸ ਨੇ ਐਨੇ ਸਿਆਣਿਆਂ ਦੀਆਂ ਅਖੀਆਂ ਵਿਚ ਧੂੜ ਪਾ ਦਿਤੀ ਹੈ।

ਇਸ ਖਬਰ ਨੂੰ ਅਨ੍ਹੇਰੀ ਵਾਂਙ ਉਡਾਂਦਿਆਂ ਪਲ ਭੀ ਨਾ ਲਗਾ ਐਨੇ ਨੂੰ ਸਰਜੂ ਦੇ ਨਾਲ ਸ਼ਹਿਰ ਦੀ ਭੀੜ ਅਕਠੀ ਹੋਈ ਹੋਈ ਦਰਬਾਰ ਤਕ ਆਈ। ਪਰ ਬਾਕੀ ਦੇ ਲੋਕਾਂ ਨੂੰ ਡਿਓੜ੍ਹੀ ਬਰਦਾਰਾਂ ਨੇ ਬਾਹਰ ਡਕ ਦਿਤਾ ਕੇਵਲ ਸਰਜੂ ਹੀ ਆਪਣੇ ਆਦਮੀਆਂ ਸਮੇਤ ਅੰਦਰ

ਗਈ। ਜਿਸ ਨੂੰ ਵੇਖ ਦੇ ਹੀ ਮਹਾਰਾਜ ਬੇਵਸ ਹੋ ਉਚੀ ਬੋਲੇ :-

ਮਹਾਰਾਜ—ਸ਼ਾਬਾਸ਼ ਸਰਜੂ ਤੂੰ ਬੜਾ ਚੰਗਾ ਕੰਮ ਕੀਤਾ ਹੈ ਜੋ ਇਸ ਦੁਸ਼ਟ ਨੂੰ ਪਕੜ ਕੇ ਲੈ ਆਈ ਹੈਂ ਤਾਂ ਇਥੇ ਨਹੀਂ ਸੀ ਫੇਰ ਤੈਨੂੰ ਇਸਦੀ ਖਬਰ ਕਿਸ ਤਰਾਂ ਲਗੀ ਲਿਆਓ ਇਸ ਚੰਡਾਲ ਨੂੰ ਮੇਰੇ ਸਾਮਨੇ।

ਸਰਜੂ—ਮਹਾਰਾਜ ਮੈਂ ਬੜੀ ਹੀ ਮੁਸੀਬਤ ਵਿਚ ਫਸੀ ਹੋਈ ਸਾਂ ਕੋਈ ਅਪਨੇ ਮਰਜੀ ਕਰਕੇ ਥੋੜਾ ਹੀ ਆਪਦੇ ਚਰਨਾਂ ਤੋਂ ਵਖਰੀਸਾਂ ਜਿਸ ਦਿਨ ਦੀ ਮੈਂ ਇਥੋਂ ਗਈ ਹਾਂ ਉਸੇ ਦਿਨ ਤੋਂ ਕੁਝ ਦੁਸ਼ਟ ਡਾਕੂਆਂ ਨੇ ਨਾਂ ਜਾਣੀਏ ਕਿਸ ਨੀਤ ਨਾਲ ਮੈਨੂੰ ਪਕੜ ਲੀਤਾ ਅਰ ਬੜੀ ਤੇ ਚੜਾਕੇ ਇਕ ਉਜੜੇ ਹੋਏ ਮਕਾਨ ਵਿਚ ਕੈਦ ਕਰ ਦਿਤਾ ਮੈਂ ਬਹੁਤ ਦਿਨਾਂ ਤਕ ਉਸੇ ਮਕਾਨ ਵਿਚ ਕੈਦ ਰਹੀ ਅਰ ਕਦੀ ਕਦੀ ਕਈ ਤਰਾਂ ਦੀਆਂ ਅਵਾਜਾਂ ਸੁਨਦੀ ਸਾਂ ਪਰ ਜਿਸਦੀ ਕੁਝ ਮੈਨੂ ਸਮਝ ਨਹੀ ਸੀ ਆਂਉਦੀ। ਮੇਰੇ ਖਾਨ ਲਈ ਚਾਰ ਮੋਟੇ ਡਖਲੇ ਰੋਟੀਆਂ ਅਰ ਇਕ ਗੜਵੀ ਪਾਣੀ ਦੀ ਨਿਤ ਉਪਰੋਂ ਵਹਾ ਦਿਤੀ ਜਾਂਦੀ ਸੀ ਜਿਸ ਕਰਕੇ ਮੈਂ ਕਿਸੇ ਨੂੰ ਨਾ ਪਛਾਨ ਸਕਦੀ ਅਰ ਨਾ ਕਿਸੇ ਨਾਲ

ਹੀ ਗਲ ਕਰ ਸਕਦੀ ਸਾਂ। ਰੋਂਦੀ ਪਿਟਦੀ ਉਸ ਬੰਦੀ ਖਾਨੇ ਦੀ ਇਕ ਨੁਕਰ ਵਿਚ ਸਿਰ ਸੁਟੇ ਬੈਠੀ ਰਹਿੰਦੀ। ਇਕ ਦਿਨ ਅਚਨ ਚੇਤ। ਮੇਰੇ ਬੰਦੀ ਖਾਨੇ ਦੇ ਪਾਸ ਕੁਝ ਅਵਾਜ ਹੋਈ ਜਿਸਨੂੰ ਸੁਣਦਿਆਂ ਹੀ ਮੈਂ ਸਮਝ ਗਈ ਕਿ ਇਧਰੇ ਕੋਈ ਜਰੂਰ ਚੋਰ ਬੂਹਾ ਹੈ ਜਿਸ ਨੂੰ ਐਸ ਵੇਲੇ ਕੋਈ ਖੋਲ ਰਿਹਾ ਹੈ ਪਰ ਇਹ ਪਤਾ ਨਹੀਂ ਬੂਹਾ ਖੋਲਨ ਵਾਲਾ ਸਜਨ ਹੈ ਯਾ ਵੈਰੀ ਰਬ ਦੀ ਆਸ ਹੌਲੀ ਹੌਲੀ ਹੇਠੋਂ ਗਲਾਂ ਦੀ ਅਵਾਜ ਭੀ ਆਉਂਦੀ ਸੀ ਜਿਸਨੂੰ ਮੈਂ ਕੰਨ ਲਗਾਕੇ ਸੁਨਣ ਲਗੀ। ਪਹਿਲੀ ਅਵਾਜ ਤੋਂ ਤਾਂ ਮਲੂਮ ਹੁੰਦਾ ਸੀ ਕਿ ਇਹ ਅਵਾਜ ਅਗੇ ਸੁਣੀ ਹੋਈ ਹੈ ਪਰ ਦੂਜੀ ਅਵਾਜ ਕਿਸੇ ਹੋਰ ਦੀ ਸੀ।

ਪਹਿਲੀ ਅਵਾਜ—ਹੁਣ ਇਸ ਤੀਵੀਂ ਨੂੰ ਕਿਸੇ ਦੂਜੇ ਥਾਂ ਲੈ ਜਾਕੇ ਕੈਦ ਕਰਨਾਂ ਚੰਗਾ ਹੈ ਜੇਕਰ ਐਸ ਵੇਲੇ ਅਸੀ ਲੋਕ ਰਲਕੇ ਮਾਧਵੀ ਅਰ ਚਪਲਾ ਨੂੰ ਪਕੜਨ ਦਾ ਜਤਨ ਭੀ ਕਰੀਏ ਤਾਂ ਵਿਅਰਥ ਹੈ ਕਿਉਂਕਿ ਜਦ ਐਨੇ ਡਾਕੂ ਉਨ੍ਹਾਂ ਦਾ ਕੁਝ ਨਹੀ ਵਿਗਾੜ ਸਕੇ ਤਾਂ ਅਸੀਂ ਲੋਕ ਕੀ ਕਰਾਂਗੇ ਦੂਜੇ ਡਾਕੂਆਂ ਦਾ ਪ੍ਰਬੰਧ ਕਰਕੇ ਚਪਲਾਂ ਅਰ ਮਾਧਵੀ ਆਪਾ ਹੀ ਚਾਹੁੰਦੀਆਂ ਹਨ ਹੁਣ ਇਸਨੂੰ ਇਥੇ ਰਖਣਾ ਠੀਕ ਨਹੀਂ।

ਦੂਜੀ ਅਵਾਜ਼--ਇਸੇ ਕਾਰਨ ਤਾਂ ਮੈਂ ਆਪਨੇ ਸਾਥੀਆਂ ਦਾ ਸਾਥ ਛਡਕੇ ਆਪ ਦੇ ਨਾਲ ਚਲਿਆ ਆਯਾ ਹਾਂ ਹੁਨ ਜੋ ਹੁਕਮ ਹੋਵੇ ਮੈਂ ਕਰਨ ਨੂੰ ਤਿਆਰ ਹਾਂ।

ਪਹਿਲੀ ਅਵਾਜ਼--ਬਸ ਇਹੋ ਕਿ ਸਰਜੂ ਨੂੰ ਨੂੰਜੇ ਕੈਦ ਖਾਨੇ ਵਿਚ ਲੈਜਾਨ ਲਈ ਸਾਨੂੰ ਮਦਦ ਦੇਵੇ।

ਮੈਂ ਇਹ ਗਲ ਚੰਗੀ ਤਰਾਂ ਸਮਝ ਗਈ ਅਰ ਮੈਨੂੰ ਇਹ ਚੰਗੀ ਤਰਾਂ ਯਕੀਨ ਹੋਗਿਆ ਕਿ ਮਾਧਵੀ ਅਰ ਚਪਲਾ ਇਥੇ ਕਿਧਰੇ ਨੇੜੇ ਹੀ ਹਨ ਜੇਕਰ ਮੈਂ ਇਸ ਵੇਲੇ ਅਪਨੇ ਆਪਨੂੰ ਛੁਡਾਉਨ ਦਾ ਕੁਝ ਉਪਾਓ ਸੋਚਾਂ ਤਾਂ ਰਬਜਾਨੇ ਪੂਰੀ ਪੈਜਾਵੇ ਇਹ ਸੋਚ ਕੇ ਆਪਨੇ ਛੁਟਕਾਰੇ ਲਈ ਕੁਝ ਸੋਚ ਸੋਚਨ ਲਗੀ ਕਿ ਐਨੇ ਨੂੰ ਉਸ ਕੋਠੜੀ ਵਿਚ ਖੜਕਾੜ ਹੋਯਾ ਮਲੂਮ ਹੋਯਾ ਕਿ ਦੋਏ ਬੂਹੇ ਦੇ ਤਾਕ ਖੁਲੇ ਹਨ ਕਿ ਦੋ ਆਦਮੀ ਮੂੰਹ ਅਰ ਸਾਰਾ ਸਰੀਰ ਕਜੇ ਹੋਏ ਅਤੇ ਲੱਕ ਨਾਲ ਤਲਵਾਰਾਂ ਬਧੀਆਂ ਹੋਏ ਅੰਦਰ ਆਏ ਅਰ ਇਨਾਂ ਵਿਚੋਂ ਇਕਨੇ ਆਉਂਦਿਆਂ ਹੀ ਝਿੜਕ ਕੇ ਕਿਹਾ "ਚਲ ਉਠ ਅਰ ਸਾਡੇ ਨਾਲ ਚਲ" ਮਹਾਰਾਜ ਮੈਂ ਉਸ ਵੇਲੇ ਬੜੀ ਹੈਰਾਨ ਹੋਈ ਅਰ ਛੁਟਕਾਰਾ ਕਰਾਉਂਦੀ ਕਰਾਉਂਦੀ ਫੇਰ ਫਸ ਗਈ ਮੈਂ ਉਠੀ ਅਰ ਸੋਚਦੇ ਸੋਚਦੇ ਮੇਰੀ ਨਿਗਾਹ ਉਨਾਂ ਦੇ ਲਕ ਨਾਲ ਬਧੀਆਂ ਹੋਈਆਂ ਤਲਵਾਰਾਂ ਪੁਰ ਪਈ। ਜੋ ਬੜੀਆਂ ਹੀ ਏ

ਪ੍ਰਵਾਹੀ ਨਾਲ ਲਟਕ ਰਹੀਆਂ ਸਨ। ਉਨ੍ਹਾਂ ਨੂੰ ਦੇਖ ਦਿਆਂ ਹੀ ਮੇਰੇ ਵਿਚ ਪਤਾ ਨਹੀਂ ਕਿਥੋਂ ਹਿਮਤ ਅਰ ਹੌਸਲਾ ਆ ਗਿਆ ਮੈਂ ਸ਼ੇਰਨੀ ਵਾਂਙ ਝਪਟਾਂ ਮਾਰਕੇ ਇਕ ਆਦਮੀ ਦੀ ਤਲਵਾਰ ਨੂੰ ਖਿਚ ਕੇ ਮਿਆਨੋਂ ਬਾਹਰ ਕਢ ਲਿਆ ਇਹ ਮੇਰੀ ਫੁਰਤੀ ਵੇਖਕੇ ਉਨ੍ਹਾਂ ਨੂੰ ਅਫਲਾ ਤਫਲੀ ਪੈ ਗਈ ਅਰ ਉਹ ਦੋਵੇਂ ਘਾਬਰੇ ਦੂਜਾ ਮੇਰੇ ਵਲ ਆਉਂਦਿਆਂ ਹੀ ਝਪਟਾ ਮਾਰਨ ਲਗਾ ਕਿ ਮੈਂ ਤਾੜ ਕੇ ਵਾਰ ਕਰ ਦਿਤਾ ਉਹ ਡਰਕੇ ਪਿਛਾਂਹ ਹੋਯਾ ਪਰ ਜ਼ਖਮੀ ਜਰੂਰ ਹੋਯਾ ਹਵੇਗਾ। ਪਹਿਲੇ ਆਦਮੀ ਨੂ ਹਲਾ ਕਰਦਿਆਂ ਵੇਖ ਮੈਂ ਉਸ ਖੁਲੇ ਦਰਵਾਜ਼ੇ ਵਿਚ ਬਿਨਾਂ ਸੋਚੇ ਸਮਝੇ ਛਾਲ ਕਢ ਮਾਰੀ (ਪਤਾ ਨਹੀਂ ਉਹ ਕਿਤਨਾ ਹੀ ਡੂੰਘਾ ਸੀ) ਛਾਲ ਮਾਰਦਿਆਂ ਹੀ ਉਪਰ ਵਾਲੇ ਆਦਮੀ ਨੇ ਦੋ ਚਾਰ ਹਥ ਆਰੇਪਰ ਸਭੁ ਵਿਅਰਥ। ਮੈਂ ਭੋਰੇ ਦੇ ਫਰਸ਼ਪੁਰ ਜੋ ਤਿੰਨ ਸਾਢੇ ਤਿੰਨ ਗਜ ਹੇਠਾਂ ਨੂੰ ਹੋਵੇਗਾ ਜਾ ਢਨੀ ਮੈਂਨੂੰ ਡਿਗਦਿਆਂ ਹੀ ਸਾਮਨੇ ਪਾਸੇ ਕਾਫ ਉਜਾਲਾ ਦਿਸਯਾ ਬਸ ਮੈਂ ਛੇਤੀ ਨਾਲ ਉਸੇ ਚੋਰ ਤਾਕੀ ਵਿਚੋਂ ਨਿਕਲਕੇ ਬਾਹਰ ਆਈ ਅਰ ਮਲੂਮ ਹੋਯਾ ਕਿ ਇਧਰ ਉਸ ਮਕਾਨ ਦਾ ਪਿਛਵਾੜਾ ਹੈ।

ਮਹਾਰਾਜ ਇਸ ਮਕਾਨ ਦੇ ਨੇੜੇ ਹੀ ਬੰਧਨਾਂ ਬਨ ਸੀ ਮੈਂ ਇਹ ਸੋਚਕੇ ਕਿ ਉਹ ਦੋਵੇਂ ਭੀ ਮੇਰੇ

ਪਿਛੇ ਆਉਂਦੇ ਹੋਨਗੇ ਮੈਂ ਝਟ ਉਸ ਸੰਘਨੇ ਬਨ ਵਿਚ ਜਾਕੇ ਲੁਕ ਰਈ। ਮੈਨੂੰ ਇਹ ਸੋਚ ਆਈ ਕਿ ਚਪਲਾ ਅਰ ਮਾਧਵੀ ਭੀ ਇਸੇ ਮਕਾਨ ਵਿਚ ਹੀ ਕਿਧਰੇ ਹਨ ਪਰ ਮੈਨੂ ਤਾਂ ਅਪਨੀ ਜਾਨ ਦੀ ਪਈ ਹੋਈ ਸੀ ਉਨਾ ਨੁ ਰਬ ਦੀ ਆਸ ਤੇ ਛਡ ਜੰਗਲ ਵਿਚੋਂ ਮੁੜਦੀ ਘਿੜਦੀ ਅਪਨੇ ਘਰ ਆਈ।

ਮਹਾਰਾਜ ਮੈਂ ਅਪਨੇ ਸ਼ਹਿਰ ਵਾਲੇ ਮਕਾਨ ਵਿਚ ਆਈ ਅਰ ਕੁਝ ਅਰਾਮ ਕੀਤਾ ਪਰ ਮੈਂ ਸ਼ਰਮਿੰਦੀ ਆਪਦੇ ਪਾਸ ਹਾਜਰ ਨਾ ਹੋ ਸਕੀ। ਪਰ ਅਜ ਇਸ ਨੌਕਰ ਨੇ ਜੋ ਇਸ ਇਜਾਦ ਸੌਦਾਗਰ ਨੂ ਲਭੀ ਬੈਠਾ ਹੈ ਮੈਨੂੰ ਇਸਦੀ ਚਾਲ ਬਾਜੀ ਦੀ ਖਬਰ ਦਸੀ ਅਰ ਇਹ ਭੀ ਆਖਦਾ ਕਿ ਅਜੇ ਉਹ ਸ਼ਹਿਰੋਂ ਬਾਹਰ ਨਿਕਲਦਾ ਹੀ ਹੈ। ਇਸ ਗਲ ਦੇ ਹੀ ਬਹਾਨੇ ਆਪ ਵਲੋਂ ਅਪਨੀ ਸੁਰਖਰੋਈ ਸਮਝਕੇ। ਜੋ ਭਾਗ ਕਹਿਕੇ ਉਠੀ ਅਰ ! ਖਸ਼ਾਂ ਦੋਹਾਂ ਨੇ ਅਯਾਰੀ ਖੇਡੀ ਅਰ ਇਸਨੂ ਪਕੜਕੇ ਆਪਦੇ ਚਰਨਾਂ ਵਿਚ ਹਾਜਰ ਹੋਈ।

ਇਸਦੇ ਉਪ੍ਰੰਤ ਜਿਸ ਤਰਾਂ ਅਯਾਰੀ ਖੇਡੀ ਸੀ ਸਭ ਗਲ ਆਖ ਸੁਨਾਯਾ।

ਮਹਾਰਾਜ—(ਜ਼ੋਰ ਨਾਲ) ਓਹੋ ! ਤੂੰ ਭੀ ਉਸੇ ਮਕਾਨ ਵਿਚ ਹੀ ਸੀ। (ਅਸਲ ਵਿਚ ਚਪਲਾ ਅਰ ਮਾਧਵੀ

ਨੇ ਉਸ ਰਕ ਦਾ ਹਾਲ ਮਹਾਰਾਜ ਨੂੰ ਨਹੀਂ ਕਿਹਾਸੀ ਜਿਸ ਵਿਚ ਮੇਰੀ ਪਿਆਰੀ ਪੁਤ੍ਰੀ ਕੁਸਮਲਤਾ ਕਿਧਰੇ ਛਿਪਨ ਹੋ ਗਈ ਹੈ ਹਾਇ। ਮੈਂ ਬਤੇਰਾ ਢੂੰਡ ਕਰਵਾਈ ਹੈ ਪਰ ਕੁਝ ਪਤਾ ਨ ਹੀਂ ਲਗਾ।

ਸਰਜੂ-ਮਹਾਰਾਜ। ਮੇਰੀ ਸਮਝ ਵਿਚ ਜਿਸ ਭੋਰੇ ਵਿਚ ਮੈਂ ਬੰਦ ਸਾਂ ਉਸੇ ਕੋਠੜੀ ਵਿਚ ਦੂਜੇ ਪਾਸਿਓਂ ਪੌੜੀਆਂ ਭੀ ਸਨ ਬਸ ਉਨਾਂ ਪੌੜੀਆਂ ਤੋਂ ਹੀ ਚੜ੍ਹਦੇ ਵੈਰੀ ਕੁਸਮਲਤਾ ਨੂੰ ਕਢੇ ਹੋਣਗੇ।

ਮਹਾਰਾਜ-ਹਾਂ ਇਸ ਤਰਾਂ ਹੀ ਹੋਯਾ ਹੋਵੇਗਾ। ਪਰ ਸਰਜੂ ਕੀ ਤੂ ਉਨਾਂ ਡਾਕੂਆਂ ਵਿਚੋਂ ਕਿਸੇ ਇਕ ਨੂ ਭੀ ਨਹੀਂ ਪਛਾਨ ਸਕੀ।

ਸਰਜੂ-ਹਾਂ ਮਹਾਰਾਜ। ਮੈਂ ਉਸ ਭੋਰੇ ਵਿਚੋਂ ਨਿਕਲ ਦਿਆਂ ਹੋਯਾਂ ਜੋ ਅਵਾਜ਼ ਪਛਾਨੀ ਹੈ ਉਹ ਠੀਕ ਉਸੇ ਆਦਮੀ ਦੀ ਹੈ ਪਰ ਮੈਂ ਜ਼ੋਰ ਨਾਲ ਆਖਦੀ ਹਾਂ ਕਿ ਮੈਂ ਅਜੇ ਉਸਦਾ ਨਾਮ ਨਹੀਂ ਦਸਨਾ ਚਾਹੁੰਦੀ।

ਇਹ ਇਧਰ ਬਾਤ ਚੀਤ ਵਿਚ ਲਗੇ ਸਨ ਅਰ ਉਧਰ ਬਝੇ ਹੋਏ ਸੌਦਾਗਰ ਹੁਰਾਂ ਨੂੰ ਉਬਾਸੀ ਆਈ ਅਰ ਨਾਲ ਹੀ ਇਕ ਨਿਛ ਆਈ ਜਿਸ ਨਾਲ ਹੌਲੀ ਹੌਲੀ ਹੋਸ਼ ਆਉਨ ਲਗੀ ਅਰ ਇਕ ਦੋ ਉਬਾਸੀਆਂ ਹੋਰ ਆਉਨ ਦੇ ਉਪ੍ਰੰਤ ਉਸਨੇ ਜੋ

ਅਖਾਂ ਖੋਲਕੇ ਦੇਖਦਾ ਤਾਂ ਅਪਨੇ ਆਪਨੂੰ ਇਕ ਅਜੀਬ ਥਾਂ ਪੁਰ ਬਧਾ ਹੋਯਾ ਵੇਖਯਾ। ਮਹਾਰਾਜ ਨੇ ਕਿਹਾ ਇਸਨੂੰ ਖੋਲ ਦਿਓ ਚੋਬਦਾਰਾਂ ਝਟ ਰਾਹੀ ਖੋਲੀ ਅਰ ਓਹ ਉਠਿਆ ਉਸਦੇ ਉਠਦਿਆਂ ਹ ਸਰਨਾਂ ਦੀ ਨਜਰ ਉਸ ਵਲ ਪਈ ਅਰ ਮਹਾਰਾਜ ਕ੍ਰੋਧ ਨਾਲ ਬੋਲੇ।

ਮਹਾਰਾਜ—ਚੰਡਾਲ! ਹੁਨ ਤੂੰ ਕੈਦੀ ਹੈਂ ਅਰ ਅਪਨੀਆਂ ਕਰਤੂਤਾਂ ਦਾ ਫਲ ਭੋਗਨ ਲਈ ਇਥੇ ਲਿਆਂਦਾ ਗਿਆ ਹੈਂ।

ਸੌਦਾਗਰ—ਮੈਨੂੰ ਕੌਨ ਲਿਆਉਨ ਵਾਲਾ ਹੈ। ਮੈਂ ਤਾਂ ਆਪ ਚਲਾ ਆਯਾ ਹਾਂ (ਸਰਜੂ ਵਲ ਵੇਖਕੇ) ਹਾਂ! ਇਹ ਤਾਂ ਸਰਜੂ ਦੀ ਕ੍ਰਿਪਾ ਹੋਈ ਹੈ। ਸੁਖ! ਕੀ ਹੋਯਾ ਮੈਨੂੰ ਭੁਖ ਲਗੀ ਹੋਈ ਸੀ ਦੋ ਦੇਹ ਨੂੰ ਸਰਜੂ ਸਮੇਤ ਖਾਕੇ ਚਲਾ ਜਾਵਾਂਗੇ।

ਸਰਜੂ—ਹੁਨ ਤੂੰ ਖਾ ਚੁਕੇਂ! ਮੋਇਆ ਮੁਰਦਾ! ਖਾ ਚਾਕੇ ਅਪਨੇ ਪਿਛਲਯਾਂ ਖਸਮਾਂ ਖਾਨਿਆਂ ਨੂੰ। ਹੁਨ ਤੈਨੂੰ ਮਲੂਮੀ ਪਵੇਗੀ ਜਦੋਂ ਤੇਰਾ ਸਿਰ ਅਰ ਜਲਾਦਾਂ ਦੀ ਤਲਵਾਰ ਹੋਵੇਗੀ।

ਸੌਦਾਗਰ—ਹੋਈ ਡਰ ਨਹੀ! ਪਰ ਇਹ ਮੈਂ ਪਥਰ ਦੀ ਲਕੀਰ ਕਹਿ ਦੇਂਦਾ ਹਾਂ ਕਿ ਕੋਈ ਜਤਨ ਨਾਂ ਕਰਨਾਂ। ਅਸੀਂ ਮਰਨ ਨੂੰ ਨਹੀਂ ਕਿੰਤੂ ਮਾਰਨ ਲਈ

ਆਏ ਹਾਂ। ਅਜ ਤੈਨੂੰ ਫੜਕੇ ਅਰ ਕਲ ਤੇਰੇ ਮਹਾਰਾਜ ਦੀ ਗਰਦਨ ਪੁਰ ਛੁਰੀ ਫੇਰ ਦੇਖੀਂ ਕਿਸ ਤਰਾਂ ਮਖਣ ਵਿਚੋਂ ਵਾਲ ਨਿਕਲ ਜਾਂਦਾ ਹੈ।

ਸੌਦਾਗਰ ਦੀ ਇਹ ਗਲ ਸੁਣਕੇ ਸਰਜੂ ਨੂੰ ਬਹੁਤ ਕ੍ਰੋਧ ਆਯਾ ਅਰ ਉਛਲਕੇ ਅਗਾਂਹ ਵਧੀ ਅਰ ਚਾਹਯਾ ਕਿ ਇਕ ਤਮਾਚਾ ਉਸਨੂੰ ਲਗਾ ਦੇਵੇ ਪਰ ਸੌਦਾਗਰ ਪਿਛੀਂ ਹਟ ਗਿਆ। ਭਲਾ! ਸਰਜੂ ਦਾ ਗੁਸਾ ਇਸ ਤਰਾਂ ਕਦ ਮਠਾ ਹੁੰਦਾ ਸੀ ਉਸਨੇ ਇਕ ਲਤ ਮਾਰੀ ਲਤ ਲਗਦਿਆਂ ਹੀ ਸੌਦਾਗਰ ਜਾਨ ਬੁਝਕੇ ਦਸਾਂ ਵੀਹਾਂ ਕਦਮਾਂ ਤੇ ਉਛਲਕੇ ਜਾ ਪਿਆ ਅਰ ਤੁਰਤ ਮੁੜਕੇ ਸਾਮਣੀ ਕੰਧ ਤੋਂ ਛਾਲ ਮਾਰਕੇ ਟਪਨ ਲਗਾ ਹੀ ਸੀ ਕਿ ਸਰਜੂ ਨੇ ਕਮੰਦ ਮਾਰੀ ਅਰ ਫੇਰ ਇਹ ਉਸ ਵਿਚ ਫਾਥਾ ਹੋਯਾ ਲੜਕਦਾ ਹੋਯਾ ਹੇਠਾਂ ਆਯਾ।

ਇਸ ਦੀ ਇਸ ਸਫਾਈ ਅਰ ਚਤੁਰਤਾ ਨੂੰ ਦੇਖ ਸਭ ਦਰਬਾਰੀ ਹੈਰਾਨ ਸਨ ਕਿ ਇਹ ਕਿਸ ਬਲਾ ਦਾ ਜਵਾਨ ਹੈ। ਮਹਾਰਾਜ ਨੇ ਸਰਜੂ ਅਰ ਸੌਦਾਗਰ ਕੈਦੀ ਨੂੰ ਅਪਨੇ ਸਾਮਣੇ ਬੁਲਾਯਾ ਅਰ ਪੁਛਿਆ ਕਿ ਜਵਾਹਰਾਤ ਕਿਥੇ ਹੈ।

ਸੌਦਾਗਰ—"ਭੁਖ ਲਗਾ ਸੀ ਖਾ ਲਈ ਹੈ।"

ਮਹਾਰਾਜਾ—ਇਹ ਇਸ ਤਰਾਂ ਨਾ ਮੰਨੇਗਾ। ਤੂੰ ਅਜ ਇਸਨੂੰ ਲੈਜਾਕੇ ਰਾਮਬਾਗ ਦੀ ਬਾਰਾਂ ਦਰੀ ਵਿਚ ਕੈਦ ਕਰ

ਅਤ ਜਿਤਨੇ ਸਿਪਾਹੀਆਂ ਦੀ ਲੋੜ ਹੋਵੇ ਨਾਲ ਲੈਜਾਓ ਅਰ ਸਰਜੂ ਤੂੰ ਆਪ ਖਾਹਰੇ ਪੂਰ ਜਾਗਦੇ ਰਹਿਣਾ ਦੇਖੀਂ ਕਿਧਰੇ ਘੁਸਾਈ ਨਾ ਮਾਰ ਜਾਵੇ ਕਲ ਸਵੇਰੇ ਮੈਂ ਆਪ ਇਸਦਾ ਸਿਰ ਉਤਾਰਾਂਗਾ।

ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਮਹਾਰਾਜ ਪ੍ਰਿਥਵੀ ਸਿੰਘ ਦਾ ਅਯਾਰ ਹੈ ਅਰ ਹੁਨ ਉਨਾਂ ਨੇ ਇਸ ਤਰਾਂ ਖੁਲਮ ਖੁਲੀ ਛੇੜ ਛਾੜ ਕਰਨ ਤੇ ਲਕ ਬਧਾ ਹੈ ਤਾਂ ਮੈਂ ਭੀ ਭਰੀ ਕਚਹਿਰੀ ਵਿਚ ਖੁਲਕੇ ਆਖ ਦੇਂਦਾ ਹਾਂ ਕਿ "ਅਜ ਤੋਂ ਮੈਂ ਭੀ ਉਸਦਾ ਪੂਰਾ ਦੁਸ਼ਮਨ ਹਾਂ" ਅਰ ਹੁਨ ਮੈਂ ਭੀ ਤੰਗ ਕਰਨ ਲਈ ਕੋਈ ਕਸਰ ਨਾਂ ਛਡਾਂਗਾ।

ਸਰਜੂ—ਹਾਂ ਮਹਾਰਾਜ! ਇਸ ਵਿਚ ਕਾਹਦਾ ਲਿਹਾਜ ਹੈ! ਮਹਾਰਾਜ ਇਹ ਪ੍ਰਿਥਵੀ ਸਿੰਘ ਦਾ ਅਯਾਰ ਮਲੂਮ ਹੋਂਦਾ ਭੂਸ਼ਨ ਹੁੰਦਾ ਹੈ ਜੇਕਰ ਹੁਕਮ ਹੋਵੇ ਤਾਂ ਇਸਦਾ ਮੂੰਹ ਧਕੇ ਅਪਣੀ ਤਸਲੀ ਕਰ ਲਵਾਂ।

ਸੌਦਾਗਰ ਦੀ ਪਛਾਨ ਤਾਂ ਰਾਹ ਵਿਚ ਹੀ ਲੋਕਾਂ ਨੇ ਕਰ ਲਈ ਸੀ ਇਸ ਲਈ ਮਹਾਰਾਜ ਨੇ ਉਸਦਾ ਮੂੰਹ ਧੋਣ ਦਾ ਹੁਕਮ ਦਿਤਾ। ਜਦ ਮੂੰਹ ਧੋਕੇ ਦੇਖਯਾ ਤਾਂ ਸਿਵ ਚੰਦ੍ਰ ਭੂਸ਼ਨ ਹੁਕਰ ਬਿਕ੍ਰਮ ਜੀਤ ਸਿੰਘ ਦਾ ਅਯਾਰ ਨਕਲਯਾ। ਜਿਸਦਾ ਇਕ ਵਾਰੀ ਕੁਸਮਲਤਾ ਅਰ ਝਬਰ ਖਾਂ ਨਾਲ ਵਾਸਤਾ ਪੈ ਚੁਕਾ ਹੈ ਜਿਸਨੇ ਪਹਿਲੇ

ਭਾਗ ਦੇ ਪੰਦ੍ਵੇਂ ਭਾਗ ਵਿਚ ਚਮਕਦੀ ਹੋਈ ਛੁਰੀ ਲੋਥ ਵਿਚੋਂ ਕਢਕੇ ਅਪਨੇ ਢਾਹ ਪਿਆ ਸੀ।

ਸਰਜੂ—ਮਹਾਰਾਜ ਮੇਰੀ ਕਹੀ ਠੀਕ ਨਿਕਲੀ ਇਹ ਚੰਦ੍ਰਭੂਸ਼ਨ ਹੀ ਅਯਾਣ ਹੈ ਕਲ ਦੇ ਹਥਾਂ ਵਿਚ ਜੈਸੇ ਹੋਏ ਮੈਂਡੇ ਐਨ ਵਧ ਗਏ। ਇਹ ਵਿਚਾਰੇ ਚੀਜ ਹੀ ਕੀ ਹਨ? ਆਪ ਤਾਂ ਤਦ ਹੈਵੇਗਾ ਕਿ ਜਦੋਂ ਭੀਮ ਨੂੰ ਭੀ ਇਸੇ ਤਰਾਂ ਹੀ ਪਕੜਕੇ ਹਾਜ਼ਰ ਕਰਾਂਗੀ। ਹਛਾ! ਮਹਾਰਾਜ ਆਗਯਾ! ਸਰਜੂ ਇਸ ਨੂੰ ਨਾਲ ਲੈਕੇ ਮੁੜੀ ਅਰ ਚਪਲਾ ਅਤੇ ਮਾਧਵੀ ਨੂੰ ਭੀ ਪਹਿਰੇ ਤੇ ਆਉਣ ਲਈ ਬੁਲਾ ਭੇਜਯਾ।

ਤੀਜਾ ਅੰਕ

"ਤ੍ਰਾਂ ਕੀ ਮਾਰ ਸਟੇਂਗਾ ?"

ਹੁਨ ਬਬਰ ਖਾਂ ਅਪਨੀ ਡੂੰਘੀ ਸੋਚ ਵਿਚ ਡੁਬਾ ਹੋਯਾ ਬਿਪਤਾ ਵਿਚ ਫਸਿਆ ਮਨਹੀ ਵਿਚ ਗਲਤੀਆਂ ਕਰਦਾ ਭੁਲ ਰਿਹਾ ਸੀ ਕਿ ਐਨੇ ਵਿਚ ਉਹੀ ਅਵਾਜ (ਜੋ ਪਾਠਕਾਂ ਨੂੰ ਅਗੇ ਮਲੂਮ ਹੈ), ਜੰਗਲ ਵਿਚੋਂ ਫੇਰ ਆਈ "ਕਿ ਬਬਰ ਖਾਂ ਠਹਿਰ ਜਾ! ਅਰ ਅਪਨੇ ਆਪਨੂੰ ਹੁਨ ਕੈਦੀ ਸਮਝੋ। ਅਰ ਪਾਠਕਾਂ ਨੂੰ

ਇਹ ਭੀ ਮਲੂਮ ਹੈ ਕਿ ਇਸ ਛੋਟੇ ਭੀੜੀ ਵਿਚ ਕੇਵਲ ਬਾਰਾਂ ਹੀ ਅਸਵਾਰ ਇਸਦੇ ਨਾਲ ਸਨ। ਜੋ ਇਸਦੇ ਘੋੜੇ ਤੋਂ ਕੁਝਕੁ ਪਿਛੇ ਪਿਛੇ ਅਪਨੇ ਮਾਲਕ ਦੀ ਚਾਲ ਪੁਰ ਅਪਨੇ ਘੋੜੇ ਦੁੜਾ ਰਹੇ ਸਨ। ਇਹ ਅਵਾਜ਼ ਉਨਾਂ ਲੋਕਾਂ ਨੇ ਭੀ ਸੁਨੀ ਜਿਸਦੇ ਨਾਲਹੀ ਉਸ ਅੰਧੇਰੇ ਮੈਂ ਗਲ ਵਿਚ ਹਥਿਆਰਾਂ ਦੀ ਖੜ ਖੜ ਸੁਨੀ ਜਿਸਤੋਂ ਮਲੂਮ ਹੋਯਾ ਕਿ ਬਬਰ ਦੇ ਸਾਥੀ ਮਰਨ ਮਾਰਨ ਨੂੰ ਤਿਆਰ ਹਨ ਪਰ ਹੁਨ ਇਕ ਹੋਰ ਅਵਾਜ਼ ਆਈ

"ਬਿਅਕਲੋ! ਕੇਵਲ ਬਾਰਾਂ ਆਦਮੀਆਂ ਪੁਰ ਐਨਾਂ ਘੁਮੰਡ ਇਹ ਤੁਛ ਟੋਲਾ ਮੇਰੇ ਬਹਾਦਰਾਂ ਦੇ ਲੜਨ ਲੈਕ ਨਹੀਂ। ਮੈਂ ਨਹੀਂ ਚਾਹੁੰਦਾ ਕਿ ਤੁਹਾਡੇ ਥੋੜੇ ਜਿਹੇ ਭਗੋੜਿਆਂ ਲਈ ਅਪਨੀ ਫੌਜ ਨੂੰ ਥੋੜੀ ਹੀ ਤੂਰ ਪਰ ਹੋ ਸਕਾਂ ਯਾਂ ਮੈਂ ਹੀ ਤਲਵਾਰ ਧੂਹਾਂ। ਹਾਂ ਬਹਾਦਰੋ ਛੇਤੀ ਮਸਾਲਾਂ ਜਗਾਓ ਇਹ ਭੁਲ ਨਾ ਜਾਵਨ। ਕੀ ਫਿਰ ਭਗਨਾ ਸੀ। ਮੂੰਹੋਂ ਹੁਕਮ ਨਿਕਲ ਦਿਆਂ ਹੀ ਚਾਰੇ ਪਾਸੇ ਮਸਾਲਾਂ ਜਗ ਗਈਆਂ ਮਾਨੋ ਦਿਨ ਚੜ ਗਿਆ ਹੁਨ ਬਬਰ ਨੇ ਚੰਗੀ ਤਰਾਂ ਦੇਖਯਾ ਕਿ ਅਸੀ ਵੀਰ ਜੁਆਨਾਂ ਦੇ ਘੇਰੇ ਵਿਚ ਘਿਰੇ ਹੋਏ ਹਾਂ। ਭਾਵੇ ਇਨਾਂ ਆਸਵਰਾਂ ਨੇ ਫੌਜੀ ਵਰਦੀ ਨਹੀਂ ਪਹਿਰੀ ਹੋਈ ਸੀ। ਪਰ ਫਰ ਮਲੂਮ ਹੁੰਦਾ ਸੀ। ਇਹ ਤਗੜੇ ਲੜਾਕੇ ਹਨ ਮਸਾਲਾਂ ਦੇ ਜਗਾਂਦਿਆਂ ਹੀ ਉਨਾਂ ਦਾ ਅਫਸਰ ਬਬਰ

ਖਾਂ ਦੇ ਪਾਸ ਆਯਾ ਜੋ ਵਖਰਾ ਇਕ ਪਾਸੇ ਖੜੋਤਾ ਸੀ।

ਅਫਸਰ- ਤੁਸੀ ਸਿਆਨੇ ਅਰ ਬੁਧਿਮਾਨ ਪੁਰਸ਼ ਜਾਪਦੇ ਹੋ ਅਪਨੇ ਆਦਮੀਆਂ ਨੂੰ ਹੁਕਮ ਦੇਵੋ ਕਿ ਛੇਤੀ ਹਥਿਆਰ ਰਖ ਦੇਨ।

ਬਬਰ— ਨਹੀਂ ਜਦ ਤਕ ਅਸਾਂ ਨੂੰ ਇਹ ਨਾ ਮਲੂਮ ਹੋ ਜਾਵੇ ਕਿ ਹਥਿਆਰ ਰਖ ਲੈਨ ਦੇ ਪਿਛੋਂ ਸਾਡੇ ਨਾਲ ਕੀ ਵਰਤਾਓ ਕੀਤਾ ਜਾਵੇਗਾ। ਤਦ ਤਕ ਅਸੀ ਹਥਿਆਰ ਨਹੀਂ ਰਖਾਂਗੇ ਕਿਉਂਕਿ ਸਿਪਾਹੀ ਲਕ ਹੇਰਨਾ ਮੌਤ ਨਾਲੋਂ ਤਲਵਾਰ ਦੀ ਮੌਤ ਚੰਗੀ ਜਾਨਦੇ ਹਨ।

ਅਫਸਰ--ਤਾਂ ਕੀ ਜਦ ਕਿ ਤੁਸਾਂਨੂੰ ਇਹ ਭਰੋਸਾ ਕਰਾਯਾ ਜਾਵੇਗਾ ਕਿ ਸਫਾਈ ਅਰ ਸੁਲਾਹ ਦੀਆਂ ਗਲਾਂ ਹੋ ਜਾਂਨ ਦੇ ਪਿਛੋਂ ਤੁਸਾਨੂੰ ਛਡ ਦਿਤਾ ਜਾਵੇਗਾ ਤਾਂ ਫੇਰ ਤੁਸਾਂ ਨੂੰ ਹਥਿਆਰ ਰਖ ਦੇਨ ਵਿਚ ਕੀ ਉਜਰ ਹੈ ਅਰ ਤੁਸਾਡਾ ਕੀ ਹਰਜਾ ਹੈ।

ਬਬਰ—ਕਿਉਂ ਨਹੀਂ! ਸਾਡਾ ਫੇਰ ਕੀ ਹਰਜਾ ਹੋਨਾ ਹੈ।

ਅਫਸਰ —ਤਾਂ ਲੌ! ਮੈਂ ਅਪਨੇ ਧਰਮ ਅਨੁਸਾਰ ਅਰ ਬਹਾਦਰੀ ਦੇ ਨਿਯਮ ਪੁਰ ਇਸ ਸ਼ਕਤੀ (ਤਲਵਾਰ) ਦੁਰਗਾ ਭਵਾਨੀ ਪੁਰ ਹਥ ਲਗਾਕੇ ਸੁਗੰਦ ਖਾਂਦਾ ਹਾਂ ਕਿ ਤੁਸਾਂ ਸੁਲਾਹ ਸਫਾਈ ਦੀਆਂ ਗਲਾਂ ਨਾਲ

ਕਰਨ ਦੇ ਪਿਛੋਂ ਤੁਰਤ ਕਰ ਦਿਤੇ ਜਾਓਗੇ।

ਬਬਰ- ਪਰ ਅਸਾਂ ਨੂ ਇਹ ਭੀ ਪਤਾ ਲਗੇ ਕਿ ਆਪ ਹੋ ਕੌਨ? ਅਰ ਸਫਾਈ ਦੀਆਂ ਗਲਾਂ ਨਾਲ ਤੁਸਾਡਾ ਕੀ ਪਰੋਜਨ? ਅਰ ਉਨਾਂ ਗਲਾਂ ਵਿਚ ਅਪਨਾ ਪਖ ਰਖੋਗੇ ਯਾ ਦੂਜੇ ਦੀਆਂ ਗਲਾਂ ਪੁਰ ਭੀ ਵਿਚਾਰ ਕੀਤਾ ਜਾਵੇਗਾ।

ਅਫਸਰ- ਅਸੀਂ ਭਾਂਵੇਂ ਨੌਕਰ ਹੋਈ ਹਾਂ ਪਰ ਹਾਂ ਬਲਾ ਭਦ੍ਰ ਸਿੰਘ ਦੇ ਸਜਨਾਂ ਵਿਚੋਂ ਸਫਾਈ ਦੀਆਂ ਗਲਾਂ ਲਈ ਸਾਡਾ ਇਹੋ ਪਰੋਜਨ ਹੈ ਕਿ ਤੁਸੀ ਛੁਟਜਾਓ ਅਤੇ ਲੜਾਈ ਬੰਦ ਹੋ ਜਾਵੇ ਅਤੇ ਦੇਸ ਵਿਚ ਅਮਨ ਚੈਨ ਹੋ ਜਾਏ ਸੁਲ੍ਹਾ ਦੋਹਾਂ ਦੀ ਰਜ਼ਾਵੰਦੀ ਬਿਨਾਂ ਕਿਸਤਰਾਂ ਹੋ ਸਕਦੀ ਹੈ ਇਸ ਲਈ ਤੁਸਾਡੀਆਂ ਗਲਾਂ ਪੁਰ ਭੀ ਵਿਚਾਰ ਕੀਤਾ ਜਾਵੇਗਾ

ਤੁਸ ਜਦ ਸਭਨਾਂ ਗਲਾਂ ਨਾਲ ਬਬਰ ਨੂੰ ਧੀਰਜ ਦਿਤੀ ਗਈ ਅਰ ਬਬਰ ਦੇ ਮਨ ਵਿਚ ਇਹ ਸਾਰੀਆਂ ਗਲਾਂ ਖੁਭ ਗਈਆਂ ਤਾਂ ਉਸਨੇ ਅਕਾਸ਼ ਵਲ ਦੇਖਦਾ ਅਰ ਅਪਨੀ ਤਲਵਾਰ ਲਕ ਨਾਲੋ ਖੋਲਕੇ ਉਸ ਅਫਸਰ ਦੇ ਹਵਾਲੇ ਕਰ ਦਿਤੀ ਇਸਦੇ ਉਪ੍ਰੰਤ ਸਾਰੇ ਅਸਵਾਰਾਂ ਨੇ ਆਪਨੇ ਹਥਿਆਰ ਅਪਨੇ ਦੁਸ਼ਮਨ ਦੇ ਹਥ ਵਿਚ ਦੇ ਦਿਤੇ ਅਰ ਸਾਰੇ ਸਿਰ ਨੀਵਾਂ ਕੀਤੇ ਖੜੋਤੇ ਹਨ।

ਸ਼ਸਤ੍ਰ ਧਾਰੀ ਅਸਵਾਰਾਂ ਨੇ ਇਨਾਂ ਬਾਰਾਂ ਅਸਵਾਰਾਂ ਨੂੰ ਖੁਲੀ ਛੁਟੀ ਦੇ ਦਿਤੀ ਪਰ ਬਬਰ ਨੂੰ ਚਹੁੰ ਪਾਸਿਓਂ ਘੇਰੇ ਹੋਏ ਇਕ ਪਾਸੇ ਨੂੰ ਲੈ ਚਲੇ। ਦੂਜੇ ਦੇ ਵਸ ਪਿਆਂ ਚਲਨਾ ਅਤਿ ਕਠਨ ਅਰ ਬਿਪਤਾ ਹੈ ਪਰ ਇਸ ਫੌਜ ਦੇ ਮਾਲਕ ਬਬਰ ਨੂੰ ਇਕ ਪੁਰਸ਼ ਕਾਠ ਦੀ ਪੁਤਲੀ ਦੀ ਤਰਾਂ ਜਿਸ ਪਾਸੇ ਚਲਨ ਨੂੰ ਆਖਦਾ ਹੈ ਉਹ ਬਿਨਾਂ ਸੋਚੇ ਸਮਝੇ ਉਸੇ ਹੀ ਪਾਸੇ ਤੁਰ ਪੈਂਦਾ ਹੈ ਥੋੜੀ ਹੀ ਦੂਰ ਚਲਨ ਦੇ ਉਪ੍ਰੰਤ ਅਗੇ ਵਾਲਾ ਅਫਸਰ ਠਹਰ ਗਿਆ ਕਿਉਂ ਜੋ ਇਥੇ ਬੜਾ ਹੀ ਸੰਘਨਾ ਜੰਗਲ ਸੀ। ਦਰਖਤੀ ਦੇ ਬਹੁਤਿਆਂ ਹੋਨ ਕਰਕੇ ਗਜ ਦੀ ਵਿਥ ਤੋਂ ਭੀ ਆਦਮੀ ਨਹੀਂ ਦਿਸਦਾ ਸੀ। ਇਥੇ ਠਹਿਰਦਿਆਂ ਹੀ ਅਫਸਰ ਨੇ ਬਬਰ ਖਾਂ ਨੂ ਕਿਹਾ ਕਿ ਆਪ ਰਤਾ ਵਖਰੇ ਹੋ ਕੇ ਮੇਰੀ ਇਕ ਗਲ ਸੁਨੋ।

ਬਬਰ—ਆਪ ਉਹ ਗਲ ਓਥੇ ਹੀ ਖਲਤਿਆਂ ਕਿਉਂ ਨਹੀਂ ਦਸ ਦੇਂਦੇ (ਭਰਮ ਨਾਲ ਚਾਰ ਪਾਸੇ ਦੇਖਕੇ) ਅਰ ਇਹ ਥਾਂ ਤੇ ਠਹਿਰਨ ਦਾ ਕੀ ਮਤਲਬ ਹੈ ਇਥੇ ਤਾਂ ਨਾ ਕੋਈ ਤੰਬੂ ਨਾ ਡੇਰਾ ਕੀ ਆਪ ਇਥੇ ਹੀ ਰਹਿੰਦੇ ਹੋ ?

ਅਫਸਰ- ਬਬਰ ਦੇਖੋ ਹੁਨ ਆਪਦਾ ਕਿਸੇ ਗਲ ਤੋਂ ਭੀ ਹੂੰ ਹਾਂ ਕਰਨਾ ਬਿਅਕਲੀ ਹੈ। ਮੈਂ ਜੋ ਕਹਿੰਦਾ

ਜਾ ਉਹ ਮੰਨਣਾ ਪਵੇਗਾ ਹਾਂ ਐਨਾ ਮੈਂ ਭੀ ਆਖ ਦੇਂਦਾ ਹਾਂ ਕਿ ਜੋ ਕੁਝ ਅਪਣਾ ਅਰ ਅਸਾਡਾ ਬਚਨ ਹੋਯਾ ਉਸ ਵਿਚ ਰਤਾ ਭੀ ਫਰਕ ਨਹੀਂ ਆਵੇਗਾ।

ਭਲਾ ਇਨਾ ਗਲਾਂ ਦਾ ਉਤਰ ਬਬਰ ਕੀ ਦੇਂਦਾ ਤੁਰਨ ਲਈ ਰਾਜੀ ਹੋ ਗਿਆ। ਅਰ ਅਫਸਰ ਅਤੇ ਬਬਰ ਥੋੜੀ ਕੁ ਦੂਰ ਅਗਾਂਹ ਜਾਕੇ ਸੰਘਨੇ ਰੁਖਾਂ ਵਿਚ ਅਪਨੇ ਸਾਥੀਆਂ ਦੀ ਨਜਰ ਤੋਂ ਓਹਲੇ ਹੋ ਗਏ। ਭਾਵੇਂ ਬਬਰ ਦੇ ਸਾਥੀਆਂ ਨੇ ਅਜਿਹਾ ਕਰਨ ਤੋਂ ਬਬਰ ਨੂੰ ਹਟਕਣਾਂ ਚਾਹਯਾ ਪਰ ਵੇਲਾ ਨਹੀ ਸੀ। ਉਧਰ ਅਫਸਰ ਅਰ ਬਬਰ ਦੋਵੇਂ ਕੁਝ ਦੂਰ ਜਾਕੇ ਠਹਿਰ ਗਏ ਠਹਿਰ ਦਿਆਂ ਹੀ ਅਫਸਰ ਛੇਤੀ ਨਾਲ ਘੋੜੇ ਦੀ ਪਿਠ ਤੋਂ ਇਕ ਪਥਰ ਪੁਰ ਉਤਰਯਾ ਅਰ ਨਾਲਹੀ ਬਬਰ ਨੂੰ ਉਤਰਨ ਲਈ ਆਖਯਾ।

ਬਬਰ—ਬੜੀ ਹੈਰਾਨੀ ਦੀ ਗਲ ਹੈ ਕਿ ਆਪ ਅਪਨੀ ਮਨਸ਼ਾ ਕੁਝ ਭੀ ਨਹੀਂ ਦਸਦੇ ਅਰ ਹੋਰ ਦਾ ਹੋਰ ਹੁਕਮ ਦਈ ਜਾਂਦੇ ਹੋ।

ਇਸ ਹਾਲ ਦਾ ਕੁਝ ਉਤਰ ਅਫਸਰ ਨੇ ਨਾਂ ਦਿਤਾ ਅਰ ਇਕ ਅਜੇਹੀ ਭਯਾਨਕ ਦੀ ਨਿਗਾਹ ਨਾਲ ਬਬਰ ਵਲ ਦੇਖਯਾ ਕਿ ਬਬਰ ਝਟ ਘੋੜੇ ਤੋਂ ਹੇਠਾਂ ਉਤਰ ਆਯਾ।

ਅਫਸਰ--ਆਓ ਅਗ ਇਸੇ ਪਥਰ ਤੇ ਬੈਠਕੇ ਮੇਰੀਆਂ ਕੁਝ ਗਲਾਂ ਸੁਣੋ ਬਬਰ ਗਲਾਂ ਸੁਣਨ ਲਈ ਬੈਠਾ ਹੀ ਸੀ ਕਿ ਸਜੇ ਪਾਸਿਓਂ ਕੁਝ ਖੜਾਕ ਹੋਯਾ ਉਸਨੇ ਵੇਖਣ ਲਈ ਉਧਰ ਮੂੰਹ ਮੋੜਿਆ ਹੀ ਸੀ ਕਿ ਖਬੇ ਪਾਸਿਓਂ ਕੁਝ ਸਿਰ ਨਾਲ ਲਗਦਾ ਹੋਯਾ ਮਲੂਮ ਹੋਯਾ ਜਦ ਉਸਨੇ ਏਧਰ ਮੂੰਹ ਮੋੜਿਆ ਤਾਂ ਮਸਾਲ ਦੇ ਚਾਨਣੇ ਵਿਚ (ਜੋ ਸਾਮਨੇ ਬਰਛੇ ਨਾਲ ਲਗੀ ਹੋਈ ਸੀ) ਇਕ ਅਜੀਬ ਧੋਖਾ ਵੇਖਯਾ ਉਸ ਅਫਸਰ ਤਮੰਚਾ ਭਰਿਆ ਹੋਯਾ ਉਸਦੀ ਪੁੜਪੁੜੀ ਨਾਲ ਲਗਾਏ ਖੜੋਤਾ ਹੈ।

ਬਬਰ—"ਤਾਂ ਕੀ ਮਾਰ ਸਿਟੋਗੇ"?

ਅਫਸਰ-- ਜੀ ਨਹੀ ਕਿਉ ਘੜੀ ਘੜੀ ਇਹੋ ਜਹੀਆਂ ਗਲਾਂ ਪੁਛਦੇ ਹੋ? ਇਕ ਵਾਰੀ ਤਾਂ ਕਹਿ ਦਿਤਾ ਕਿ ਤੁਸਾਨੂੰ ਸੁਲਾਹ ਲਈ ਲਿਆਏ ਹਾਂ ਮਾਰਾਂਗੇ ਨਹੀਂ।

ਬਬਰ—ਤਾਂ ਫੇਰ ਇਸ ਤਮੰਚੇ ਦੇ ਭਰਨ ਦਾ ਕੀ ਮਤਲਬ?

ਅਫਸਰ—ਇਸਦਾ ਮਤਲਬ ਇਹੋ ਕਿ ਇਸਦੀ ਜ਼ਰੂਰੀ ਲੋੜਸੀ ਜਿਸ ਵੇਲੇ ਤੁਸੀਂ ਸਾਡੀਆਂ ਹੋਰ ਗਲਾਂ ਸੁਣੋਗੇ ਤੁਸਾਂਨੂੰ ਆਪੇ ਮਲੂਮ ਹੋ ਜਾਵੇਗੀ ਕਿ ਇਹ ਕਮ ਐਵੇਂ ਨਹੀਂ ਕੀਤਾ ਗਿਆ। ਮੇਰਾ

ਇਹੋ ਇਛਾ ਹੈ ਕਿ ਮੈਂ ਤੁਸਾਂਨੂੰ ਜੋ ਜੋ ਕਹਾਂ ਉਸਨੂੰ ਬਿਨਾਂ ਸੋਚੇ ਅਰ ਸਮਝੇ ਛੇਤੀ ਛੇਤੀ ਕਰਦੇ ਜਾਓ ਹਾਂ ਜੇਕਰ ਵਿਚੋਲੇ ਕਈ ਸਾਥੀਆਂ ਨੂੰ ਬੁਲਾਯਾ ਤਾਂ ਉਨਾਂ ਦੇ ਪਹੁਚਨ ਤੋਂ ਪਹਿਲਾਂ ਹੀ ਇਹ ਭਰਿਆਂ ਹੋਯਾ ਤਮੰਚਾ ਤੁਸਾਂਨੂੰ ਸਦਾ ਲਈ ਸੁਵਾ ਦੇਗਾ ਅਰ ਮੈਂ ਇਕ ਵਾਰੀ ਫੇਰ ਆਖ ਦੇਂਦਾ ਹਾਂ ਕਿ ਕਿਸੇ ਤਰਾਂ ਦੀ ਕੋਈ ਭੀ ਤਕਲੀਫ਼ ਆਪਨੂੰ ਨਹੀਂ ਹੋਵੇਗੀ ਮੈਂ ਆਪਣੀ ਸੁਗੰਧ ਤੇ ਕਾਇਮ ਹਾਂ। ਇਹ ਕਹਿਕੇ ਅਫਸਰ ਖੜੋ ਗਿਆ ਅਰ ਉਸਨੇ ਜ਼ਿਮੀਂ ਪੁਰ ਇਕ ਜ਼ੋਰ ਦੀ ਜੁਤੀ ਨਾਲ ਠੋਕਰ ਮਾਰੀ ਜਿਸਦੇ ਲਗਦਿਆਂ ਹੀ ਉਤਨੀ ਕੁ ਜ਼ਿਮੀਂ ਇਕ ਪਾਸੇ ਹੋ ਗਈ ਅਰ ਇਕ ਚੋਰ ਦਰਵਾਜ਼ਾ ਦਿਸਦਾ ਜਿਥੇ ਕਿ ਬਬਰ ਨੂੰ ਇਕ ਛੋਟੇ ਜਿਹੇ ਟੋਏ ਹੋਨ ਦੀ ਭੀ ਆਸ਼ਾ ਨਹੀਂ ਸੀ।

ਅਫ਼ਸਰ—ਹੁਣ ਆਪ ਇਸ ਬਦਛ ਪੁਰ ਲਗੀ ਹੋਈ ਮੁਸ਼ਾਲ ਨੂੰ ਚੁਕ ਲਵੋ ਅਖ ਬੇ ਧੜਕ ਹੋ ਕੇ ਇਸ ਵਿਚ ਹਠਾਂ ਉਤਰ ਚਲੋ।

ਇਸ ਪੁਰ ਬਬਰ ਕੁਝ ਝਕਿਆ ਪਰ ਡਰਦੇ ਮਾਰੇ ਬਬਰ ਨੇ ਉਹ ਉਹ ਮੁਸ਼ਾਲ ਚੁਕੀ ਅਰ ਇਕ ਵਾਰੀ ਆਪਨੇ ਘੋੜੇ ਦੀ ਵਲ ਆਸ਼ਾ ਭਰੀ ਨਿਗਾਹ ਨਾਲ ਦੇਖਦਾ ਹੋਯਾ ਚੋਰ ਬੂਹੇ ਵਿਚ ਉਤਰਯਾ ਜਿਸਦੇ ਹੇਠਾਂ ਪਕੀਆਂ ਪੌੜੀਆਂ ਬਨੀਆਂ ਹੋਈਆਂ ਸਾਂਨ।

ਬਬਰ ਦੇ ਹੇਠਾਂ ਉਤਰ ਜਾਨੇ ਪੁਰ ਇਸ ਅਫ਼ਸਰ ਨੇ ਇਕ ਸੀਟੀ ਆਪਨੇ ਅਸਵਾਰਾਂ ਦੇ ਕਿਸੇ ਖਾਸ ਸੈਨਤ ਦੇ ਲਈ ਵਜਾਈ ਅਰ ਆਪ ਭੀ ਉਸੇ ਚੋਰ ਦਰਵਾਜ ਵਿਚ ਉਤਰ ਅਰ ਅੰਦਰੋਂ ਦੀ ਬੂਹਾ ਮਾਰ ਕੇ ਬਬਰ ਦੇ ਪਿਛੇ ਪਿਛੇ ਹੋਇਆ।

ਉਧਰ ਬਬਰ ਦੇ ਸਾਥੀਆਂ ਦਾ ਕੀ ਹਾਲ ਹੋਯਾ ਹੋਵੇਗਾ ਕਿ ਉਹ ਬਬਰ ਨੂੰ ਢੂੰਢਦੇ ਭਟਕਦੇ ਹੋਏ ਅਗੇ ਚਲੇ ਗਏ ਹੋਨਗੇ। ਹਾਂ ਇਸ ਅਫਸਰ ਦੇ ਅਸਵਾਰਾਂ ਨੇ ਸੀਟੀ ਦੀ ਆਵਾਜ ਸੁਨਦਿਆਂ ਹੀ ਆਪਨੇ ਘੋੜਿਆਂ ਦੀਆਂ ਵਾਗਾਂ ਮੋੜੀਆਂ ਅਰ ਬਬਰ ਦੇ ਸਾਥੀਆਂ ਨੂੰ ਵੇਖਦਿਆਂ ੨ ਛਡਕੇ ਹਵਾ ਹੋ ਗਏ।

ਚੌਥਾ ਅੰਕ

ਹੇ ਤਲਿਸਮੀ ਧਰਤੀ! ਪਗਟੋ ਇਨ੍ਹਾ ਨੂ !

ਅਜੇ ਭੀਮ ਦੀ ਗਲ ਦਾ ਉਤਰ ਰਾਜਕੁਮਾਰ ਨੇ ਕੁਝ ਵੀ ਨਹੀਂ ਦਿਤਾ ਸੀ ਕਿ ਉਸ ਸੁਰੰਗ ਵਿਚ ਕਿਸੇ ਦੇ ਪੈਰਾਂ ਦਾ ਖੜਾਕ ਸੁਨਯਾ ! ਇਹ ਕੌਣ ਆਉਂਦਾ ਹੈ? ਉਸਦੇ ਦੇਖਣ ਦ ਲਈ ਦੋਵੇਂ ਠਹਿਰ ਗਏ। ਲਾਲਟੈਨ ਤਾਂ ਹਥ ਵਿਚ ਹੀ ਸੀ ਰਤਾ ਉਚੀ ਕੀਤੀ ਅਰ ਦੂਰ ਤਕ ਤਕ ਚਾਨਣਾ ਹੋ ਗਯਾ ਤਾਂ ਇਨਾਂ ਦੋਹਾਂ ਨੂ ਦੂਰੋਂ ਹੀ ਇਕ ਕਾਲਾ ਧੂਤ ਅਰ ਜੁਆਨ ਪੁਰਸ਼ ਹਥ ਵਿਚ ਨੰਗੀ ਤਲਵਾਰ ਲੀਤੇ ਹੋਏ ਨਜਰੀ ਪਿਆ ਉਸਦੀਆਂ ਅਖੀਆਂ ਟਟਹਿਣਿਆਂ ਵਾਂਙ ਚਮਕਦੀਆਂ ਸਨ ਪਰ ਜਿਉਂ ਹੀ ਉਸ ਕਾਲੇ ਧੂਤ ਦੀ ਨਿਗਾਹ ਇਨਾਂ ਦੋਹਾਂ ਪੁਰ ਪਈ ਦੇਖਦਿਆਂ ਹੀ ਉਹ ਘਬਰਾਯਾ ਹੋਯਾ ਜਿਧਰੋਂ ਆਯਾ ਸੀ ਓਧਰ ਹੀ ਪੁਠੇ ਪੈਰੀ ਨਸਿਆ ।

ਭੀਮ—ਦੇਖੋ ! ਜੇਕਰ ਆਪਨੂ ਸੁਖਾਲਿਆ ਅ ਚਲਨਾ ਹੈ ਤਾਂ ਜਿਨੀ ਛੇਤੀ ਹੋ ਸਕੇ ਇਸੇ ਕਾਲੇ ਧੂਤ ਦੇ ਪਿਛੇ ਚਲੋ ਐਵੇਂ ਐਧਰ ਓਧਰ ਭਟਕਨ ਤੋਂ ਇਹੋ ਚੰਗਾ ਹੈ।

ਰਾਜਕੁਮਾਰ ਨੂ ਭੀ ਇਹ ਗਲ ਪਸਿੰਦ ਆਈ ਅਰ ਕਾਲਾਧੂਤ ਤਾਂ ਨਾ ਦਿਸਯਾ ਪਰ ਇਹ ਦੋਵੇਂ ਉਸਦੇ ਪੈਰਾਂ

ਦੀ ਆਵਾਜ਼ ਦੇ ਮਗਰ ਦੌੜਦੇ ਚਲੇ, ਜਾ ਰਹੇ ਸਨ ਸੁਰੰਗ ਵਿਚ ਪ-੭੦ ਮਿੰਟ ਤਕ ਚੰਗੀ ਦੌੜਦੇ ਗਏ ਅਰ ਹੁਣ ਭੀਮ ਨੇ ਜੋ ਰਾਜ ਕੁਮਾਰ ਤੋਂ ਕੁਝ ਅਗੇ ਸੀ ਠਹਿਰ ਕੇ ਅਵਾਜ਼ ਦਿਤੀ "ਜੇਕਰ ਸਾਡੀਆਂ ਅਖੀਆਂ ਨੇ ਧੋਖਾ ਨਹੀਂ ਦਿਤਾ ਤਾਂ ਅਸੀਂ ਸੁਰੰਗ ਦਾ ਦੂਜਾ ਖਾਨਾ ਮੁਕਾ ਚੁਕੇ ਹਾਂ ਅਰ ਹੁਣ ਸਾਡੇ ਸਾਮ੍ਹਨੇ ਉਪਰ ਦਾ ਚਾਨਣ ਪੌੜੀਆਂ ਤੋਂ ਹੇਠਾਂ ਆਕੇ ਸੁਰੰਗ ਵਿਚ ਹੋ ਰਿਹਾ ਹੈ।"

ਰਾਜਕੁਮਾਰ ਨੇ ਭੀ ਪਾਸ ਪਹੁਚਕੇ ਦੇਖਯਾ ਤਾਂ ਅਸਲ ਵਿਚ ਉਪਰੋਂ ਦਾ ਚਾਨਣਾ ਹੇਠਾਂ ਆ ਰਿਹਾ ਸੀ ਦੋਵੇਂ ਸੀ ਦੋਵੇਂ ਬਹੁਤ ਛੇਤੀ ਉਸ ਥਾਂ ਪਹੁੰਚ ਗਏ ਅਰ ਹਥ ਦੀ ਲਾਲਟੈਨ ਬੁਝਾਕੇ ਹੋਲੀ ਹੌਲੀ ਪੌੜੀਆਂ ਚੜ੍ਹਨ ਲਗੇ। ਦੋਹਾਂ ਨੇ ਉਪਰ ਆਕੇ ਘਾਬਰੀਆਂ ਹੋਈਆਂ ਅਖੀਆਂ ਨਾਲ ਜੋ ਚਾਰੇ ਪਾਸੇ ਨਜ਼ਰ ਦੌੜਾਕੇ ਦੇਖਯਾ ਤਾਂ ਅਚਰਜ ਦ੍ਰਿਸ਼ਯ ਦੇਖਯਾ।

ਸੁਰੰਗਦੇ ਉਸ ਪਾਰ ਅਥਵਾਂ ਤਲਿਸਮੀ ਬਾਗ ਵਿਚ ਤਾਂ ਕੇਵਲ ਇਕ ਲੰਮੀ ਅਰ ਉਚੀ ਕੰਧ ਹੀ ਨਜ਼ਰ ਆਉਂਦੀ ਸੀ ਪਰ ਇਸ ਥਾਂ ਤਾਂ ਗਲ ਹੀ ਹੋਰ ਨਿਕਲੀ ਸਜੇ ਪਾਸਿਓਂ ਲੈਕੇ ਖਬੇ ਪਾਸੇ ਤਕ ਇਕ ਬੜਾ ਉਚਾ ਅਰ ਲੰਮਾ ਪਹਾੜ ਦੂਰ ਤਕ ਦਿਸਦਾ ਸੀ ਇਹੀ ਪਹਾੜੀ ਕੰਧ ਇਸ ਤਰਾਂ ਦਿਸਦੀ ਸੀ ਕਿ ਜਿਸ ਪੁਰ ਦੋ ਹਥ ਚੜ੍ਹਨਾ ਭੀ ਕਠਨ ਅਰ ਔਖਾ ਸੀ ਜਿਸ ਥਾਂ

ਰਾਜਕੁਮਾਰ ਅਰ ਭੀਮ ਖੜ੍ਹੋਤੇ ਸੀ ਯਾ ਜਿਸ ਥਾਂ ਸੁਰੰਗ ਦਾ ਮੂੰਹ ਸੀ ਉਸਦੇ ਦੋਹੀਂ ਪਾਸੀਂ ਵੀਹ ੨ ਗਜ਼ਦੀ ਵਿਥ ਪੁਰ ਇਕ ਉਚੀ ਕੰਧ ਬਣੀ ਦਿਸਦੀ ਸੀ ਅਰ ਇਸ ਵਿਚ ਦੋਹੀਂ ਪਾਸੀਂ ਫਾਟਕ ਬਣੇ ਹੋਏ ਸੀ ਅਰ ਉਨਾਂ ਦੇ ਅੰਦਰ ਕੁਝ ਪਧਰੇ ਘਾਹ ਦਿਖਾਈ ਦਿੰਦੇ ਸਨ ਇਨਾਂ ਫਾਟਕਾਂ ਵਿਚੋਂ ਸਜੇ ਪਾਸੇ ਦਾ ਫਾਟਕ ਤਾਂ ਖੁਲਾ ਹੀ ਸੀ ਜਿਸ ਵਿਚ ਸਾਮਨੇ ਹੀ ਸੀ ਜਿਸ ਵਿਚ ਸਾਮਨੇ ਹੀ ਕੁਝ ਦਰਖਤ ਅਰ ਥੋੜੀ ਦੂਰ ਤੇ ਇਕ ਮਕਾਨ ਦਿਖਾਈ ਦੇਂਦਾ ਸੀ ਹਾਂ ਖਬੇ ਪਾਸੇ ਦਾ ਫਾਟਕ ਚੰਗੀ ਤਰਾਂ ਬੰਦ ਹੋਯਾ ਹੋਯਾਸੀ।

ਭੀਮ-(ਹੈਰਾਨੀ ਨਾਲ) ਅਸਲ ਵਿਚ ਤਲਿਸਮ ਤਾਲਸਮ ਹੀ ਹੁੰਦਾ ਹੈ। ਉਹ ਬਾਉਲੀ ਦੇ ਅੰਦਰ ਪਤਾਲ ਦਾ ਰਾਹ ਯਾਦ ਕਰੋ ਪਰ ਹੁਣ ਇਸ ਪਹਾੜ ਨੂੰ ਦੇਖੋ ਕੀ ਪਤਾ ਹੈ ਕਿ ਅਸੀ ਕਿਸ ਦੁਨੀਆਂ ਵਿਚ ਆ ਗਏ ਹਾਂ।

ਰਾਜਕੁਮਾਰ—ਸਾਨੂੰ ਕੁਝ ਕੁਝ ਯਾਦ ਪੈਂਦੀ ਹੈ ਕਿ ਇਹ ਉਹੋ ਪਹਾੜੀ ਚਲੀ ਆਉਂਦੀ ਹੈ ਜੋ ਸ਼ੇਰਗੜ ਦੇ ਪਿਛੇ ਕੋਹਾਂ ਤਕ ਚਲੀ ਗਈ ਹੈ ਅਰ ਉਸ ਵਿਚ ਬਹੁਤ ਥਾਂਵਾਂ ਅਜੇਹੀਆਂ ਹਨ ਜਿਥੇ ਅਜਤਕ ਕੋਈ ਨਹੀਂ ਜਾ ਸਕਯਾ।

ਭੀਮ—ਇਸਦਾ ਤਾਂ ਮੈਨੂੰ ਭੀ ਸੰਸ਼ਾ ਹੈ ਕਿਉਂ

ਕਿ ਕਈ ਵਾਰੀ ਸਾਡੇ ਖੋਜੀ ਨੇ ਖਬਰ ਦਿਤੀ ਹੈ ਕਿ ਸ਼ੇਰਗੜ ਤੋਂ ਛੇ ਕੋਹ ਦੂਰ ਜਾਕੇ ਇਕ ਅਜੇਹੀ ਥਾਂ ਹੈ ਜਿਸਦੇ ਚਾਰੇ ਪਾਸੇ ਤਾਂ ਪਹਾੜ ਹੈ ਅਰ ਵਿਚਕਾਰ ਲਗ ਭਗ ੩ ਕੋਹ ਦੇ ਥਾਂ ਖਾਲੀ ਹੈ ਅਰ ਉਸ ਖਾਲੀ ਥਾਂ ਤੋਂ ਕਦੀ ਕਦੀ ਉਜਾਲਾ ਅਰ ਕਦੀ ਕਦੀ ਰੌਲਾ ਗੌਲਾ ਦੀਆਂ ਅਵਾਜਾਂ ਸੁਨਾਈ ਦੇਂਦੀਆਂ ਹਨ ਪਰ ਉਸ ਪਹਾੜ ਦਾ ਚੜਾਉ ਅਜਿਹਾ ਔਖਾ ਹੈ ਕਿ ਕਿਸ ਅਯਾਰ ਦੀ ਹਿੰਮਤ ਨਾ ਪਈ ਅਰ ਨਾ ਕਦੀ ਓਧਰ ਦੀ ਖਬਰ ਲਈ ਕਈ ਗਿਆ। ਹਛਾ! ਹੁਨ ਆਪ ਤਲਿਸਮੀ ਗੁਟਕਾ ਦੇਖੋ ਕਿ ਹੁਨ ਅਗੇ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ।

ਰਾਜਕੁਮਾਰ—ਇਹ ਐਵੇਂ ਦੇਖਨਾ ਵਿਅਰਥ ਹੈ ਇਹ ਤਾਂ ਸਾਨੂੰ ਮਲੂਮ ਹੋ ਹੀ ਗਿਆ ਹੈ ਕਿ ਤਲਿਸਮੀ ਕੈਦਖਾਨਾ ਇਹੋ ਹੀ ਹੈ ਯਾਂ ਤਾ ਸਜੇ ਪਾਸੇ ਵਲ ਹੋਵੇਗਾ ਯਾ ਖਬੇ ਪਾਸੇ ਵਲ! ਹਛਾ! ਚਲੋ ਇਹ ਜੋ ਦਰਵਾਜਾ ਹੈ ਪਹਿਲੇ ਉਸ ਵਿਚ ਹੀ ਚਲਕੇ ਦੇਖੀਏ ਕਿ ਉਸਦੇ ਅੰਦਰ ਕੀ ਹੈ? ਭੀਮ ਨੂੰ—ਭੀ ਇਹੋ ਗਲ ਚੰਗੀ ਲਗੀ ਅਰ ਦੋਵੇਂ ਉਸ ਫਾਟਕ ਦੀ ਵਲ ਮੁੜੇ ਜਿਸ ਦਾ ਬੂਹਾ ਖੁਲਾ ਸੀ ਦੋਵੇਂ ਉਸਦੇ ਅੰਦਰ ਚਲ ਗਏ ਅਰ ਉਨ੍ਹਾਂ ਨੇ ਉਸ ਛੋਟੇ ਬਾਗ ਨੂੰ ਦੇਖ ਕੇ ਜੋ ਫਾਟਕ

ਦੇ ਸਾਮਣੇ ਸੀ ਦੰਗ ਰਹਿ ਗਏ ਕਿੰਤੂ ਭੀਮ ਤਾਂ ਇਉਂ ਬੋਲ ਉਠਿਆ:—

ਭੀਮ—ਵਾਹ ਜੀ! ਇਹ ਕੈਦਖਾਨਾ ਹੈ ਕਿ ਕਿਸੇ ਮਹਾਰਾਜ ਦਾ ਸੁਖ ਨਿਵਾਸ ਹੈ। ਅਜਹੀਆਂ ਸੁੰਦ੍ਰ ਕਿਆਰੀਆਂ ਕੈਦੀਆਂ ਲਈ ਮੈਨੂੰ ਤਾਂ ਅਜੇਬ ਹੈਰਾਨੀ ਹੈ?

ਰਾਜਕੁਮਾਰ—ਇਸਦਾ ਕੁਝ ਉਤਰ ਦੇਣ ਹੀ ਲਗੇ ਸਨ ਕਿ ਉਸ ਬਾਗ ਦੀ ਡਿਉੜੀ ਵਿਚੋਂ ਅਵਾਜ ਆਈ" ਹਾਇ! ਪਿਆਰੇ ਭਰਾ ਨਵਿਜੇ ਸਿੰਘ ਜੀ ਛੇਤੀ ਆਓ। ਮੇਰੀ ਛਾਤੀ ਠੰਡੀ ਕਰੋ ਹਾਇ ਐਨੇ ਦਿਨਾਂ ਦੇ ਵਿਛੋੜੇ ਨੇ ਮੇਰਾ ਕਲੇਜਾ ਸਾੜ ਦਿਤਾ ਹੈ।

ਦੋਵੇਂ ਇਸ ਅਵਾਜ ਨੂੰ ਸੁਣਕੇ ਤ੍ਰਿਬਕੇ। ਹੈਂ ਇਹ ਅਵਾਜ ਤਾਂ ਕਿਸੇ ਤਨੀ ਦੀ ਜਾਪਦੀ ਹੈ ਅਰ ਤਨੀ ਭੀ ਕੇੜ੍ਹਾ ਜਿਸਦੇ ਲਈ ਰਾਜਕੁਮਾਰ ਨੇ ਐਡੇ ਜਫਰ ਜਾਲੇ ਅਰ ਤਕਲੀਫਾਂ ਸਹੀਆਂ। ਕੌਣ? ਮਾਂ ਜਾਇਆ ਭਰਾ ਅਰ ਬਾਹੂ ਵੀਰ ਬਿਕ੍ਰਮਾਜੀਤ ਸਿੰਘ ਸੀ ਜਿਸਦੀ ਇਹ ਅਵਾਜ ਸੁਣਾਈ ਦਿਤੀ। ਇਸ ਅਵਾਜ ਨੂੰ ਮਲੂਮ ਕਰਨ ਲਈ ਕਿ ਇਹ ਅਵਾਜ ਕਿਥੋਂ ਆਈ ਹੈ ਦੋਵੇਂ ਉਸ ਮਕਾਨ ਦੀ ਵਲ ਦੇਖਨ ਲਗੇ ਤਾਂ ਦੂਜੀ ਮਜਲ ਦੀ ਇਕ ਤਾਕੀ ਖੁਲ੍ਹੀ ਦਿਸੀ ਜਿਸ ਵਿਚੋਂ ਇਕ ਪੀਲਾ ਜਿਹਾ ਚਿਹਰਾ ਅਰ ਕੁਮਲਾਯਾ

ਹੋਯਾ ਮੁਖ ਵਿਸ ਰਿਹਾ ਸੀ। ਦੋਹਾਂ ਨੇ ਇਸਨੂੰ ਦੇਖਦਿਆਂ ਹੀ ਯਕੀਨ ਕਰ ਲਿਆ ਕਿ ਬਿਨਾਂ ਬਿਕ੍ਰਮਾਜੀਤ ਸਿੰਘ ਦੇ ਇਹ ਪੁਰਖ ਕੋਈ ਦੂਸਰਾ ਨਹੀਂ ਹੈ ਇਸ ਗਲ ਨੂੰ ਸੋਚਦਿਆਂ ਹੀ ਮਾਨੋ ਪੈਰਾਂ ਨੂੰ ਪਰ ਲਗ ਗਏ ਅਰ ਝਟ ਦੇ ਉਲਾਂਘਾਂ ਮਾਰ ਉਸੇ ਡਿਓੜੀ ਦੇ ਉਪਰ ਜਾਕੇ ਸਾਮਨੇ ਇਕ ਹੋਰ ਪੌੜੀਆਂ ਦਾ ਰਸਤਾ ਸੀ ਉਪਰ ਚੜ ਗਏ ਅਗਲਾ ਬੂਹਾ ਜੋ ਵਜਾ ਹੋਯਾ ਸੀ ਚਾਹਿਆ ਕਿ ਆਪ ਖੋਲੇ ਪਰ ਕਿਸੇ ਨੇ ਆਪੇ ਹੀ ਅੰਦਰੋਂ ਬੂਹਾ ਖੋਲ ਦਿਤਾ। ਇਹ ਕੌਣ ਸੀ! ਇਹੀ ਪਿਆਰ ਬਿਕ੍ਰਮਜੀਤ ਸਿੰਘ ਅਖਾਂ ਸਾਮਨੇ ਹੁੰਦਿਆਂ ਹੀ ਭਰਾ ਭਰਾ ਦੇ ਗਲ ਲਗ ਗਿਆ ਅਰ ਤਿੰਨਾਂ ਹੀ ਆਦਮੀਆਂ ਦੇ ਨੇਤ੍ਰਾਂ ਵਿਚੋਂ ਜਲ ਦੀ ਨਦੀ ਵਗ ਪਈ ਇਸਤੋਂ ਪਿਛੇ ਰਾਜਕੁਮਾਰ ਭੀਮ ਨੂੰ ਭੀ ਮਿਲਿਆ ਅਰ ਫੇਰ ਇਨਾਂ ਨੂੰ ਨਾਲ ਲੈਕੇ ਇਕ ਦੂਜੀ ਕੋਠੜੀ ਵਿਚ ਲੈ ਗਿਆ ਜਿਥੇ ਇਕ ਪਾਟੀ ਹੋਈ ਦਰੀ ਵਿਛੀ ਹੋਈ ਸੀ ਅਰ ਭੀਮ ਨੇ ਇਹ ਚੰਗੀ ਤਰਾਂ ਤਾੜ ਲਿਆ ਕਿ ਕੋਠੜੀ ਦੀ ਜਿਮੀ ਲੋਹੇ ਦੀ ਬਨੀ ਹੋਈ ਸੀ ਜਿਸ ਵੇਲੇ ਤਿੰਨੇ ਉਥੇ ਬੈਠੇ ਤਾਂ ਬਿਕ੍ਰਮਾਜੀਤ ਸਿੰਘ ਨੇ ਪੁਛਿਆ।

ਬਿਕ੍ਰਮਾਜੀਤ ਸਿੰਘ—ਭ੍ਰਾਤਾ ਜੀ! ਆਪ ਇਥੋਂ ਤਕ

ਕਿਸ ਤਰਾਂ ਆਏ ? ਰਾਹ ਵਿਚ ਕੋਈ ਔਖਯਾਈ ਤਾਂ ਨਹੀਂ ਸੀ ਹੋਈ ?

ਰਣਵਜੈ ਸਿੰਘ—ਇਸ ਔਖਯਾਈ ਦੀ ਤਾਂ ਬੜੀ ਲੰਮੀ ਚੌੜੀ ਗਲ ਬਾਤ ਹੈ ਪਰ ਮੈਂ ਬੜੇ ਵਿਚ ਹੀ ਮੁਕਾ ਦੇਂਦਾ ਹਾਂ ਕਿ ਕੋਈ ਬੁਢੀ ਤੀਵੀਂ ਹ ਉਸ ਨੇ ਮੈਨੂੰ ਇਕ ਗੁਟਕਾ ਦਿਤਾ ਹ ਉਸ ਗੁਟਕੇ ਦੇ ਆਸਰੇ ਹੀ ਮੈਂ ਸਭ ਬਿਪਤਾ ਤੋਂ ਬਚਦਾ ਹੋਯਾ ਆਪ ਤਕ ਆਯਾ ਹਾਂ।

ਬਿਕ੍ਰਸਿੰਘ—ਗੁਟਕਾ ! ਕਿਸ ਤਾਂ ਦਾ ਗੁਟਕਾ ? ਦਿਖਾਓ ਖਾਂ ਮੈਂ ਉਹ ਦੇਖ ਸਕਦਾ ਹਾਂ ! ਭੀਮ ਚਤੁਰ ਅਰ ਚੰਚਲ ਸੀ ਉਸਦਾ ਮਨ ਇਸ ਗਲ ਦੇ ਸੁਣਦਿਆਂ ਹੀ ਨਾ ਜਾਣੀਏ ਕਿਉਂ ਉਛਲਨ ਲਗਾ ਅਰ ਇਕ ਗੁਪਤ ਜਿਹਾ ਅੰਕੁਰ ਮਨ ਵਿਚ ਫੁਰਿਆ ਕਿ ਕਿਧਰੇ ਇਹ ਧੋਖਾ ਹੀ ਨਾ ਹੋਵੇ। ਪਰ ਇਹ ਸਮਝਕੇ ਚੁਪ ਰਿਹਾ ਕਿ ਜੇਕਰ ਧੋਖਾ ਨਾ ਹੋਯਾ ਤਾਂ ਮੈਂ ਬੜਾ ਹੀ ਨੀਚ ਅਰ ਬਿਅਕਲ ਆਦਮੀ ਸਮਝਿਆ ਜਾਵਾਂਗਾ। ਉਧਰ ਰਾਜ ਕੁਮਾਰਨੇ ਪਿਆਰ ਭਰਾ ਦੀ ਇਹ ਗਲ ਸੁਣਦਿਆਂ ਹੀ ਛੇਤੀ ਨਾਲ ਉਹ ਮਖਮਲੀ ਜਿਲਦ ਵਾਲਾ ਗੁਟਕਾ ਅਪਨੇ ਥੈਲੇ ਵਿਚੋਂ ਕਢਕੇ ਉਨਾਂ ਦੇ ਹਵਾਲੇ ਕੀਤਾ।

ਬਿਕ੍ਰਮ ਚੇਤ ਸਿੰਘ ਕੁਝ ਚਿਰ ਤਕ ਤਾ ਉਸ

ਗੁਟਕੇ ਨੂੰ ਉਲਟ ਪੁਲਟ ਕਰਦਾ ਰਿਹਾ ਅਸ ਜਦੋਂ ਵਗੀ ਤਾਂ ਦੇਖ ਚੁਕਿਆ ਤਾਂ ਇਕ ਵਾਰੀ ਉਸਦੇ ਚਿਹਰੇ ਦਾ ਰੰਗ ਹੋਰ ਦਾ ਹੋਰ ਹੋਗਿਆ ਅਰ ਕੁਝ ਫਰਕ ਪੈਨ ਲਗਾ ਭੀਮ ਜਿਸਦੀ ਤਾੜ ਉਸੇ ਦੇ ਚਿਹਰੇ ਵਿਚ ਸੀ ਉਹ ਦੇਖਦੇ ਹੀ ਰਾਜਕੁਮਾਰ ਰਨਵਿਜੇ ਸਿੰਘ ਦੇ ਕੰਨ ਵਿਚ ਕਹਿਨ ਲਗਾ "ਮੈਨੂੰ ਕੁਝ ਧੋਖੇ ਦੇ ਚਿੰਨ੍ਹ ਲਗਦੇ ਹਨ" ਇਧਰ ਇਸਨੇ ਇਹ ਗਲ ਆਖੀ ਅਰ ਫੇਰ ਰਾਜਕੁਮਾਰ ਸਿੰਘ ਦੇ ਚਿਹਰੇ ਵਲ ਦੇਖਨ ਹੀ ਲਗਾ ਸੀ ਕਿ ਉਸਨੇ ਗੁਟਕੇ ਨੂੰ ਜੋਰ ਨਾਲ ਕੋਠੜੀ ਦੇ ਬਾਹਰ ਸੁਟ ਦਿਤਾ ਅਰ ਫੇਰ ਆਪ ਭੀ ਬਿਜਲੀ ਵਾਂਙ ਉਛਲਕ ਬਾਹਰ ਨਿਕਲ ਗਿਆ।

ਰਾਜਕੁਮਾਰ—"ਹੈਂ! ਇਹ ਕੀ?"

ਭੀਮ—ਹੈ! ਨਹੀਂ! ਸਚ ਮੁਚ ਧੋਖਾ ਹੋ ਰਿਹਾ ਹੈ ਇਹ ਦੁਸ਼ਟ ਆਪਣਾ ਭੁਰਾ ਨਹੀਂ! ਪਗੜੋ ਇਸ ਨੂੰ ਜੋਤੀ ਜਾਨਾ ਨਾ ਪਾਵੇ! ਇਹ ਕਹਿਕੇ ਭੀਮ ਨੇ ਕਟਾਰ ਖਿਚੀ ਅਰ ਰਾਜਕੁਮਾਰ ਭੀ ਅਪਨੀ ਥਾਂ ਤੋਂ ਉਠਿਆ। ਉਧਰ ਨਕਲੀ ਬਿਕ੍ਰਮਜੀਤ ਸਿੰਘ ਤਲਿਸਮੀ ਆਦਮੀ ਨੇ ਜੋਰ ਨਾਲ ਉਸ ਲੋਹੇ ਦੀ ਜਿਮੀ ਪੁਰ ਹਥ ਮਾਰਿਆ ਅਰ ਅਵਾਜ਼ ਦਿਤੀ "ਹੇ ਤਲਸਮੀ ਧਰਤੀ! ਪਗੜੋ ਇਨਾਂ ਨੂੰ!"

ਅਵਾਜ ਹੁੰਦਿਆਂ ਹੀ ਦੋਹਾਂ ਦੇ ਪੈਰ ਧਰਤੀ ਨੇ ਪਕੜ ਲਏ ਅਰ ਉਧਰੋਂ ਉਸ ਨਕਲੀ ਤਲਿਸਮੀ ਆਦਮੀ ਨੇ ਹਸ ਕੇ ਕਿਹਾ "ਬਸ ਹੁਣ ਤੁਹਾਡਾ ਜੀਵਨ ਸਮਾਪਤੀ ਪਰ ਹੈ। ਮੂਰਖੋ! ਇਹ ਤਲਿਸਮੀ ਧਰਤੀ ਹੈ ਇਥੇ ਅਪਨਾ ਬਗੀਚਾ ਕਿਥੇ? ਜੇ ਹੋਰ ਲੋਕ ਵੀ ਇਥੇ ਆ ਜਾਣ ਤੇ ਕੈਦ ਕੀਤੇ ਜਾਂਦੇ ਸਨ ਪਰ ਤੁਸਾਂ ਦੋਹਾਂ ਨੂੰ ਤੁਸਾਡੀਆਂ ਕਰਤੂਤਾਂ ਦੇ ਬਦਲੇ ਮਹਾਰਾਣੀ ਦੇ ਸਾਮ੍ਹਨੇ ਲੈ ਜਾਕੇ ਗਰਦਨ ਲਾਹੀ ਜਾਵੇਗੀ" ਇਹ ਕਹਿਕੇ ਉਹ ਧੋਖੇ ਬਾਜਨ [illegible] ਦੁਕਿਆ ਅਰ ਇਕ ਪਾਸੇ ਨੂੰ ਚਲਿਆ ਗਿਆ ਅਰ ਇਹ ਦੋਵੇਂ ਕੈਦੀ ਉਥੇ ਥਾਂ ਖੜੇ ਦੇਖਦੇ ਰਹਿ ਗਏ।

ਭੀਮ—ਜਕਰ ਆਪ ਗੁਟਕਾ ਦੇਖਕੇ ਹੀ ਪਹਿਲੇ ਇਥੇ ਆਏ ਹੁੰਦੇ ਤਾਂ ਜੰਜਾਲ ਵਿਚ ਕਿਉਂ ਫਸਦੇ ਅਰ ਜਕਰ ਫਸਦੇ ਭੀ ਤਾਂ ਛੁਟਨ ਦੀ ਤਦਬੀਰ ਮਲੂਮ ਰਹਿੰਦੀ।

ਰਾਜਕੁਮਾਰ—ਹਾਂ! ਹੁਨ ਤਾਂ ਸਭ ਕੁਝ ਸੁਝਦਾ ਹੈ ਅਰ ਸਚ ਤਾਂ ਇਉਂ ਹੈ ਕਿ ਹੁਨ ਪ੍ਰਮੇਸ਼ਰ ਦੇ ਬਿਨਾਂ ਹੋਰ ਕਿਸੇ ਦਾ ਆਸਰਾ ਨਹੀਂ ਹੈ ਹਨ ਘਰੋਂ ਔਖਿਆਈ ਹੋਵੇਗੀ। ਕੀ ਜਾਣੀਏ ਕਿ ਇਹ ਤਲਿਸਮੀ ਰਾਨੀ ਕੌਨ ਬਲਾ ਹੈ।?

ਭੀਮ—ਹੁਨ ਰਬ ਦੇ ਹਵਾਲੇ ਹੋਕੇ ਜੋ ਕੁਝ

ਕਰਨਾ ਹੋਵੇ ਚੁਪ ਚੁਪੀ ਤੇ ਅਗੇ ਲਈ ਕਾਰਵਾਈ ਵੇਖੋ(ਤ੍ਰਬਕਕੇ)ਹੈਂ ਇਹ ਕੀ? ਸਾਨੂੰ ਨੀਂਦਰ ਕਿਉਂ ਆ ਰਹੀ ਹੈ?

ਰਾਜਕੁਮਾਰ—ਇਸ ਵਿਚ ਕੋਈ ਹੈਰਾਨੀ ਦੀ ਗਲ ਨਹੀਂ ਹੈ ਇਹ ਤਲਿਸਮੀ ਅਸਰ ਕਰਕੇ ਸਾਨੂੰ ਨੀਂਦਰ ਆ ਰਹੀ ਹੈ। ਕਿਥੇ ਸਾਡੇ ਦੋਹਾਂ ਦੇ ਪੈਰ ਜਿਨ੍ਹਾਂ ਨੇ ਪਕੜੇ ਹੋਏ ਸੀ ਅਰ ਕਿਥੇ ਹੁਣ ਇਮਾਨੇ ਘੇ ਛਡ ਦਿਤੇ ਅਰ ਸਾਨੂੰ ਬੇਹੋਸ਼ੀ ਹੁੰਦੀ ਜਾਂਦੀ ਹੈ ਐਨੇ ਵਿਚ ਦੋਹਾਂ ਨੂੰ ਚਕਰ ਆਇਆ ਅਰ ਉਸੇ ਕੋਠੜੀ ਵਿਚ ਪਾਟੀ ਹੋਈ ਦਰੀ ਪੁਰ ਡਿਗ ਪਏ।

—o—

ਪੰਜਵਾਂ ਅੰਗ

"ਹੈਂ! ਇਹ ਤਾਂ ਬਾਲ ਗੋਬਿੰਦ ਹੈ!"

ਜਿਸ ਵੇਲੇ ਸਰਜੂ ਨੇ ਚੰਦ੍ਰ ਭੂਸ਼ਨ ਨੂੰ ਲਿਆਕੇ ਇਕ ਖਾਲੀ ਥਾਂ ਇਕੱਲੀ ਵਿਚ ਉਸਦੇ ਹਥਾਂ ਪੈਰਾਂ ਦੀਆਂ ਮੁਸ਼ਕਾਂ ਬੰਨਕੇ ਬਿਠਲਾਯਾ ਅਰ ਮੋਮਬਤੀ ਜਗਾ ਦਿਤੀ ਤਾਂ ਉਸ ਵੇਲੇ ਇਸਦੇ ਮੂੰਹ ਮਥੇ ਤੋਂ ਕਿਸੇ ਤਰਾਂ ਦੀ ਉਦਾਸੀ ਦਾ ਚਿੰਨ ਨਹੀਂ ਪ੍ਰਗਟ ਹੁੰਦੀ ਸੀ। ਸਰਜੂ ਆਪ ਤਾਂ ਕਟਾਰ ਪਕੜੇ ਹੋਏ ਕੋਠੜੀ ਵਿਚ ਇਧਰ ਉਧਰ ਫਿਰਦੀ ਯਾ ਕਦੀ

ਕਦੀ ਇਥੋ ਦੀ ਘਈ ਹੋਈ ਇਕ ਕੁਰਸੀ ਪੁਰ ਬੈਠ ਜਾਂਦੀ। ਪਰ ਬਾਰਾਂ ਦਰੀ ਦੇ ਬਾਹਰ ਚਾਰੇ ਪਾਸਿਓਂ ਨੁਕਰਾਂ ਪੁਰ ਵੀਹ ਸ਼ਸਤ੍ਰ ਧਾਰੀ ਜੁਆਨ ਸਿਪਾਹੀਆਂ ਦਾ ਪਹਿਰਾ ਨਿਯਤ ਕਰ ਦਿਤਾ ਸੀ ਅਰ ਉਹ ਭੀ ਤਿੰਨਾਂ ਤਿੰਨਾਂ ਘੰਟਿਆਂ ਪਿਛੋਂ ਬਦਲ ਜਾਂਦਾ ਇਸ ਤਕੜਾਈ ਦੇ ਪਹਿਰੇ ਨੇ ਚੰਦ੍ਰ ਭੂਸ਼ਨ ਦੀਆਂ ਆਸਾਂ ਪੁਰ ਪਾਨੀ ਪਾ ਦਿਤਾ ਪਰ ਇਸਦੀ ਗਠੀਹੰਈ ਹਿੰਮਤ ਅਰ ਰਲਦੀਆਂ ਹੋਈਆ ਤਦਬੀਰਾਂ ਕੁਝ ਅਜਹੀਆਂ ਨਹੀਂ ਸਨ ਜੋ ਇਸ ਤਰ੍ਹਾਂ ਜਿਹੇ ਸਦਮੇ ਨਾਲ ਟੁਟ ਜਾਂਦੀਆਂ ਉਸਨੂੰ ਆਪਨੇ ਬਚਾਓ ਦਾ ਐਨਾ ਫਿਕਰ ਨਹੀ ਸੀ ਜਿਤਨਾ ਉਸਨੂੰ ਸਰਜੂ ਦੇਉਲ੍ਹ ਬਨਾਉਨ ਦੀ ਲਿਵ ਲਗ ਰਹੀ ਸੀ। ਪਰ ਚਾਰੇ ਪਾਸਿਆਂ ਦੇ ਬੂਹੇ ਖੁਲੇ ਰਹਿਨ ਕਰਕੇ ਕੁਝ ਉਸਦਾ ਚਿਤ ਉਕ ਜਾਂਦਾ ਸੀ।

ਚੰਦ੍ਰ ਭੂਸ਼ਨ—ਮੈਨੂੰ ਤੇਰੇ ਤੇ ਬੜਾ ਤਰਸ ਆਉਂਦਾ ਹੈ।

ਸਰਜੂ—(ਹਸਕੇ , ਕਿਉਂ ?

ਚੰਦ੍ਰ ਭੂਸ਼ਨ—ਇਸ ਲਈ ਕਿ ਤੂੰ ਹੁਨ ਇਸ ਸੰਸਾਰ ਵਿਚ ਥੋੜੇ ਚਿਰ ਦੀ ਹੀ ਪਰਾਹੁਨੀ ਹੈਂ। ਇਹ ਗੁਲਾਬ ਦੇ ਫੁਲ ਵਾਂਗੂ ਕੋਮਲ ਚਿਹਰਾ ਥੋੜੇ ਚਿਰ ਨੂੰ ਹੀ ਹਲਦੀ ਦੀ ਗੰਢੀ ਹੋ ਜਾਵੇਗਾ ਤੇਰੇ ਕੋਮਲ ਕੋਮਲ ਹਥ ਅਤੇ ਪੈਰ ਆਕੜ ਕੇ ਲਕੜ ਹੋ ਜਾਵਨ

ਗੇ ਅਰ ਕਾਗਤ ਤੇ ਲਿਖੇ ਹੋਏ ਨਾਮ ਦੇ ਮੇਟਨ ਵਾਂਙ ਕਿਸੇ ਤਰਾਂ ਸਦਾ ਲਈ ਅਜ ਤੈਨੂੰ ਸਮੇਟਯਾ ਜਾਵੇਗਾ।

ਸਰਜੂ–ਇਹ ਤਾਂ ਤੂੰ ਅਪਨੀ ਦਸ਼ਾ ਮੇਰੇ ਤੇ ਲਾ ਲਾ ਕੇ ਦਸ ਰਿਹਾ ਹੈਂ।

ਚੰਦ੍ਰ ਭੂਸ਼ਨ–ਬਸ ਇਹੋ ਤਾਂ ਤੇਰੀਆਂ ਵਿਗੜੀਆਂ ਵਿਗੜੀਆਂ ਗੱਲਾਂ ਤੇਰੀ ਮੌਤ ਦੀਆਂ ਨਿਸ਼ਾਨੀਆਂ ਹਨ।

ਸਰਜੂ–ਹਛਾ ਜੋ ਹੋਵੇਗਾ। ਸਵੇਰੇ ਆਪੇ ਦੇਖਿਆ ਜਾਊ ਕਿਸਦੀ ਮੌਤ ਅਵਾਜਾਂ ਮਾਰਦੀ ਹੈ।

ਚੰਦ੍ਰਭੂਸ਼ਨ–ਸਵੇਰੇ ਨਹੀਂ ਜੀ ਸਵੇਰ ਤਾਂ ਦੂਰ ਹੈ ਰਾਤ ਨੂੰ ਹੀ ਦੇਖਣਾ ਕਿ ਕੀ ਹੇਠਲੀ ਉਤਾਂਹ ਹੋ ਜਾਂਦੀ ਹੈ। ਅਰ ਮੈਂ ਸਚੀ ਕਹਿੰਦਾ ਹਾਂ ਕਿ ਹੁਨ ਤੇਰਾ ਬਚਨਾ ਔਖਾ ਹੈ। ਸਾਡੇ ਨਾਲ ਮਥਾ ਲਾਉਨਾ ਕੋਈ ਮਮੂਲੀ ਗਲ ਨਹੀਂ।

ਇਹ ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਮਾਧਵੀ ਜੋ ਅਜੇ ਤਕ ਪਹਿਰੇ ਨਹੀਂ ਸੀ ਆਈ ਇਕ ਬੂਹੇ ਵਿਚੋਂ ਆ ਪਹੁੰਚੀ ਇਸਨੂੰ ਪਹਿਰੇ ਦਾਰਾਂ ਨੂੰ ਰੋਕਨ ਦਾ ਹੁਕਮ ਨਹਾਂ ਸੀ ਇਸ ਲਈ ਸਿੱਧੀ ਬਾਰਾਂਦਰੀ ਵਿਚ ਪਹੁੰਚੀ।

ਸਰਜੂ-- ਨੀ ਭੂਆ ਤੂੰ ਐਨਾ ਚਿਰ ਕਿਥੇ ਲਾਯਾ ਹੈ? ਅਰ ਚਪਲਾ ਕਿਥੇ ਹੈ? ਤੁਸੀਂ ਦੋਵੇਂ ਹੁਨ ਛੋਟੇ

ਛੋਟੇ ਕੰਮਾਂ ਤੋਂ ਭੀ ਵੇਸਲੀਆਂ ਹੁੰਦੀਆਂ ਹੋ ਮਮੂਲੀ ਆਦਮੀ ਅਰ ਅਯਾਰ ਵਿਚ ਜਿਮੀਂ ਅਸਮਾਨ ਦਾ ਫਰਕ ਹੁੰਦਾ ਹੈ ਹੁਨ ਚਪਲਾਂ ਹੈ ਕਿਥੇ ?

ਮਾਧਵੀ--ਉਹ ਭੀ ਪਿਛੇ ੨ ਆਉਂਦੀ ਹੋਵੇਗੀ ਮੈਂ ਉਸਨੂੰ ਆਉਨ ਲਈ ਕਹਿਕੇ ਚਲੀ ਆਈ ਹਾਂ ਪਰ ਅਸਾਡੀ ਇਸਦੇ ਲਈ ਲੋੜ ਹੀ ਕੀ ਸੀ। ਵੀਹ ਵੀਹ ਸਿਪਾਹੀ ਪਹਿਰੇ ਪੁਰ। ਤੁਸੀ ਤਾਂ ਅਕਲੀ ਹੀ ਇਸ ਨਕਸੜੇ ਲਈ ਬਹੁਤ ਸੀ ਕੀ ਮੇਰੇ ਇਕ ਦੇ ਨਾਂ ਆਉਨ ਨਾਲ ਕੀ ਹੋ ਗਿਆ ਹੈ।

ਇਹ ਸੁਣਦੇ ਹੀ ਚੰਦ੍ਰਭੂਸ਼ਨ ਬੋਲ ਉਠਿਆ ਹਛਾ ਕੀ ਹੋਯਾ ਵਡੀ ਅੰਮਾਂ ਸੋ ਵਡੀ ਅੰਮਾਂ ਛੋਟੀ ਦਾ ਕੀ ਕਹਿਨਾ। ਮਾਧਵੀ ਤੂੰ ਬੀ ਸਰਜੂ ਦੀ ਭੀ ਦਾਈ ਆਈਓਂ ਕਿਉਂ ਸਰਜੂ ਇਹ ਤਾਂ ਤੇਰੇ ਭੀ ਕੰਨ ਕੁਤਰਦੀ ਹੈ।

ਸਰਜੂ ਅਜੇ ਕੁਝ ਕਹਿਨ ਹੀ ਲਗੀ ਸੀ ਕਿ ਚਪਲਾ ਭੀ ਅੰਦਰ ਆ ਗਈ ਚੰਦ੍ਰਭੂਸ਼ਨ ਨੇ ਇਸਨੂੰ ਦੇਖਕੇ ਕਿਹਾ ਕਿ ਹੋਰ ਤੀਜਾ ਬਲਾ ਆਗਈ ਹੈ।

ਚਪਲਾ--ਸਰਜੂ ਤੈਨੂੰ ਮਹਾਰਾਜ ਨੇ ਛੇਤੀ ਸਦਯਾ ਹੈ।

ਸਰਜੂ--ਮਹਾਰਾਜ ਹੈਨ ਕਿਥੇ ?

ਚਪਲਾ--ਬਨਵਾਸ ਵਿਚ ਛੇਤੀ ਚਲੋ ਕੋਈ ਬੜਾ ਜਰੂਰੀ ਕੰਮ ਹੋਣਾ ਹੈ ਇਸੇ ਵਾਸਤੇ ਤਾਂ ਮਣੂੰ

ਚਿਰ ਲਗਾ ਨਹੀਂ ਤਾਂ ਮੈਂ ਕਦੋਂ ਦੀ ਆਗਈ ਹੁੰਦੀ।

ਸਰਜੂ— ਪਰ ਮੈਂ ਤਾਂ ਇਸਨੂੰ ਛਡਕੇ ਕਿਧਰੇ ਨਹੀਂ ਜਾ ਸਕਦੀ

ਚਪਲਾ—ਇਹ ਤੁਹਾਡੀ ਮਰਜੀ ਮੈਂ ਜੋ ਮਾਲਕ ਦਾ ਹੁਕਮ ਹੈ ਦਸ ਦਿਤਾ ਹੈ।

ਸਰਜੂ—ਪਰ ਬਦਨਾਮੀ ਛੇਤੀ ਮਿਲਦੀ ਹੈ ਅਰ ਭਲਯਾਈ ਦੇਨ ਵਾਲੇ ਘਟ ਹਨ।

ਚਪਲਾ—ਹਛਾ ਤਾਂ ਮੈਂ ਮਹਾਰਾਜ ਨੂੰ ਜਾਕੇ ਕੀ ਆਖਾਂ

ਸਰਜੂ— ਜਬਾਨੀ ਕਹਿਣਾ ਠੀਕ ਨਾ ਹੋਵੇਗਾ ਮੈਂ ਤੈਨੂੰ ਇਕ ਚਿਠੀ ਦੇਂਦੀ ਹਾਂ।

ਚਪਲਾ—ਚਿਠਾ ਤਾਂ ਛੇਤੀ ਲਿਖ ਦੇਹ।

ਸਰਜੂ ਨੇ ਕਲਮ ਦੁਵਾਤ ਅਰ ਕਾਗਤ ਅਲਮਾਰੀ ਵਿਚੋਂ ਕਢਯਾ ਅਰ ਕੰਧ ਦੇ ਆਸਰੇ ਲਗਕੇ ਛੇਤੀ ਨਾਲ ਕੁਝ ਲਿਖਯਾ ਅਰ ਉਸ ਕਾਗਤ ਨੂੰ ਵਲੇਟ ਕੇ ਕਹਿਨ ਲਗੀ।

ਸਰਜੂ-- ਇਹ ਲੋ। ਜੇਕਰ ਮਹਾਰਾਜ ਇਸਦਾ ਕੁਝ ਉਤਰ ਦੇਨ ਤਾਂ ਛੇਤੀ ਲੇਕੇ ਆਉਣਾ।

ਚਪਲਾਂ ਨੇ ਚਿਠੀ ਲੈਨ ਲਈ ਅਗੇ ਹਥ ਵਧਾਯਾ ਅਰ ਇਧਰੋਂ ਚਤੁਰ ਸਰਜੂ ਨੇ ਇਕ ਹਥ ਨਾਲ ਉਸਨੂੰ ਚਿਠੀ ਥਮਾਈ ਅਰ ਦੂਜੇ ਹਥ ਨਾਲ ਛੇਤੀ ਉਸਦੀ ਵੀਣੀ ਪਕੜਕੇ ਦੋ ਤਮਾਚੇ ਜੋਰ ਨਾਲ

ਦੀ ਅ...

ਮੂੰਹ ਤੇ ਮਾਰਕੇ ਕਿਹਾ " ਵੇ ਕਲ ਦੇ ਹਥਾਂ ਵਿਚ ਜਮੇ ਹੋਏ ਛੋਕਰੇ ਸਾਡੇ ਨਾਲ ਭੀ ਉਸਤਾਦੀ ਅਜੇ ਕੁਝ ਦਿਨ ਜਾ ਕੇ ਅਯਾਰੀ ਕਰਨ ਦਾ ਵਲ ਸਿਖੇਂ ਇਹ ਸੁਨਕੇ ਨਕਲੀ ਚਪਲਾਂ ਫੜਕੀ ਅਰ ਹਥ ਛੁਡਾਉਨ ਚਾਹੁੰਦੀ ਹੀ ਸੀ ਕਿ ਬਹੋਸ਼ੀ ਦਾ ਭਰਿਆ ਦੋਯਾ ਤਮੰਚਾ ਮੂੰਹ ਤੇ ਪਿਆ ਜਿਸਦੇ ਵਜਦਿਆਂ ਹੀ ਬੇਹੋਸ਼ ਹੋ ਕੇ ਜ਼ਿਮੀ ਤੇ ਡਿਗੀ।

ਸਰਜੂ--ਮਾਧਵੀ ਇਸਦੇ ਪਾਸ ਆਉਨੇ ਅਰ ਪਰਗਟਨ ਲਈ ਮੈਂ ਕਹੀ ਚਾਲ ਖੇਡੀ ਹੈ। ਉਂਝ ਤਾਂ ਮੈਂ ਇਸਨੂੰ ਇਕ ਹੀ ਨਜ਼ਰ ਵਿਚ ਤਾੜ ਗਈ ਸਾਂ। ਪਰ ਜਦ ਉਸਨੇ ਮਹਾਰਾਜ ਦੇ ਬੁਲਾਉਨ ਬਾਬਤ ਕਿਹਾ ਤਾਂ ਮੈਨੂੰ ਹੋਰ ਭੀ ਭਰਮ ਪਿਆ। ਭਤਾ ਪਾਨੀ ਗਰਮ ਕਰਕ ਲਿਆਖਾਂ ਇਸਦਾ ਮੂੰਹ ਧੋ ਕੇ ਦੇਖੀਏ ਕਿ ਇਹ ਕੇੜਾ ਬੁੰਛਾ ਹੈ।'

ਮਾਧਵੀ ਇਹ ਸੁਨਕੇ ਛੇਤੀ ਨਾਲ ਤਤਾ ਪਾਨੀ ਕਰਕੇ ਲਿਆਈ ਜਿਸ ਨਾਲ ਇਸ ਨਕਲੀ ਚਪਲਾ ਦਾ ਮੂੰਹ ਧੋਤਾ ਗਿਆ ਜਦ ਅਯਾਰੀ ਦਾ ਰੰਗ ਧੂੜਾ ਸਾਫ ਸਾਫ ਉਤਰ ਗਿਆ ਅਰ ਇਸ ਬੇਹੋਸ਼ ਦਾ ਚਿਹਰਾ ਜੋ ਦੇਖਯਾ ਤਾਂ ਛੇਤੀ ਨਾਲ ਸਰਜੂ ਬੋਲ ਉਠੀ " ਹੈਂ ਇਹ ਤਾਂ ਬਾਲਗੋਬਿੰਦ ਹੈ।"

ਫੇਰ ਤਾਂ ਇਸਦੀਆਂ ਭੀ ਮੁਸ਼ਕਾਂ ਬੰਨ ਦਿਤੀਆਂ

ਅਰ ਚੰਦ੍ਰ ਭੂਸ਼ਨ ਦੇ ਪਾਸ ਬਿਠਾਲ ਦਿਤਾ। ਅਰ ਇਉਂ ਬੋਲੀ ੪-੧

ਸਰਜੂ--ਬਸ ਇਨਾਂ ਹੀ ਘਿਮੈਤੀਆਂ ਪੁਰ ਤੈਨੂੰ ਘਮੰਡ ਸੀ। ਦੇਖੋ ਨਾ ਕਿਸਤਰਾਂ ਚਲੇ ਆਉਂਦੇ ਹਨ ਜਿਕੂੰ ਸਰਜੂ ਅਗੋਂ ਕੋਈ ਗਾਜਰ ਮੂਲੀ ਬੈਠੀ ਹੈ। ਰਬ ਚਾਹੇ ਤਾਂ ਇਕ ਦੋ ਹੋਰ ਹਾਤ ਤਕ ਫਸਾਵਾਂਗੀ।

ਵਿਚਾਰਾ ਚੰਦ੍ਰ ਭੂਸ਼ਨ ਇਹ ਸੁਨਕੇ ਕੁਝ ਨਾਂ ਬੋਲਿਆ। ਮਨ ਹੀ ਮਨ ਵਿਚ ਆਖ ਰਿਹਾ ਸੀ ਕਿ ਬੁਰੀ ਬਲਾ ਨਾਲ ਸਾਮਨਾ ਪਿਆ ਹੈ। ਹੁਨ ਤਾਂ ਬਾਸ਼ੂਰ ਦੇ ਹਥ ਹੀ ਡੋਰੀ ਹੈ।

ਸਰਜੂ--ਮਾਧਵੀ ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਚੰਡਾਲ ਨੇ ਕਿਧਰੇ ਚਪਲਾ ਨੂੰ ਬੇਸੁਧ ਕਰਕੇ ਲੁਕਾ ਦਿਤਾ ਹੈ ਹੁਨ ਉਸਦਾ ਭੀ ਪਤਾ ਕਢਨਾ ਚਾਹੀਏ ਕਿ ਉਹ ਕਿਥੇ ਹੈ

ਮਾਧਵੀ- ਮੈਂ ਭੀ ਇਹੋ ਸੋਚ ਦੀ ਹਾਂ ਕਿ ਯਾ ਤਾਂ ਉਸ ਨੂੰ ਪਕੜ ਲਿਆ ਹੈ ਯਾ ਇਸੇ ਬਾਗ ਦੇ ਆਸ ਪਾਸ ਆਉਂਦੇ ੨ ਬੇਹੋਸ਼ ਕਰ ਦਿਤਾ।

ਸਰਜੂ- ਇਸ ਤਰਾਂ ਹੀ ਹੋਵੇਗਾ ਪਰ ਇਹ ਪੁਛਨ ਤੋਂ ਤਾਂ ਇਹ ਨਹੀਂ ਦਸਨਗੇ।

ਦੋਹਾਂ ਵਿਚ ਇਹ ਗਲਾਂ ਹੋ ਰਹੀਆਂ ਸਨ ਕਿ ਇਕ ਵਾਰਗੀ ਬਾਹਰੋਂ ਸਿਪਾਹੀਆਂ ਦੇ ਖੜ ਖੜ ਦੀ ਅਵਾਜ਼

ਆਈ ਜਿਸ ਨੂੰ ਸੁਣ ਕੇ ਇਨਾਂ ਦੋਹਾਂ ਨੇ ਮੂੰਹ ਮੋੜ ਬਾਹਰ ਵਲ ਜੋ ਵੇਖਯਾ ਤਾਂ ਅਜੀਬ ਤਮਾਸ਼ਾ ਦੇਖਯਾ ਕਿ ਮਹਾਰਾਜ ਬਲਭਦ੍ਰ ਸਿੰਘ ਘੋੜੇ ਤੋਂ ਉਤਰ ਰਹੇ ਸਨ ਇਨਾਂ ਦੇ ਉਤਰ ਦਿਆਂ ਹੀ ਸਿਪਾਹੀਆਂ ਨੇ ਲੰਮੀ ਪਲਾਂਗ ਬੰਨਕੇ ਸਲਾਮੀ ਦਿਤੀ । ਜਿਸਨੂੰ ਮਹਾਰਾਜ ਹਥ ਦੀ ਸੈਨਤ ਕਰਕ ਅੰਦਰ ਚਲੇ ਆਏ । ਅੰਦਰ ਆਉਂਦਿਆਂ ਹੀ ਮਾਧਵੀ ਅਰ ਸਰਜੂ ਦੋਵੇਂ ਅਦਬ ਨਾਲ ਨਿਊਂ ਗਈਆਂ ।

ਬਲਭਦ੍ਰ ਸਿੰਘ—ਸਰਜੂ ! ਇਹ ਕੀ ? ਇਹ ਦੂਜਾ ਬਾਲਿਕ ਇਸ ਦੇ ਨਾਲ ਕੌਨ ਹੈ ? ਇਹ ਸੁਨਕੇ ਸਰਜੂ ਨੇ ਸਾਰਾ ਹਾਲ ਕਹਿ ਸੁਨਾਯਾ ।

ਬਲਭਦ੍ਰ ਸਿੰਘ—ਠੀਕ ਹੈ ! ਤਦੇ ਤਾਂ ਸਾਡਾ ਮਨ ਭੀ ਉਥੇ ਬੈਠੇ ਬੈਠੇ ਘਬਰਾਯਾ ਅਰ ਮੈਂ ਅਕੱਲਯਾ ਹੀ ਇਥੇ ਚਲਾ ਆਯਾ ਕਿ ਚਲਕੇ ਆਪਨੀ ਆਗਯਾ ਪਾਲਕ ਸਰਜੂ ਨੂੰ ਤਾਂ ਦੇਖ ਆਵਾਂ ਅਰ ਤੂੰ ਸਾਰੀ ਰਾਤ ਜਾਗਨਾ ਭੀ ਹੈ ਇਸ ਲਈ ਮੈਂ ਆਪਨੇ ਔਸ਼ਧਾਲਯ ਤੋਂ ਇਕ ਅਜੇਹੀ ਚੀਜ਼ ਲਿਆਯਾ ਹਾਂ ਜੋ ਇਕ ਤਰਾਂ ਦੀ ਮਠਿਆਈ ਹੈ ਪਰ ਉਸਦੇ ਖਾਨ ਨਾਲ ਸਾਰੀ ਰਾਤ ਤੈਨੂੰ ਊਂਘ ਨਾ ਆਵੇਗੀ ਅਰ ਨਾਹੀ ਸਵੇਰੇ ਇਸਦਾ ਕੁਝ ਅਸਰ ਮਲੂਮ ਹੋਵੇਗਾ ।

ਮਹਾਰਾਜ ਨੇ ਇਹ ਆਖਕੇ ਆਪਨੇ ਪਲਤੇ

ਵਿਚੋਂ ਇਕ ਸੁਨਹਿਰੀ ਬਟੂਆ ਕਢਯਾ ਅਰ ਸਰਜੂ ਦੇ ਹਥ ਵਿਚ ਦੇ ਦਿਤਾ। ਸਰਜੂ ਨੇ ਲੈਕੇ ਉਸਨੂੰ ਖੋਲਯਾ ਤਾਂ ਚਾਂਦੀ ਦੇ ਵਰਕਾਂ ਵਿਚ ਮੜ੍ਹਯਾ ਹੋਯਾ ਇਕ ਮਠਯਾਈ ਦਾ ਟਕੜਾ ਦੇਖਯਾ ਨਾਲ ਹੀ ਸਿਓਨੇ ਦਾ ਇਕ ਛੋਟਾ ਜਿਹਾ ਚਮਚਾ ਭੀ ਸੀ ਜਿਸਤੋਂ ਉਸਨੇ ਮਠਯਾਈ ਕਢਕੇ ਕੁਛ ਤਾਂ ਮਾਧਵੀ ਦੇ ਹਥ ਪੁਰ ਰਖੀ ਅਰ ਕੁਛ ਆਪ ਮੂੰਹ ਮੋੜਕੇ ਖਾਨ ਲਗੀ।

ਦਿਖਾਉਨ ਨੂੰ ਤਾਂ ਸਰਜੂ ਨੇ ਮੂੰਹ ਮੋੜਕੇ ਮਠਯਾਈ ਖਾਧੀ ਪਰ ਅਸਲ ਵਿਚ ਬਲਭਦ੍ਰ ਸਿੰਘ ਤੋਂ ਓਲ੍ਹੇ ਕਰਕੇ ਉਸਨੇ ਮਠਯਾਈ ਨੂੰ ਸੁੰਘਯਾ ਪਰ ਬਲਭਦ੍ਰ ਸਿੰਘ ਭੀ ਇਸ ਚੁੜੇਲ ਦੀ ਚਾਲਾਕੀ ਨੂੰ ਚੰਗੀ ਤਰਾਂ ਅਖ ਬਚਾ ਬਚਾ ਕੇ ਤਾੜ ਰਹੇ ਸਨ ਅਰ ਜਦ ਸਰਜੂ ਨੂੰ ਇਸ ਤਰਾਂ ਮਠਯਾਈ ਲੁਕਾਉਂਦਿਆਂ ਦੇਖਯਾ ਤਾਂ ਹੌਲੀ ਹੌਲੀ ਉਠਕੇ ਦਰਵਾਜੇ ਦੇ ਪਾਸ ਹਟਨ ਲਗੇ।

ਸਰਜੂ--ਮਹਾਰਾਜ! ਬਿਰਾਜੀਏਨਾ। ਇਸੇ ਕੁਰਸੀ ਹੁਣ ਹੀ ਪਧਾਰੀਏ। ਦਾਸੀ ਪਾਨ ਲਿਆਈ ਖਾਨ ਲਗਾਉਂਦੀ ਹੈ ਖਾਕ ਜਾਨਾ।

ਮਹਾਰਾਜ—ਸਰਜੂ! ਮੈਨੂੰ ਵੇਹਲ ਨਹੀਂ ਹੈ ਮੈਂ ਜਿਸ ਕੰਮ ਲਈ ਆਯਾ ਸਾਂ ਉਹ ਹੋ ਗਿਆ ਹੈ। ਮੈਂ ਹੁਣ ਚਲਦਾ ਹਾਂ।

ਸਰਜੂ-ਮਹਾਰਾਜ! ਅਜੇ ਆਪਦਾ ਕੰਮ ਕਿਥੇ ਪੂਰਾ

ਹੋਯਾ ਹੈ ? ਇਹ ਸੁਣਦੇ ਹੀ ਮਹਾਰਾਜ ਨੇ ਝਿੜਕ ਕੇ ਕਿਹਾ ਚੁਪ ਕੁੜੀ ! ਹਛਾ ! ਅਗੇ ਤਾਂ ਪੂਰਾ ਨਹੀਂ ਹੋਯਾ ਪਰ ਰੰਡੀਏ ! ਹੁਣ ਪੂਰਾ ਕਰਕੇ ਹਾ ਛਡਾਂ ਗੇ। ਤੂੰ ਕੇੜ੍ਹੀ ਸ਼ੇਖੀ ਤੇ ਰਾਜਿਆਂ ਨਾਲ ਮੁਕਾਬਲਾ ਕਰਦੀ ਹੈ ?

ਇਤਨਾ ਸੁਣਦਿਆਂ ਹੀ ਚੰਦ੍ਰ ਭੂਸ਼ਣ ਬਿਆਕੁਲ ਹੋਯਾ ਅਤੇ ਆਖਣ ਲਗਾ ! ਭਾਈ ਸਾਹਿਬ ਛੇਤੀ ਭਜੋ ਇਸ ਚੰਦ੍ਰੀ ਕਿਖਸਮਨ ਨੇ ਤੁਸਾਨੂੰ ਪਛਾਣ ਲਿਆ ਹੈ !

ਅਸਲ ਵਿਚ ਠੀਕ ਹੀ ਸਰਜੂ ਅਰ ਅਧਵੀ ਦੋਵੇਂ ਹੀ ਤਾੜ ਗਈਆਂ ਸਨ। ਪਰ ਇਹ ਦਲੇਰ ਅਯਾਰ ਭੀ ਘਟ ਨਹੀਂ ਸੀ। ਹਟਦਾ ਹੋਯਾ ਝਟ ਦਰਵਾਜਿਓਂ ਬਾਹਰ ਆਯਾ ਜਿਸਨੂੰ ਦੇਖਦਿਆਂ ਹੀ ਸਾਰੇ ਸਿਪਾਹੀ ਅਦਬ ਨਾਲ ਖੜੇ ਹੋ ਗਏ। ਇਥੇ ਇਕ ਹੋਰ ਚਾਲ ਖੇਡੀ ਕਿ ਜਿਨੇ ਚਿਰ ਤਕ ਸਰਜੂ ਅਰ ਮਾਧਵੀ ਅੰਦਰੋਂ ਨਿਕਲ ਕੇ ਸਿਪਾਹੀਆਂ ਨੂੰ ਕੁਝ ਆਖਣ। ਇਸ ਅਯਾਰ ਨੇ ਪਹਿਲੇ ਹੀ ਕੜਕ ਕੇ ਹੁਕਮ ਦਿਤਾ ਕਿ "ਇਹ ਦੋਵੇਂ ਸ੍ਵਾਰੀ ਬਾਗੀ ਹਨ ਇਨ੍ਹਾਂ ਦੀ ਇਕ ਭੀ ਨਾ ਸੁਣੋ ਅਰ ਛੇਤੀ ਨਾਲ ਪਕੜ ਕੇ ਮੇਰੇ ਪਾਸ ਲੇ ਆਉਣਾ।

ਸਿਪਾਹੀਆਂ ਨੂੰ ਮਾਲਕ ਦੇ ਹੁਕਮ ਪੁਰ ਘੁਮੰਡ ਸੀ ਉਹ ਕੋਠੜੀ ਵਿਚ ਚਲੇ ਹੀ ਸਨ ਕਿ ਇਸ ਦੋਵੇਂ ਅੰਦਰੋਂ ਬਹਾਰ ਨਿਕਲੀਆਂ ਅਰ ਕੁਝ ਆਖਣਾ ਹੀ ਚਾਹੁੰਦੀਆਂ ਸਨ ਕਿ ਸਿਪਾਹੀਆਂ ਨੇ ਨਾ ਨੂੰ ਕੀਤੀ ਨਾ ਹਾਂ ਦੋਵੇਂ

ਬੇਖਬਰ ਤਾਂ ਹੈ ਹੀ ਸਨ ਝਟ ਦੋਹਾਂ ਦੀਆਂ ਮੁਸ਼ਕਾਂ ਕਸ ਦਿਤੀਆਂ ਇਧਰ ਸਮਯ ਪਾਕੇ ਅਸਵਾਰ ਹੋਣੀ ਘੋੜੇ ਤੇ ਚੜ੍ਹ ਹਵਾ ਹੋ ਗਏ।

ਨਕਲੀ ਬਲਭਦਰ ਸਿੰਘ ਦਾ ਸਾਫ ਬਚ ਕੇ ਨਠ ਜਾਣਾ ਦੇਖਕੇ ਸਰਜੂ ਅਰ ਮਾਧਵੀ ਕਚੀਚੀਆਂ ਵਟਣ ਲਗੀਆਂ ਅਰ ਇਨਾਂ ਬੇਅਕਲ ਸਿਪਾਹੀਆਂ ਨੂੰ ਜਦ ਚੰਗੀ ਤਰਾਂ ਸਮਝਾਯਾ ਤਾਂ ਉਨ੍ਹਾਂ ਦੀਆਂ ਅਖਾਂ ਤੋਂ ਭੀ ਪਟੀ ਖੁਲੀ ਅਰ ਸਾਰਿਆਂ ਨੇ ਮਾਫੀ ਮੰਗੀ ਅਰ ਅਪਣੀ ਭੁਲ ਬਖਸ਼ਵਾਈ।

ਸਰਜੂ—ਗਲ ਇਹ ਹੈ ਕਿ ਤੁਸਾਂ ਵਿਚਾਰਿਆਂ ਦਾ ਕੋਈ ਦੋਸ਼ ਨਹੀਂ ਬੜੇ ਬੜੇ ਸਿਆਣੇ ਭੁਲ ਜਾਂਦੇ ਹਨ। ਪਰ ਹੁਨ ਭੀ ਛੇਤੀ ਕਰੋ ਖਵਰੇ ਉਹ ਪਾਪੀ ਪਕੜਿਆ ਜਾਵੇ। ਤੁਸਾਂ ਸਾਰਿਆਂ ਦੇ ਪਾਸ ਭੀ ਤਾਂ ਘੋੜੇ ਹਨ ਅਰ ਉਹ ਅਜੇ ਬਹੁਤੀ ਦੂਰ ਨਹੀਂ ਗਿਆ ਹੋਣਾ। ਤੁਸਾਂ ਵਿਚੋਂ ਦਸ ਆਦਮੀ ਛੇਤੀ ਜਾਓ ਅਰ ਪਕੜ ਕੇ ਲੈ ਆਓ। ਤਾਂ ਮੈਂ ਖੜੋਤੇ ਖੜਤੇ ਉਸਦੀ ਕਰਤੂਤ ਦਾ ਉਸਨੂੰ ਸੁਆਦ ਦਸ ਦਵਾਂ ਅਰ ਚਾਂਦਨੀ ਰਾਤ ਤੁਸਾਡੀ ਹੋਰ ਭੀ ਮਦਦ ਕਰੇਗੀ।

ਸਿਪਾਹੀਆਂ ਵਿਚੋਂ ਜੋ ਸੂਵਾਰ ਜਆਨ ਸਨ ਛੇਤੀ ਪਲਾਕੀਆਂ ਮਾਰ ਘੋੜਿਆਂ ਤੇ ਚੜ੍ਹ ਚੱਪਤ ਹੋ ਗਏ।

ਸਰਜੂ ਅਰ ਮਾਧਵੀ ਕੁਝ ਚਿਰ ਤਾਂ ਇਨਾਂ ਅਸਵਾਰਾਂ

ਨੂੰ ਉਡੀਕਦੀਆਂ ਰਹੀਆਂ ਪਰ ਜਦ ਉਨਾਂ ਨੂੰ ਬੜਾ ਚਿਰ ਹੋ ਗਿਆ ਤਾਂ ਅੰਦਰ ਮੁੜ ਆਈਆਂ ਅਰ ਅੰਦਰ ਆਕੇ ਦੇਖਣਾ ਕਿ ਹੁਣ ਬਾਲ ਗੋਬਿੰਦ ਭੀ ਹੋਸ਼ ਵਿਚ ਆਕੇ ਰਿੜਦਾ ਖਿੜਦਾ ਚੰਦੂ ਭੂਸ਼ਨ ਦੇ ਪਾਸ ਆ ਬੈਠਾ ਹੈ।

ਸਰਜੂ—ਨਕ ਵਢਿਓ! ਤੁਸੀ ਮੇਰੀ ਨਕ ਜਾਨ ਲਿਆ ਦਿਤੀ ਹੈ ਪਰ ਮੇਰਾ ਭੀ ਨਾਉ ਸਰਜੂ ਤਦੇ ਹੀ ਹੈ ਜੇ ਇਕ ਇਕ ਨੂੰ ਚੁਣਕੇ ਨਾ ਮਾਰਾ ਤਾਂ! ਅਰ ਉਹ ਤੁਸਾਡਾ ਉਸਤਾਦ ਮੇਰਾ ਭੀਮ ਕਿਸ ਥਾਂ ਹੈ? ਉਹ ਭੀ ਤੁਸਾਨੂੰ ਛੁਡਾਉਣ ਆਵੇਗਾ ਕਿ ਨਹੀਂ?

ਬਾਲਗੋਬਿੰਦ—ਔਤਰੀਏ ਤੇਰੇ ਸਿਰ ਖੇਹ ਪਾਉਣ ਆਵੇਗਾ? ਕੁਤੀਏ! ਵਡੇ ਉਸਤਾਦਾਂ ਦੀ ਅਜੇਹੀ ਬੇਅਦਬੀ ਇਸਤਰਾਂ ਨਾਮ ਲਈਦਾ ਹੈ। ਵੀਹ ਵਾਰੀ ਗੁਲਾਬ ਨਾਲ ਕੁਲੀਆਂ ਕਰ ਲੈ ਤਦ ਵਡਿਆਂ ਦਾ ਨਾਮ ਇਸ ਚੰਦਰੇ ਮੂਹੋਂ ਲੈ। ਤੇਰੇ ਅਜਿਹੇ ਮੂਹ ਵਿਚ ਕੀੜੇ ਪੈਣ।

ਸਰਜੂ—ਖਸਮਾਂ ਨੂੰ ਖਾਣਾ! ਤੈਨੂੰ ਅਰ ਤੇਰੇ ਉਸਤਾਦ ਨੂੰ ਵਢਕੇ ਨੀਂਹ ਹੇਠਾਂ ਦੇਣਾਂ। ਬੇ ਸ਼ਰਮ ਰਤਾ ਹਯਾ ਕਰੋ। ਨਹੀਂ ਤਾਂ ਜੁਤੀ ਵਿਚ ਪਾਣੀ ਪਾਕੇ ਡੁਬ ਮਰੋ ਕਿਸ ਤਰਾਂ ਬੜੇ ਪਏ ਹੋ? ਕੀ ਇਸੇ ਹੀ ਸ਼ੇਖੀ ਤੇ ਬੜ ਬੜ ਕਰਦਾ ਹੈਂ।

ਬਾਲਗੋਬਿੰਦ—ਵਾਹ ਨੀ ਹੂਰ ਪਰੀ ਖਵਰੇ ਜੇ ਰਬ

ਤੇਰੇ ਜਿਹੀਆਂ ਨੂੰ ਕੁਝ ਹੁਸਨ ਦਿੰਦਾ ਤਾਂ ਅਸਮਾਨ ਦੀ ਟਾਕੀ ਲਾਹ ਲਿਆਂਦਿਓ ਅਜੇ ਤਾਂ ਰਬ ਨੇ ਤੈਨੂੰ ਬਸ ਵਚ ਹੀ ਰਖਦਾ ਹੈ। ਹਾਂ ਮਾਧਵੀ ਦੀ ਗਲ ਹੋਰ ਹੈ ਅਰ ਇਹ ਤਾਂ ਥੋੜ੍ਹੇ ਦਿਨਾਂ ਤਕ ਹੀ ਉਸਤਾਦ ਦਾ ਘਰ ਵਸਾਏਗੀ।

ਇਹ ਸੁਣ ਕੇ ਮਾਧਵੀ ਗਾਲਾਂ ਕਢਣ ਲਗੀ ਪਰ ਮਨ ਵਿਚ ਡਰੀ ਭੀ ਕਿ ਸ਼ੈਦ ਭੀਖ ਵਾਲੀ ਗਲ ਜੋ ਮੈਂ ਗੁਪਤ ਰਖੀ ਹੋਈ ਹੈ ਕਿਧਰੇ ਇਨਾਂ ਪੁਰ ਜਾਹਰ ਨਾ ਹੋ ਜਾਵੇ ਇਹ ਤਾਂ ਇਸਤਰਾਂ ਕਰ ਰਹੀਆਂ ਸਨ ਅਰ ਅਯਾਰ ਖੂਬ ਵਰਖਾ ਕਰਦੇ ਜਾਂਦੇ ਸਨ ਕਿ ਐਨੇ ਵਿਚ ਸਾਰੇ ਅਸਵਾਰ ਜੋ ਅਯਾਰਾਂ ਨੂੰ ਪਕੜਨ ਗਏ ਸਨ ਮੁੜਕੇ ਆਏ ਅਰ ਘੋੜਿਆਂ ਤੋਂ ਉਤਰ ਬਾਰਾਂਦਰੀ ਦੇ ਅੰਦਰ ਗਏ।

ਇਹ ਚਾਰੇ ਹੈਰਾਨ ਹੋਏ ਕਿ ਅਸਵਾਰ ਅਯਾਰ ਦੇ ਬਦਲੇ ਇਕ ਤੀਵੀਂ ਦੀ ਲੋਥ ਲੈਕੇ ਆਏ ਹਨ ਅਰ ਜਦ ਇਹ ਲੋਥ ਜ਼ਿਮੀਂ ਪੁਰ ਰਖੀ ਗਈ ਤਾਂ ਚੌਵੇਂ ਤ੍ਰਿਬਕ ਗਈਆਂ। ਉਨਾਂ ਨੇ ਚਪਲਾ ਨੂੰ *ਇਕ

---

*ਅਯਾਰਾਂ ਦਾ ਨਿਯਮ ਹੈ ਕਿ ਜਦ ਕਿਸੇ ਤੀਵੀਂ ਨੂੰ ਬੇਹੋਸ਼ ਕਰਦੇ ਹਨ ਤਾਂ ਉਸਨੂੰ ਨਗਨ ਨਹੀਂ ਕਰਦੇ ਉਸਦੇ ਕਪੜੇ ਉਤਾਰਕੇ ਹੋਰ ਕਪੜਾ ਪਹਿਰਾ ਦੇਂਦੇ ਹਨ

ਪੁਰਾਣਾ ਜਿਹਾ ਕਪੜਾ ਪਹਿਰੇ ਅਪਨੇ ਸਾਮਨੇ ਬੇਹੋਸ਼ ਪਾਯਾ।

ਸਰਜੂ—(ਅਸਵਾਰਾਂ ਨੂੰ) ਤੁਸੀਂ ਇਸਨੂੰ ਕਿਥੇ ਪਿਯਾ ਹੋਯਾ ਦੇਖਯਾ ?

ਇਕ ਅਸਵਾਰ—ਅਸੀ ਲੋਕ ਪੂਰੀ ਤੇਜ਼ੀ ਨਾਲ ਕੁਝ ਦੂਰ ਹੀ ਗਏ ਹੋਵਾਂਗੇ ਕਿ ਉਸ ਅਸਵਾਰ ਦਾ ਘੋੜਾ ਨਜ਼ਰੀ ਪਿਆ। ਪਰ ਹਵਾ ਸਤੋ ਪਾਸੇ ਦੀ ਸੀ ਇਸ ਲਈ ਉਸਨੇ ਟਾਪਾਂ ਦੀ ਅਵਾਜ ਭੀ ਨਾ ਸੁਣੀ ਇਹ ਦੇਖਕੇ ਸਭਨਾਂ ਨੇ ਸਲਾਹ ਕੀਤੀ ਕਿ ਘੋੜੇ ਹੌਲੀ ਹੌਲੀ ਲੈ ਚਲੋ ਅਰ ਨੇੜੇ ਜਾਕੇ ਇਕ ਵਾਰਗੀ ਘੇਰਾ ਪਾ ਲਵਾਂਗੇ। ਇਨਾਂ ਅਸਵਾਰਾਂ ਵਿਚੋਂ ਇਕ ਨੇ ਅਗੇ ਵਧਕੇ ਕਿਹਾ ਇਹ ਸਲਾਹ ਮੈ ਹੀ ਤਾਂ ਦਿਤੀ ਸੀ।

ਸਰਜੂ--ਅਜੀ ਭਾਵੇਂ ਕਿਸੇ ਨੇ ਸਲਾਹ ਦਿਤੀ (ਦੂਜੇ ਨੂੰ) ਹਾਂ ਤਦ ਕੀ ਹੋਯਾ ?

ਉਹੋ ਅਸਵਾਰ--ਬਸ ਇਹੀ ਸੋਚਕੇ ਅਸੀ ਹੌਲੀ ਹੌਲੀ ਜਾ ਰਹੇ ਸਾਂ ਕਿ ਉਹ ਅਸਵਾਰ ਮੋੜ ਭਉਂਕੇ ਸਜੇ ਪਾਸੇ ਮੁੜਿਆ ਅਸੀ ਭੀ ਉਸਦੇ ਪਿਛੇ ਪਿਛੇ ਸਾਂ ਕੁਛ ਦੂਰ ਹੋਰ ਅਗੇ ਚਲਕੇ ਉਹ ਅਸਵਾਰ ਠਹਿਰ ਗਿਆ ਅਰ ਘੋੜੇ ਉਪਰੋਂ ਉਤਰ ਕੇ ਪਤਾ ਨਹੀਂ ਉਥੇ ਕੋਈ ਟੋਯਾ ਜਿਹਾ ਸੀ ਉਸ ਵਿਚ ਕੁਦ ਪਿਆ ਬਸ ਉਸਦਾ ਟੋਏ ਵਿਚ ਕੁਦਣਾ ਹੀ ਸੀ ਕਿ ਅਸਾਂ ਨੇ

ਘੋੜੇ ਸਰਪਟ ਛਡ ਦਿਤੇ ਅਰ ਪਲ ਵਿਚ ਉਸੇ ਟੋਏ ਦੀ ਨਿਸ਼ਾਨੀ ਪੁਰ ਜਾ ਪਹੁੰਚੇ ਪਰ ਜਿਉਂ ਹੀ ਅਸੀਂ ਉਥੇ ਪਹੁੰਚੇ ਤਾਂ ਉਹ ਅਸਵਾਰ ਇਸੇ ਤੀਵੀਂ ਨੂੰ ਮੋਢੇ ਤੇ ਚੁਕ ਕੇ ਉਸ ਟੋਏ ਵਿਚੋਂ ਨਿਕਲਯਾ ਪਰ ਜਦ ਉਸਦੀ ਨਿਗਾਹ ਸਾਡੇ ਲੋਕਾਂ ਤੇ ਪਈ ਬੜੀ ਛੇਤੀ ਤੀਵੀਂ ਨੂੰ ਉਥੇ ਛੋੜਕੇ ਅਪਨੇ ਘੋੜੇ ਤੇ ਪਲਾਕੀ ਮਾਰਕੇ ਬੈਠ ਗਿਆ ਅਰ ਅਸੀਂ ਘੇਰਾ ਪਾ ਲਿਆ ਤਾਂ ਇਕ ਜਨੇ ਨੇ ਸਾਡੇ ਵਿਚੋਂ ਉਸ ਪੁਰ ਤਲਵਾਰ ਦਾ ਵਾਰ ਕੀਤਾ ਪਰ ਉਸਨੇ ਪਸਤੌਲ ਦਾ ਘੋੜਾ ਦਬਯਾ ਅਤੇ ਇਕ ਵਾਰਗੀ ਚਾਰ ਗੋਲੀਆਂ ਦਾ ਫੈਰ ਕਰ ਔਹ ਗਿਆ ਔਹ ਗਿਆ ਚੰਪਤ ਹੋਯਾ ਉਸਦਾ ਘੋੜਾ ਅਜੇਹਾ ਚਲਾਕ ਅਰ ਅਸਵਾਰ ਐਸਾ ਚਤੁਰ ਸੀ ਕਿ ਸਾਨੂੰ ਉਸਨੇ ਨਾ ਹੀ ਡਾਹੀ ਦਿਤੀ । ਬੇਵਸ ਅਸੀ ਇਸ ਬੇਹੋਸ਼ ਤੀਵੀਂ ਨੂੰ ਲੈਕੇ ਆਪਦੀ ਸੇਵਾ ਵਿਚ ਆਏ ਹਾਂ ।

ਸਰਜੂ—ਮਾਧਵੀ ਤੂ ਕੁਝ ਸਮਝੀ ਉਹ ਚਪਲਾਂ ਨੂੰ ਲੈਕੇ ਭਜਨ ਦਾ ਕਰਦਾ ਹੋਵੇਗਾ । ਅਪਨੀ ਅਯਾਰੀ ਦਾ ਚਾਲ ਫੜੀ ਜਾਂਦਿਆਂ ਉਸਨੇ ਚਪਲਾਂ ਨੂ ਹੀ ਲੇ ਜਾਨਾ ਚੰਗਾ ਸਮਝਿਆ ਕਿ ਚਪਲਾ ਨੂੰ ਇਨ੍ਹਾਂ ਦੋਹਾਂ ਅਯਾਰਾਂ ਦੇ ਬਦਲੇ ਮੰਗੇ (ਅਸਵਾਰਾਂਨੂੰ) ਹਛਾ ਹੁਣ ਤੁਸੀ ਸਾਰੇ ਪਹਿਰੇ ਤੇ ਜਾਓ ਅਰ

ਹੁਸ਼ਿਆਰ ਹੋ ਕੇ ਪਹਿਰਾ ਦੇਵੇ। ਇਹ ਚਪਲਾ ਦਾ ਲੈ ਆਉਣਾ ਭੀ ਕੋਈ ਝਟ ਕੰਮ ਨਾ ਹੋਯਾ। ਸਪਾਹੀ ਚਲੇ ਗਏ ਅਰ ਮਾਧਵੀ ਨੇ ਚਪਲੀ ਦੀ ਪਸ਼ਕ ਜੋ ਬਾਲ ਗੋਬਿੰਦ ਨੇ ਪਾਈ ਹੋਈ ਸੀ ਉਤਰ ਵਾਕੇ ਫੇਰ ਚਪਲਾ ਨੂੰ ਪੁਵਾਈ ਅਰ ਹੋਸ਼ ਲਿਆਉਣ ਵਾਲੀ ਦੁਵਾਈ ਸੁੰਘਾ ਦਿਤੀ।

ਚਪਲਾ ਪਲਕੁ ਮਗਰੋਂ ਨਿਛ ਮਾਰਕੇ ਉਠੀ ਅਰ ਬੜੀ ਹੈਰਾਨ ਗੀ ਨਾਲ ਆਪਣੇ ਚਾਰੇ ਪਾਸਿਓਂ ਵਲ ਦੇਖਨ ਲਗੀ ਪਰ ਸਰਜੂ ਨੇ ਸਾਰੀ ਕਹਾਣੀ ਸੁਣਾਕੇ ਧੀਰਜ ਦਿਤੀ ਅਰ ਉਸਦਾ ਮਨ ਟਿਕਾਨੇ ਕੀਤਾ।

ਚਪਲਾ–(ਬਾਲ ਗੋਵਿੰਦ ਨੂੰ ਦੇਖਕੇ) ਇਸੇ ਮੋਏ ਨੇ ਜੋ ਸਾਮਣੇ ਬੈਠਾ ਹੈ ਮੈਨੂੰ ਬੇਹੋਸ਼ ਕੀਤਾ ਸੀ।

ਸਰਜੂ–ਸਰ ਮੂਰ ਬੜੀ ਸੁਖ ਬੀਤੀ। ਪਤਾ ਨਹੀਂ ਮੋਏ ਔੜੇ ਕਿਸ ਟੋਏ ਵਿਚ ਸਿਟ ਆਏ ਸਨ ਜੇਕਰ ਕੋਈ ਸ਼ੇਰ ਬਘਿਆੜ ਖਾ ਜਾਂਦਾ।

ਚੰਦ੍ਰਭੂਸ਼ਨ–ਤਾਂ ਕੀ ਹੋ ਜਾਂਦਾ। ਧਰਤੀ ਮਾਤਾ ਤੋਂ ਇਕ ਪਸ਼ੂ ਦਾ ਭਾਰ ਹਲਕਾ ਹੋ ਜਾਂਦਾ।

ਇਹ ਸੁਣਕੇ ਚਪਲਾ ਬਹੁਤ ਖਿਝੀ ਅਰ ਚਾਹਯਾ ਕਿ ਅਠੋ ਹੀਕੇ ਇਕ ਤਮਾਚਾ ਮਾਰੇ ਪਰ ਸਰਜੂ ਨੇ ਹਥ ਪਕੜ ਲਿਆ ਅਰ ਸਮਝਾਯਾ ਕਿ ਮੋਯਾਂ ਨੂੰ ਕੀ ਮਾਰਨਾ ਹੈ ਇਹ ਦੋਵੇਂ ਗਲਾਂ ਕਰਦੀਆਂ ਹੀ ਸਨ ਕਿ ਕੋਠੜੀ

ਵਿਚ ਚਾਨਣਾ ਮਧਮ ਹੋਣ ਲਗਾ ਅਰ ਮੋਮਵਟੀਆਂ ਜੋ ਜਗ ਰਹੀਆਂ ਸਨ ਨਿਮੀਆਂ ਹੋ ਜਾਨ ਲਗੀਆਂ ਕਿਉਂਕਿ ਵਟੀਆਂ ਮੁਕਣ ਨੂੰ ਤਿਆਰ ਸਨ।

ਸਰਦੂ—ਚਪਲਾ ! ਔਹ ਸਾਮਣੇ ਅਲਮਾਰੀ ਵਿਚ ਵਟੀਆਂ ਹਨ ਦੋ ਕਢਕੇ ਇਨਾਂ ਦੋਹਾਂ ਝਾੜਾਂ ਵਿਚ ਲਗਾ ਦਿਓ ਅਰ ਖਵਰੇ ਬਾਹਰ ਵਾਲੀ ਵਟੀ ਭੀ ਨਿਮੀ ਹੋ ਗਈ ਹੋਵੇਗੀ ਉਸ ਵਿਚ ਭੀ ਵਟੀ ਲਗਾ ਦੇਵੇ।

ਚਪਲਾ ਨੇ ਉਠਕੇ ਅਲਮਾਰੀ ਵਿਚੋਂ ਮੋਮਵਟੀਆਂ ਕਢੀਆਂ ਅਰ ਪਹਿਲਾਂ ਉਹ ਬਾਹਰ ਹੀ ਦੇ ਝਾੜ ਵਿਚ ਵਟੀ ਲਗਾਉਣ ਚਲੀ ਗਈ ਅਰ ਅੰਦਰ ਆਕੇ ਇਨਾਂ ਦੋਹਾਂ ਝਾੜਾਂ ਵਿਚ ਭੀ ਵਟੀਆਂ ਲਗਾ ਦਿਤੀਆਂ।

ਪਿਆਰੇ ਪਾਠਕੋ। ਇਨਾਂ ਮੋਮ ਵਟੀਆਂ ਦਾ ਹਾਲ ਇਸ ਵੇਲੇ ਦਸਣਾ ਆਪਨੂੰ ਕੁਝ ਫਿਕਾ ਜਾਪੇਗਾ ਪਰ ਰਤਾ ਕੁ ਅਗਲੀਆਂ ਸਤਰਾਂ ਪੜਨ ਪੁਰ ਆਪਨੂੰ ਚੰਗੀ ਤਰਾਂ ਮਲੂਮ ਹੋ ਜਾਵੇਗਾ ਕਿ ਕੀ ਗਲ ਹੈ ?

ਕੁਝ ਚਿਰ ਬੈਠਣ ਦੇ ਉਪ੍ਰੰਤ ਚਪਲਾ ਨੇ ਆਪਣੇ ਪਾਸੋਂ ਪਾਨ ਕਢਿਆ ਅਰ ਉਨ੍ਹਾਂ ਦੋਹਾਂ ਨੂੰ ਖੁਵਾਯਾ। ਅਰ ਆਪ ਭੀ ਦਿਖਾਵੇ ਮਾਤ੍ਰ ਖਾਨ ਲਗੀ। ਪਰ ਉਸ ਪਾਸੇ ਕੋਠੜੀ ਵਿਚ ਜਿਸ ਵੇਲੇ ਤੋਂ ਮੋਮਵਟੀਆਂ ਜਗਾਈਆਂ ਹਨ ਕੁਝ ਅਦਭੁਤ ਜਿਹਾ ਧੂੰਆ ਹੋ ਰਿਹਾ ਹੈ

ਅਰ ਸਭਨਾਂ ਦੇ ਨਕ ਵਿਚ ਜਾ ਜਾ ਕੇ ਸਿਰ ਚਕਰਾ ਰਿਹਾ ਹੈ।

ਸਰਜੂ--(ਨਕ ਘੁੱਟ ਕੇ) ਹੈ ਇਹ ਕੀ ਬਲਾ ਹੈ? ਭਗਵਾਨ ਜਾਨੇ ਇਹ ਵਟੀਆਂ ਕੇਹੋ ਜਿਹੀਆਂ ਹਨ ਕਿ ਜਿਨ੍ਹਾਂ ਨਾਲ ਕੋਠੜੀ ਧੂਏਂ ਨਾਲ ਭਰੀ ਜਾ ਰਹੀ ਹੈ।

ਮਾਧਵੀ—(ਖੰਘਕੇ) ਮੇਰਾ ਤਾਂ ਸਿਰ ਭਉਂਦਾ ਹੈ ਅਰ ਅਖਾਂ ਘੁਟੀਆਂ ਜਾ ਰਹੀਆਂ ਹਨ। ਹੈਂ! ਇਹ ਲੋ! ਹੁਣ ਤਾਂ ਪਰੀਆਂ ਨਚਦੀਆਂ ਮਲੂਮ ਹੁੰਦੀਆਂ ਹਨ (ਅਖਾਂ ਮਲਕੇ) ਔਹ ਵੇਖੋ ਰਲ ਭਲ! ਰਾਜੇ ਇੰਦ੍ਰ ਦਾ ਤਖਤ ਆ ਰਿਹਾ ਹੈ। ਵਾਹ ਭਈ ਵਾਹ-(ਹਸਪਈ) ਹਾਹਾਹਾਹਾ...

ਹੁਣ ਸਰਜੂ ਜੋ ਅਜੇ ਤਕ ਹੋਸ਼ ਵਿਚ ਸੀ ਕੁਝ ਸੋਚ ਆਈ ਪਰ ਹੁਣ ਕੀ ਬਨ ਸਕਦਾ ਸੀ। ਸਾਰੀ ਕੋਠੜੀ ਧੂਏਂ ਨਾਲ ਭਰੀ ਹੋਈ ਸੀ।

ਸਰਜੂ (ਘੂਰਕੇ ਚਪਲਾ! ਇਹ ਧੂੰਆਂ ਕਿਹਾ ਹੈ? ਅਰ ਬਾਹਰ ਸਿਪਾਹੀ ਲੋਕ ਕੀ ਊਧਮ ਮਚਾ ਰਹੇ ਹਨ?

ਚਪਲਾ ਇਹ ਸੁਣਦਿਆਂ ਹੀ ਉਛਲ ਕੇ ਸਰਜੂ ਦੇ ਪਾਸ ਜਾ ਖੜੋਤੀ ਅਰ ਕੜਕ ਕੇ ਕਿਹਾ ਤੇਰੇ ਖਸਮਾਂ ਨੂੰ ਖਾਧਾਂ! ਚੁੜੇਲੇ! ਕੌਣ ਚਪਲਾ! ਕੇਹੀ ਚਪਲਾ! ਅਰ ਕਿਹਾ ਧੂੰਆਂ! ਅਖੀਆਂ ਖੋਲ ਅਰ ਤਮਾਸ਼ਾ

ਵੇਖ "ਮੈਂ ਹਾਂ ਰੌਪੀ ਨਾਥ!" ਅਰ ਅਗੇ ਸਾਡਾ ਭਰਾ ਬਸ਼ੇਸਰਨਾਥ ਬਲਭਦ੍ਰਸਿੰਘ ਬਨਕੇ ਆਯਾ ਸੀ। ਇਸ ਤੋਂ ਪਹਿਲੇ ਅਸੀਂ ਮਤਾ ਪਕਾ ਚੁਕੇ ਸਾਂ ਅਤੇ ਅਸੀਂ ਉਸੇ ਟੋਏ ਵਿਚ ਛਪਲਾ ਬਨਕੇ ਪਏ ਹੋਏ ਸਾਂ। ਜਦੋਂ ਬਸ਼ੇਸ਼ਰਨਾਥ ਦੀ ਚਾਲ ਸਿਧੀ ਨਾ ਪਈ ਤਾਂ ਉਸਨੇ ਉਸੇ ਹੀ ਮਤੇ ਪੁਰ ਪਕਾ ਕੰਮ ਕੀਤਾ। ਤੇਰੇ ਅਸਵਾਰਾਂ ਨੂੰ ਓਹ ਦੰਗਾ ਭੁਲਾ ਜਾਨਦਾ ਸੀ ਕਿ ਉਹ ਪਿਛੇ ਆ ਰਹੇ ਹਨ। ਅਰ ਜਾਨ ਬੁਝਕੇ ਮੇਰਾ ਪਤਾ ਦਸਨ ਲਈ ਉਸ ਟੋਏ ਵਿਚ ਡਿਗਕੇ ਇਹ ਚਾਲ ਖੇਡੀ ਅਰ ਇਸ ਤਰਾਂ ਕੀਤਾ ਤਾਂ ਤੂੰ ਦੁਹੇਲ ਸਾਡੇ ਹਥੇ ਚੜ੍ਹੀਓ! ਚੰਦ੍ਰ ਭੂਸ਼ਨ ਅਤੇ ਬਾਲ ਗੋਬਿੰਦ ਭੀ ਇਹ ਕੌਤਕ ਵੇਖਕੇ ਉਛਲ ਪਏ ਅਤੇ ਛੇਤੀ ਨਾਲ ਬੋਲੇ ਵਾਹ ਖਲੀਫ਼ਾ ਜੀ। ਕਿਆ ਕਹਿਣੇ! ਉਸਤਾਦ ਹੋਵਾਂ ਦੀ ਲਾਜ ਰਖ ਲਈ ਜੇ ਜੀ ਕਹਿੰਦੇ ਹੋ ਪਰ ਹੁਣ ਸਾਡਾ ਫਿਕਰ ਕਰੋ ਅਸੀਂ ਭੀ ਬੇਹੋਸ਼ ਹੋਯਾ ਚਹੁੰਦੇ ਹਾਂ।

ਹੋਰ ਤਾਂ ਸਾਰੇ ਬੇਹੋਸ਼ ਹੀ ਚੁਕੇ ਸਨ ਕਿਸੇ ਵਲੋਂ ਖਟਕਾ ਅਰ ਡਰ ਭਉ ਨਹੀਂ ਸੀ। ਇਹਨੇ ਕਟਾਰ ਨਾਲ ਇਨਾਂ ਦੋਹਾਂ ਦੀਆਂ ਵਗੀਆਂ ਕਟ ਦਿਤੀਆਂ ਅਰ ਤਿਨਾਂ ਨੇ ਮੁਫਤ ਦਾ ਮਾਲ ਸਾਭਕੇ ਬਾਰਾਂ ਦਰੀ ਦੀਆਂ ਚੰਗੀਆਂ ਚੰਗੀਆਂ ਚੋਣਵੀਆਂ ਚੀਜ਼ਾਂ ਦੀਆਂ ਤੇ ਗੰਢਾਂ ਬੰਨ੍ਹ ਲਈਆਂ ਅਤੇ ਘੋੜਿਆਂ ਤੇ ਲਦ ਲਈਆਂ ਅਰ ਸਭਨਾਂ

ਨੂੰ ਉਸ ਤਰਾਂ ਛਡ ਕੇ ਅਪਨੇ ਰਾਹ ਪਵੇ ਅਰ ਤੁਰਦੀ ਵਾਰੀ ਬਾਲ ਗੋਬਿੰਦ ਨੇ ਚਾਹਿਆ ਕਿ ਸਟਜੂ ਦੀ ਨਕ ਗੁਤ ਮੁੰਨ ਕੇ ਕਟ ਲਵਾਂ ਪਰ ਇਸ ਦੇ ਦੋਹਾਂ ਸਾਥੀਆਂ ਨੇ ਮਨੇਹ ਕੀਤਾ ਅਰ ਜਿਧਰੋਂ ਆਏ ਸੀ ਹਵਾ ਹੋ ਗਏ।

—o—

ਛੇਵਾਂ ਅੰਕ

"ਲੌ! ਮੇਰੀ ਵਾਰਤਾ ਕੰਨ ਦੇ ਕੇ ਸੁਨੋ"

ਬਬਰ ਖਾਂ ਜਦੋਂ ਪੌੜੀਆਂ ਉਤਰ ਚੁਕਾ ਤਾਂ ਉਸ ਨੂੰ ਇਕ ਪੱਕੀ ਅਰ ਨਵੀਂ ਅਤੇ ਡਾਟਦਾਰ ਸੁਰੰਗ ਬਨੀ ਹੋਈ ਦਿਸੀ ਪਿਛੋਂ ਆਵਾਜ ਆਈ ਕਿ "ਹਾਂ ਹਾਂ ਇਸੇ ਵਿਚ ਚਲੋ ਮੈਂ ਆਪ ਦੇ ਨਾਲ ਨਾਲ ਤਾਂ ਹਾਂ"

ਅਗੇ ਅਗੇ ਬਬਰ ਅਰ ਪਿਛੇ ਅਫਸਰ ਦੋਵੇਂ ਸੁਰੰਗ ਵਿਚ ਚਲੇ ਜਾਂਦੇ ਸਨ ਇਹ ਸੁਰੰਗ ਕੋਈ ਅਜੇਹੀ ਲੰਮੀ ਨਹੀਂ ਸੀ ਥੋੜੀ ਹੀ ਦੂਰ ਜਾਕੇ ਇਹ ਇਕ ਦਰਵਾਜੇ ਦੇ ਪਾਸ ਜਾਕੇ ਮੁਕ ਜਾਂਦੀ ਸੀ ਬਬਰ ਖਾਂ ਭੀ ਇਸੇ ਦਰਵਾਜੇ ਦੇ ਪਾਸ ਜਾਕੇ ਠਹਿਰ ਗਿਆ ਕਿਉਂ ਜੋ ਦਰਵਾਜੇ ਵਿਚ ਮੋਟੇ ਕੁੰਡੇ ਵਿਚ ਇਕ ਬੜਾ ਭਾਰਾ ਜੰਦਰਾ ਵਜਾ ਹੋਯਾ ਸੀ ਜਿਸਨੂੰ ਅਫਸਰ ਨੇ ਅਗੇ ਹੋਕੇ ਅਰ ਅਪਨੇ ਲਕ ਨਾਲੋਂ ਇਕ ਅਜੀਬ ਤਰਾਂ ਦੀ ਮੋਟੀ ਕੁੰਜੀ ਖੋਲ ਕੇ ਜੰਦ੍ਰਾ ਖੋਲਿਆ ਤਾਂ

ਅੰਦਰੋਂ ਤਤੀ ਹਵਾੜ ਆਈ ਅਰ ਇਹ ਦੋਵੇਂ ਅੰਦਰ ਚਲੇ ਗਏ ।

ਬਬਰ ਖਾਂ ਨੇ ਵੇਖਿਆ ਕਿ ਅਸੀਂ ਇਕ ਛੋਟੀ ਜਿਹੀ ਚੌਨੁਕਰੀ ਕੋਠੜੀ ਵਿਚ ਹਾਂ ਜਿਸਦੀਆਂ ਚਹੁਆਂ ਨੁਕਰਾਂ ਵਿਚ ਚਾਰ ਦਰਵਾਜੇ ਲਗੇ ਹਨ ਇਕ ਦਰਵਾਜਾ ਤਾਂ ਉਹ ਸੀ ਜਿਸ ਵਿਚੋਂ ਅੰਦਰ ਆਏ ਸਨ ਅਰ ਦੂਜਾ ਠੀਕ ਉਸਦੇ ਸਾਮਨੇ ਜਿਸ ਪੁਰ ਇਕ ਰੇਸ਼ਮੀ ਛੀਂਟ ਦਾ ਪਰਦਾ ਪਿਆ ਹੋਯਾ ਸੀ ਅਰ ਬਾਕੀ ਦੋ ਸਜੇ ਖਬੇ ਬਨੇ ਹੋਏ ਸੀ ਅਫਸਰ ਸਿਧਾ ਹੀ ਸਾਮਨੇ ਦਰਵਾਜੇ ਵਲ ਵਾਧਆ ਅਰ ਪੜਦਾ ਚੁਕਕੇ ਬੂਹਾ ਖੋਲ੍ਹਿਆ ਅਤੇ ਅਪਨੇ ਪਿਛੇ ਬਬਰ ਨੂੰ ਆਉਨ ਲਈ ਕਿਹਾ ।

ਬਬਰ ਖਾਂ ਧੜਕਦਾ ਹੋਯਾ ਇਸ ਕੋਠੜੀ ਵਿਚ ਗਿਆ ਪਰ ਉਥ ਜਾਂਦਿਆਂ ਹੀ ਘਬਰਾਯਾ । ਜੇਕਰ ਉਹ ਸੁਰੰਗ ਵਿਚੋਂ ਲੰਘਕੇ ਨਾ ਆਯਾ ਹੁੰਦਾ ਤਾਂ ਇਹੋ ਸਮਝਦਾ ਕਿ ਮੈਂ ਕਿਸੇ ਮਹਾਰਾਜੇ ਦੇ ਰਨਵਾਸ ਵਿਚ ਆਗਿਆ ਹਾਂ । ਵੇਠਾਂ ਫਰਸ਼ ਤੇ ਮਖਮਲੀ ਫਰਸ਼ੀ ਗਲੀਚਾ ਵਿਛਯਾ ਹੋਯਾ ਸੀ ਅਰ ਕੰਧਾਂ ਪੁਰ ਅਤਿ ਸੁੰਦਰ ਮਨੋਹਰ ਚਮਕੀਲੀ ਚਿਤ੍ਰਕਾਰੀ ਕੀਤੀ ਹੋਈ ਸੀ ਕਿ ਜਿਸ ਵਲ ਅਖ ਨਹੀਂ ਸੀ ਸਾਮਨੇ ਹੁੰਦੀ।

ਅਫਸਰ ਨੇ ਏਸ ਥਾਂ ਪਹੁੰਚਕੇ ਇਕ ਸੁੰਦਰ ਫਲੂਸ ਜਗਾਯਾ ਅਰ ਉਸ ਬਰਛੇ ਦੀ ਮਸ਼ਾਲ ਨੂੰ ਜਗਾਕੇ ਸੁਟ ਦਿਤਾ।

ਹੁਨ ਅਫਸਰ ਦਾ ਮਥਾ ਖਿੜਯਾ ਹੋਯਾ ਦਿਸਦਾ ਸੀ ਜਿਸਨੂੰ ਬਬਰਖਾਂ ਮੂੰਹ ਚੁਕ ਚੁਕ ਕੇ ਵੇਖਦਾ ਸੀ।

ਅਫਸਰ—ਆਪ ਹੁਨ ਇਸ ਸਾਮਨੇ ਵਾਲੀ ਗਦੀ ਪੁਰ ਬੈਠਕੇ ਕੁਝ ਚਿਰ ਆਰਾਮ ਕਰ ਲੌ ਤਾਂ ਫੇਰ ਮੈਂ ਆਪ ਨਾਲ ਗਲ ਬਾਤ ਕਰਾਂ

ਬਬਰ ਖਾਂ ਨੇ ਬੈਠਕੇ ਰੁਮਾਲ ਨਾਲ ਮੁੜਕਾ ਪੂਝਜਾ ਅਰ ਧੜਕਦੇ ਧੜਕਦੇ ਸਹਿਮੇ ਹੋਏ ਨੇ ਪੁਛਿਆ "ਹੁਨ ਦਸੋ ਆਪ ਕੀ ਆਖਨਾ ਚਾਹੁੰਦੇ ਹੋ? ਮੈਂ ਆਪਦੀਆਂ ਗਲਾਂ ਦਾ ਪੂਰੀ ਚੰਗਾ ਤਰਾਂ ਉਤ੍ਰ ਦੇਵਾਂਗਾ।"

ਅਫਸਰ—ਹਛਾ! ਆਪਨੇ ਇਹ ਲੜਾਈ ਕਿਉਂ ਰਚੀ? ਅਰ ਦੇਖੋ ਇਸ ਗਲ ਦਾ ਧਿਆਨ ਰਖਨਾ ਕਿ ਮੈਂ ਇਕ ਅਥਾਹ ਸਮੁੰਦਰ ਹਾਂ ਜੋ ਕੁਝ ਆਪ ਕਹੋਗੇ ਉਹ ਦੂਜੇ ਦੇ ਕੰਨੀ ਨਹੀਂ ਚੜੇਗਾ ਅਰ ਦੂਜੇ ਇਹ ਕਿ ਜਦੋਂ ਤਕ ਦੋਹੀ ਪਾਸਿਓ ਗਲਾਂ ਦਾ ਚੰਗੀਤਰਾਂ ਉਤਰ ਨਾ ਮਿਲੇਗਾ ਤਦ ਤਕ ਸੁਲਾਹ ਹੋਨਾ ਕਠਨ ਹੈ।

ਬਬਰ ਖਾਂ—ਬਹੁਤ ਹਛਾ ਲੌ ਸੁਨੋ ਆਪ ਇਹੋ ਪੁਛਦੇ ਹੋ ਨਾ ਕਿ ਲੜਾਈ ਕਿਉਂ ਕੀਤੀ। ਇਸਦਾ ਕਾਰਨ

ਇਹ ਹੈ ਕਿ ਸਾਡੇ ਨਵਾਬ ਯੂਸਫ ਅਲੀ ਦਖਨੀ ਨੂੰ ਦੇਸ਼ ਜਿਤਨ ਦੀ ਬੜੀ ਅਭਲਾਸ਼ਾ ਹੈ ਅਰ ਅਸਾਂ ਕਿਉਂ ਕਿ ਉਨ੍ਹਾਂ ਨੂੰ ਇਸ ਸ਼ਹਿਰ ਦੇ ਦਿਲਾਉਨ ਦਾ ਪ੍ਰਨ ਕੀਤਾ ਸੀ ਇਸ ਲਈ ਉਨ੍ਹਾਂ ਨੇ ਪਹਿਲੇ ਏਲਚੀ ਨੂੰ ਬਦਲ ਦਿਤਾ ਅਰ ਸਾਨੂੰ ਏਥੇ ਨਿਯਤ ਕੀਤਾ।

ਅਫਸਰ—ਤਾਂ ਆਪਨੇ ਬਲਭਦ੍ਰ ਸਿੰਘ ਨੂੰ ਜਿਸਪਾਸ ਬਹੁਤ ਜ਼ਿਮੀ ਹੈ ਉਸਨੂੰ ਛਡਕੇ ਇਸ ਬੁਢੇ ਪ੍ਰਿਥਵੀ ਸਿੰਘ ਨੂੰ ਕਿਉਂ ਛੇੜਿਆ ?

ਬਬਰਖਾਂ—ਇਸ ਲਈ ਕਿ ਪਹਿਲੇ ਇਸ ਛੋਟੇ ਜਿਹੇ ਅਰ ਕਚੇ ਕਿਲੇ ਨੂੰ ਜਿਤਕੇ ਪਿਛੋਂ ਬਲਭਦਰ ਸਿੰਘ ਪੁਰ ਧਾਵਾ ਕਰਾਂ।

ਅਫ਼ਸਰ- ਕੀ। ਇਸ ਤੋਂ ਬਿਨਾਂ ਹੋਰ ਭੀ ਕੋਈ ਕਾਰਨ ਅਜਿਹਾ ਹੈ ਜਿਸ ਲਈ ਆਪ ਦਖਨ ਛਡਕੇ ਏਧਰ ਆਏ ?

ਬਬਰ ਖਾਂ—(ਝਕ ਕੇ) ਹੋਰ ਤਾਂ ਕੋਈ ਕਾਰਨ ਨਹੀਂ।

ਅਫਸਰ-- ਹੈ ਤਾਂ ਜਰੂਰ। ਜੇਕਰ ਉਸਨੂੰ ਮੁਕਰੋ ਨਾਂ ਤਾਂ ਰੂਪਮਲਤਾ ਦੀ ਸੁੰਦਰਤਾਈ ਦੀ ਉਪਮਾ ਦੀ ਕੋਈ ਚਿਠੀ ਆਪਨੂ ਗਈ ਸੀ ਜਿਸਨੂ ਪੜ੍ਹਦਿਆਂ ਹੀ ਆਪ ਵਿਆਕੁਲ ਹੋਕੇ ਨਵਾਬ ਸਾਹਿਬ ਨਾਲ ਬਹਾਨਾ ਕਰਕੇ ਚਲੇ ਆਏ।

ਬਬਰ ਖਾਂ- (ਤ੍ਰਿਬਕ ਕੇ) ਤਾਂ ਕੀ ਤੂੰ ਸਾਨੂ ਜਾਨਦਾ

ਹੈਂ ? (ਘੂਰਕ) ? ਤੈਨੂੰ ਇਹ ਕਿਸਤਰਾਂ ਪਤਾ ਹੈ ? (ਹੈਰਾਨਗੀ ਨਾਲ) ਯਾ ਅਲਾ ? ਮੈਨੂੰ ਅਜ ਪਤਾ ਲਗਾ ਹੈ ਕਿ ਇਸ ਅਨਜਦੇਸ਼ ਵਿਚ ਭੀ ਮੇਰੇ ਭੇਦਾ ਦਾ ਭੇਤੀ ਇਕ ਪੁਰਸ਼ ਮੌਜੂਦ ਹੈ।

ਅਫਸਰ—ਹਾਂ ਹਾਂ ਇਕੋ ਪੁਰਸ਼ ਹੀ ਅਰ ਉਹ ਕੁਸਮਲਤਾ ਵੀ ਆਪਦੇ ਪੰਜੇ ਵਿਚੋਂ ਨਿਕਲ ਗਈ ਆਪਨੇ ਤਾਂ ਬੜੇ ਜਤਨ ਨਾਲ ਉਸਨੂ ਭੋਰੇ ਵਿਚ ਪਾਯਾ ਸੀ ਪਰ ਉਹ ਉਥੋਂ ਭੀ ਨਿਕਲ ਗਈ ਅਰ ਆਪਨੂ ਉਸੇ ਰਾਤੀ ਜਿਸ ਰਾਤ ਆਪਨੇ ਹੈਜਾ ਨੂ ਦੇਖਯਾ ਸੀ ਆਉਂਦੀ ਵੇਰੀ ਇਕ ਰੁਖ ਦੇ ਹੇਠਾਂ ਉਹ ਉਸ ਵੇਲੇ ਮਿਲੀ ਜਦੋਂ ਇਕ ਆਦਮੀ ਉਸ ਨੂੰ ਆਪਨੀ ਤਲਵਾਰ ਨਾਲ ਮਾਰਿਆ ਹੀ ਚਾਹੁੰਦਾ ਸੀ।

ਬਬਰ ਖਾਂ--(ਘਬਰਾਕੇ) ਖੁਦਾ ਦੇ ਵਾਸਤੇ ਮੈਨੂੰ ਪਾਗਲ ਤਾਂ ਬਨਾਓ ! ਮੈ ਹੁਨ ਚੰਗੀ ਤਰਹਾਂ ਸਮਝ ਗਿਆ ਹਾਂ ਕਿ ਆਪ ਮੇਰੇ ਚਿਤ੍ਰ ਗੁਪਤ ਹੋ ਜੋ ਹਰਵੇਲੇ ਮੇਰੇ ਅੰਗ ਸੰਗ ਰਹਿਕੇ ਮੇਰੇ ਸਾਰੇ ਕੰਮਾਂ ਨੂੰ ਦੇਖਦੇ ਹੋ ਪਹਿਲੇ ਇਹ ਦਸੋ ਕਿ ਆਪ ਹੋ ਕੌਨ ?

ਅਫਸਰ—ਮੈ ਉਹੋ ਆਦਮੀ ਜੋ ਕੁਸਮਲਤਾ ! ਨੂੰ ਮਾਰਨ ਲਈ ਤਿਆਰ ਸਾਂ ਅਰ ਜਿਸਨੂੰ ਆਪਨੇ ਘਾਇਲ ਕਰਕੇ ਡੇਗ ਦਿਤਾ ਸੀ ਅਰ ਮੈਂ ਉਹੋ ਹੀ

ਆਦਮੀ ਹਾਂ ਜਿਸਨੇ ਆਪ, ਨਹੀਂ ਨਹੀਂ !, ਹਜ਼ੂਰ ਨੂੰ ਖਤ ਲਿਖਕੇ ਇਡੇ ਦੂਰੋਂ ਸਦਿਆ ਹੈ।

ਬਬਰਖਾਂ ਇਹ ਸੁਣਕੇ ਕੁਝ ਚਿਰ ਤਕ ਬਿਨਾਂ ਕੁਝ ਗਲ ਬਾਤ ਕੀਤੇ ਅਫ਼ਸਰ ਦੇ ਸਿਰ ਤੋਂ ਪੈਰਾਂ ਤਕ ਚੰਗੀ ਤਰਾ ਦੇਖਦਾਂ ਰਿਹਾ।

ਬਬਰਖਾਂ--ਹੈਰਨੀ ਹੋਣੀ ਤੁਮਨੇ......ਨਹੀਂ ਆਪਨੇ ਕਿਉਂ ਕੁਸਮਲਤਾ ਨੂੰ ਮਾਰਨ ਦੇ ਲਈ ਤਲਵਾਰ ਚੁਕੀ ਸੀ।'

ਅਫਸਰ—ਹਾਂ ਹਾਂ ਹਜ਼ੂਰ ਬੜੀ ਖੁਸ਼ੀ ਨਾਲ ਮੈਨੂੰ "ਤੂੰ" ਆਖੋ ਪਰ ਮੈਂ ਹਜ਼ੂਰ ਨੂੰ ਉਸੇ ਨਿਗਾਹ ਨਾਲ ਦੇਖਦਾ ਹਾਂ ਜਿਸਦੇ ਆਪ ਅਧਿਕਾਰੀ ਹੋ ਉਸਦਾ ਕਾਰਨ ਇਹ ਸੀ ਕਿ ਮੈਂ ਜਦ ਦੂਰੋਂ ਹਜ਼ੂਰ ਨੂੰ ਆਉਂਦਿਆਂ ਦੇਖਯਾ ਤਾਂ ਮੈਂ ਸਮਝਗਿਆ ਕਿ ਹੁਣ ਇਹ ਇਸਤ੍ਰੀ ਸਾਡੇ ਬਿਨਾਂ ਕਿਸੇ ਕੰਮ ਪੂਰੇ ਕੀਤੇ ਆਪ ਪਾਸ ਚਲੀ ਜਾਵੇਗੀ ਤਾਂ ਉਸ ਵੇਲੇ ਮੈਂ ਉਸਨੂੰ ਮਾਰਨਾ ਸੀ ਠੀਕ ਜਾਣਿਆ।

ਬਬਰਖਾਂ—(ਹੈਰਾਨੀ ਨਾਲ) ਤਾਂ ਕੀ ਤੁਸੀ ਕੁਝ ਉਸਦੇ ਰਾਹੀਂ ਕੰਮ ਕਢਣਾ ਚਾਹੁੰਦੇ ਹੋ ?

ਅਫਸਰ-ਨਿਸੰਦੇਹ ਕਿਉਂ ਨਹੀਂ ਮੈਂ ਉਸਨੂੰ ਆਪ ਦੀ ਭੇਟਾ ਕਰਕੇ ਹਜ਼ੂਰ ਦੀ ਇਕ ਖਾਸ ਮਿਹਰਵਾਨੀ ਦਾ ਅਧਿਕਾਰੀ ਹੋਣਾ ਚਹੁੰਦਾ ਸੀ। ਅਰ ਹਾਂ ਮੈਂ ਹੁਣ

ਆਪਨੂੰ ਉਸ ਬਾਰੇ ਵਿਚ ਭੀ ਅਧਿਕ ਤਜੁਬ ਨਹੀਂ ਕਰਾਉਨਾ ਚਾਹੁੰਦਾ ਸਾਂ ਕਿ ਇਹ ਖਵਰਾਂ ਸਾਨੂੰ ਕਿਥੋਂ ਮਿਲੀਆਂ।

ਗਲ ਇਹ ਸੀ, ਕਿ ਕਿਉਂ ਜੋ ਆਪ ਸਾਡੇ ਹੀ ਸਦਿਆਂ ਏਥੇ ਆਏ ਹੋ ਅਰ ਅਸਾਂ ਹੀ ਉਸ ਖਤ ਵਿਚ ਸਭ ਤਰਾਂ ਦੀਆਂ ਆਸ਼ਾ ਜਤਾਈਆਂ ਸਨ ਅਥਵਾ ਕੁਸਮਲਤਾ ਅਰ ਇਸ ਦੇਸ਼ ਵੈਹਾਂ ਦੇ ਦਿਲਾਉਨ ਲਈ। ਸੋ ਮੈਨੂੰ ਚਾਹੀਦਾ ਸੀ ਕਿ ਮੈਂ ਆਪਦੀ ਹਰ ਤਰਾਂ ਖਵਰ ਗੀਰੀ ਰਖਾਂ ਅਰ ਦੇਖਾਂ ਕਿ ਆਪ ਇਸਵੇਲੇ ਕੀ ਕਰਦੇ ਹੋ ਅਰ ਫੇਰ ਮੈਂ ਇਨ੍ਹਾਂ ਦਿਨਾਂ ਤੋਂ ਆਪਦੇ ਸੁਭਾਵ ਤੋਂ ਭੀ ਚੰਗੀ ਤਰਾਂ ਵਾਕਬ ਹੋ ਗਿਆ ਹਾਂ ਅਤ ਇਸੇ ਸੁਭਾਵ ਦੀ ਪ੍ਰੀਖਯਾ ਲਈ ਹੀ ਮੈਂ ਅਜੇ ਤਕ ਆਪਨੂੰ ਨਹੀਂ ਸੀ ਮਿਲਿਆ।

ਬਬਰ ਖਾਂ—ਹਛਾ ਇਹ ਤਾਂ ਸਭ ਹੋਯਾਪਰ ਆਪ ਨੇ ਉਸ ਖਤ ਵਿਚ ਇਨਾਂ ਵਡੇ ਵਡੇ ਕੰਮਾਂ ਦੇ ਬਦਲੇ ਇਨਾਮ ਬਾਦਤ ਭੀ ਲਿਖਯਾ ਸੀ ਉਹ ਇਨਾਮ ਕੀ ਹੈ?

ਅਫਸਰ--ਹੁਨ ਜਦ ਹਜੂਰ ਆਪ ਮੇਰੇ ਸਾਮਨੇ ਹੋ ਮੈ ਧੀਰੇ ੨ ਸਭ ਦਸ ਦੇਂਦਾ ਹਾਂ ਅਰ ਆਪ ਦੀਆਂ ਸਭ ਮੁਰਾਦਾਂ ਪੂਰੀਆਂ ਕਰ ਦੇਵਾਂ ਗਾ। "ਖੁਦਾ ਬਰਕਤ ਦੇਵੈ" ਇਹ ਆਖਕੇ ਉਸ ਵਲ ਬੜੀ ਪ੍ਰੇਮ ਨਿਗਾਹ ਨਾਲ ਵੇਖਨ ਲਗਾ।

ਅਫਸਰ—ਹਜੂਰ ! ਐਸ ਵੇਲੇ ਐਂਹੀਆਂ ਹੀ ਗਲਾਂ ਬਾਤਾਂ ਬਹੁਤ ਹਨ ਕਿਉਂ ਜੋ ਆਪ ਭੀ ਥੱਕੇ ਹੋਏ ਹੋ ਅਰ ਮੈਂ ਭੀ ਥਕਾਵਟਾਂ ਕਰਕੇ ਸੁਸਤ ਹੋਯਾ ਹੋਯਾ ਹਾਂ ਆਪ ਹੁਣ ਕੁਝ ਭੋਜਨ ਪਾਕੇ ਅਰਾਮ ਕਰੋ ਬਹੁਤ ਦਿਨ ਹੋ ਗਿਆ ਹੈ ਮੈਂ ਸਵੇਰੇ ਇਕ ਹੋਰ ਭੇਤ ਆਪਨਾ ਆਪਨੂੰ ਦਸਾਂਗਾ ਅਰ ਇਕ ਹੋਰ ਬੇਨਤੀ ਕਰਦਾ ਹਾਂ ਕਿ ਇਸ ਕੋਠੜੀ ਦੀ ਹਰ ਇਕ ਚੀਜ ਅਜਾਇਬ ਅਤੇ ਮਨੋਹਰ ਹੈ ਅਥਵਾ ਇਹ ਆਪਦੇ ਸਜੇ ਪਾਸੇ ਵਾਲਾ ਜੋ ਸੰਦੂਕ ਇਸਨੂੰ ਕੁੰਜੀ ਲਗਾਉਣ ਤੇ ਅਤਿ ਮ੍ਰਿਦੂ ਸੁਰੀਲਾ ਵਾਜਾ ਆਪਦਾ ਮਨ ਪ੍ਰਸੰਨ ਕਰੇਗਾ ਅਰ ਇਸ ਆਪਦੇ ਉਪਰ ਵਾਲੀ ਅਲਮਾਰੀ ਵਿਚ ਕਈ ਤਰਾਂ ਦੇ ਸ਼ਰਬਤ ਤਿਆਰ ਪਏ ਹਨ ਜੋ ਚਾਹੋ ਪੀ ਸਕਦੇ ਹੋ ਖਾਣ ਪੀਣ ਦਾ ਮੈਂ ਸਮਿਆਨ ਕਰਦਾ ਹਾਂ ਅਰ ਇਸ ਸਾਮਨੇ ਰੇਸ਼ਮੀ ਪੜਦੇ ਦੇ ਪਿਛੇ ਇਕ ਹੀਰੇ ਜ੍ਵਾਹਰਾਤ ਦੀ ਸਿਲੇਮਾਨੀ ਪੁਤਲੀ ਹੈ ਜੋ ਆਪ ਦੇ ਹੁਕਮ ਅਨੁਸਾਰ ਜੋ ਆਪ ਕਹੋਗੇ ਬੜੀਆਂ ਭੜੀਆਂ ਸੋਹਣੀਆਂ ਕਥਾ ਵਾਰਤਾ ਅਰ ਚੰਗੇ ਚੰਗੇ ਕਿਸੇ ਸੁਣਾਵੇ ਗੀ। ਹੁਣ ਮੈਂ ਕੁਝ ਘੰਟਿਆਂ ਲਈ ਆਗਯਾ ਮੰਗਦਾ ਹਾਂ ਕਿਉ ਜੋ ਅਜੇ ਮੈਂ ਬਹੁਤ ਜਰੂਰੀ ਕੰਮ ਕਰਨੇ ਹਨ ਉਨਾਂ ਨੂੰ ਕਰਕੇ ਫੇਰ ਹਜੂਰ ਦੀ ਸੇਵਾ ਵਿਚ ਹਾਜਰ ਹੋ ਜਾਵਾਂਗਾ।

ਇਸ ਪੁਰ ਬਬਰਖਾਂ ਨੇ ਠਹਿਰਨ ਲਈ ਕਿਹਾ ਪਰ

ਵਿਚ ਅਫ਼ਸਰ ਛੇਤੀ ਨਾਲ ਕੋਠੜੀ ਤੋਂ ਬਾਹਰ ਚਲਾ ਗਿਆ ਅਰ ਪਲਕ ਮਗਰੋਂ ਹੀ ਭਾਂਤ ਭਾਂਤ ਦੇ ਅਨੇਕਾਂ ਭੋਜਨਾਂ ਨਾਲ ਭਰੀ ਹੋਈ ਸੁਨਹਿਰੀ ਥਾਲੀ ਅਰ ਇਕ ਰੰਗਾ ਜਮਨੀ ਸੁਰਾਹੀ ਅਰ ਉਪਰ ਜੜਾਊ ਗਿਲਾਸ ਰਖਕੇ ਲੈ ਆਯਾ ਇਨਾਂ ਸਾਰਿਆਂ ਚੀਜਾਂ ਨੂੰ ਬਬਰ ਦੇ ਅਗੇ ਰਖਕੇ ਇਕ ਮਮੂਲੀ ਸਲਾਮ ਕਰਕੇ ਅਫ਼ਸਰ ਬਾਹਰ ਚਲਾ ਗਿਆ।

ਬਬਰਖਾਂ ਪਹਿਲਾਂ ਤਾਂ ਕੁਝ ਚਿਰ ਬੈਠਾ ਸੋਚਾਂ ਸੋਚਦਾ ਰਿਹਾ ਪਰ ਜਦੋਂ ਬਾਹਰ ਦਾ ਬੂਹਾ ਬੰਦ ਹੋਣਾ ਅਰ ਜੰਦਰੇ ਵਿਚ ਕੁੰਜੀ ਦੇ ਮਰੜੋਣ ਦੀ ਆਵਾਜ਼ ਸੁਣੀ ਤਾਂ ਇਹ ਤ੍ਰਿਬਕਯਾ ਅਰ ਛੇਤੀ ਨਾਲ ਉਠਕੇ ਇਸ ਕੋਠੜੀ ਵਿਚ ਆਯਾ ਜਿਥੋਂ ਸੁਰੰਗ ਦਾ ਨਿਕਾਸੂ ਸੀ ਵੇਖਯਾ ਤਾਂ ਦਰਵਾਜਾ ਬਾਹਰੋਂ ਬੰਦ ਕੀਤਾ ਹੋਯਾ ਹੈ। ਦਰਵਾਜਾ ਬੰਦ ਦੇਖਕੇ ਉਹਨੇ ਮਨ ਵਿਚ ਸੋਚ ਦੁੜਾਈ ਕਿ "ਇਸ ਅਫ਼ਸਰ ਨੇ ਜੋ ਜੋ ਗਲਾਂ ਕਹੀਆਂ ਹਨ ਭਲਾ ਉਹ ਸਚੀਆਂ ਹਨ ? ਜੇਕਰ ਇਹ ਮੇਰਾ ਸਜਣ ਹੁੰਦਾ ਤਾਂ ਮੈਨੂੰ ਜੰਦਰਾ ਮਾਰਕੇ ਕਿਉਂ ਜਾਂਦਾ। ਕਿਧਰੇ ਉਸਨੇ ਕੁਝ ਮਨਵਾਉਣ ਲਈ ਤਾਂ ਇਹ ਚਾਲ ਨਹੀ ਖੇਡੀ ? ਆਹ! ਜੇਕਰ ਅਜੇਹਾ ਹੁੰਦਾ ਹੈ ਤਦ ਤਾਂ ਮੈਂ ਸਭਨੀਂ ਪਾਸੀਂ ਮੋਯਾ! ਪਰ ਨਹੀ ਉਸਦੇ ਚਿਹਰੇ ਦੇ ਰੰਗ ਢੰਗ ਤੋਂ ਅਰ ਉਸਦੀ ਬੋਲੀ ਤੋਂ ਤਾਂ ਸਚਆਈ ਪ੍ਰਗਟ ਹੋਂਦੀ

ਹੈ ਅਰ ਇਸ ਮੁਹਾਂਦਰੇ ਦੇ ਆਦਮੀ ਅਰ ਇਸੇ ਆਵਾਜ਼ ਨੂੰ ਮੈਂ ਪਛਾਣ ਦਾਹਾਂ ਕਿ ਪਿਛੇ ਕਿਧਰੇ ਮੇਰੇ ਨਾਲ ਵਾਸਤਾ ਪੈ ਚੁਕਾ ਹੈ ਪਰ ਇਹ ਪਤਾ ਨਹੀਂ ਕਿਥੇ ਅਰ ਕੇੜ੍ਹੀ ਥਾਂ ਤੇ ?

ਪਛਤਾਉਂਦੇ ਪਛਤਾਉਂਦੇ ਮਨ ਵਿਚ ਗਿਣਤੀਆਂ ਗਿਣਦਾ ਹੋਯਾ ਬਬਰਖਾਂ ਫੇਰ ਉਸੇ ਕੋਠੜੀ ਵਿਚ ਆਏ ਕੁਛ ਥਕੇਵੇਂ ਦੇ ਕਾਰਨ ਕੁਝ ਭੁਖ ਭੀ ਲਗ ਗਈ ਸੀ। ਭੋਜਨ ਦੀ ਥਾਲੀ ਆਪਨੇ ਅਗੇ ਕਰਕੇ ਖਾਵਨ ਲਗਾ ਅਰ ਫੇਰ ਚੁਲੀ ਪਾਨੀ ਕਰ ਆਰਾਮ ਕਰਨ ਲਈ ਰੇਸ਼ਮੀ ਵਿਛੌਨੇ ਪੁਰ ਲੇਟ ਗਏ। ਪਰ ਨੀਂਦਰ ਕਿਸਨੂੰ ਆਉਨ ਲਗੀ ਸੀ। ਪਲੰਘ ਤੇ ਬੈਠਦਿਆਂ ਹੀ ਅਜ ਰਾਤ ਦੀ ਸਾਰੀ ਦਸ਼ਾ ਅਖੀਆਂ ਅਗੇ ਫਿਰਨ ਲਗੀ ਬਤੇਰਾ ਮਨ ਦੂਜੇ ਪਾਸੇ ਵਲ ਫੇਰਿਆ ਪਰ ਨਾ ਹੀ ਲਗਾ। ਅੰਤ ਨੂੰ ਡਿੱਬਾ ਹੋਕੇ ਵਾਜੇ ਨੂੰ ਚਾਬੀ ਲਾਈ ਅਰ ਕੁਝ ਚਿਰ ਤਕ ਉਸੇ ਦੀਆਂ ਸੁਰੀਲੀਆਂ ਰਾਗਣੀਆਂ ਨਾਲ ਮਨ ਪਰਚਾਉਂਦੇ ਰਹੇ। ਜਦ ਵਾਜਾ ਬੰਦ ਹੋਯਾ ਤਾਂ ਫੇਰ ਉਹੋ ਹੀ ਹਾਲ।

ਹੁਣ ਇਹ ਉਠਕੇ ਉਸ ਰੇਸ਼ਮੀ ਛੀਟਦਾਰ ਪੜਦੇ ਵਲ ਗਏ ਅਰ ਉਸਨੂੰ ਚੁਕਿਆ ਤਾਂ ਸਚਮੁਚ ਇਕ ਹੀਰੇ ਜੁਆਹਰਾਤਾਂ ਨਾਲ ਜੜਾਊ ਪੁਤਲੀ ਗ[illegible] ਉਚੇ ਕਬੂਤਰੇ ਪੁਰ ਖੜੋਤੀ ਹੋਈ ਦੇਖੀ-ਬਬਰਖਾਂ ਪੁਤਲੀ ਨੂੰ

ਦੇਖਕੇ ਬੜਾ ਪ੍ਰਸੰਨ ਹੋਯਾ ਅਰ ਪੜਦਾਂ ਪਾਕੇ ਫੇਰ ਉਸ ਥਾਂ ਤੋਂ ਮੁੜਨ ਹੀ ਲਗਾ ਸੀ ਕਿ ਉਸਦੀ ਨਜ਼ਰ ਇਕ ਮੂਰਤ ਵਲ (ਜੋ ਇਸ ਪੁਤਲੀ ਦੇ ਉਪਰ ਲਟਕਾਈ ਹੋਈ ਸੀ) ਪਈ ਅਰ ਬਬਰਖਾਂ ਉਸ ਮੂਰਤ ਨੂੰ ਦੇਖਦਿਆਂ ਹੀ ਪਾਗਲਾਂ ਵਾਂਗ ਅਬੜਵਾਹੇ ਬੋਲ ਉਠਿਆ ਯਾ ਖੁਦਾ ਇਹ ਕੀ ਭੇਦ ਹੈ ? ਇਸਦੀ ਮੂਰਤ ਇਸ ਪਰਦੇਸ ਵਿਚ ਕਿਥੋਂ ਆਗਈ ? ਅਰ ਫੇਰ ਇਸ ਪਰਦੇਸੀ ਦੇ ਹਥ । ਹਾਇ ਅਲਾ ਇਹ ਕੀ ਹਨੇਰ ? ਫਿਰ ਆਪਕੇ ਫੇਰ ਉਸਨੇ ਇਸੇ ਮੂਰਤ ਵਲ ਬੜੇ ਧਿਆਨ ਨਾਲ ਨਜ਼ਰ ਮਾਰੀ ਅਰ ਹੈਰਾਨੀ ਦੇ ਸਮੁੰਦਰ ਵਿਚ ਗੋਤੇ ਖਾਨ ਲਗਾ ਅਰ ਸਿਰ ਨੀਵਾਂ ਸੁਟਕੇ ਗਦੀ ਪੁਰ ਆ ਬੈਠਾ ਅਰ ਬੋਲਿਆ "ਹੇ ਖੁਦਾਵੰਦਾ ! ਕੁਝ ਸਮਝ ਨਹੀਂ ਆਉਂਦੀ ਕਿ ਇਹ ਕੀ ਖੇਲ ਹੋ ਰਿਹਾ ਹੈ ?" ਅੰਤ ਨੂੰ ਇਸੇ ਤਰਾਂ ਦੀਆਂ ਸੋਚਾਂ ਸੋਚਦਾ ਹੋਯਾ ਫੇਰ ਉਠਕੇ ਉਸੇ ਪੁਤਲੀ ਵਲ ਨਿਗਾਹ ਕਰਕੇ ਬੈਠ ਗਿਆ ਅਰ ਬੋਲਿਆ ।

ਬਬਰਖਾਂ—ਹੇ ਪੁਤਲੀ । ਮੈਂ ਹੁਕਮ ਦੇਂਦਾ ਹਾਂ ਕਿ ਤੂ ਕੋਈ ਮਨੋਹਰ ਵਾਰਤਾ ਸੁਣਾਕੇ ਮੇਰਾ ਮਨ ਪਰਚਾ ।

ਇਹੋ ਹੋਯਾ ਕਿ ਜਿਸਤਰਾਂ ਪੁਤਲੀ ਇਕ ਮੂਰਤ ਤਾਂ ਸੀ ਬਬਰਖਾਂ ਦੇ ਮੂੰਹੋਂ ਆਵਾਜ ਬਸ ਹੁੰਦਿਆਂ ਹੀ ਬੋਲੀ:--

"ਹੈਦਾਸੀ ਸੁਨਾਂਉਣ ਨੂੰ ਤਿਆਰ ਹੈ ਆਪ ਕੰਨ ਲਾ ਕੇ ਸੁਨੋ" ਬਬਰ ਇਹ ਆਵਾਜ ਸੁਣਕੇ ਬੜਾ ਹੈਰਾਨ ਹੋਯਾ ਅਰ ਛੇਤੀ ਨਾਲ ਉਠਕੇ ਪੁਤਲੀ ਦੇ ਸਾਮ੍ਹਨੇ ਖੜੇ ਕੇ ਦੇਖਦਾ ਕਿ ਉਸਦਾ ਮੂੰਹ ਹੋਠ ਤਾਂ ਨਹੀ ਹਿਲਦੇ ਪਰ ਉਸਦੇ ਮੂੰਹ ਵਿਚੋਂ ਠੀਕ ਮਨੁਖਾਂ ਵਾਂਗ ਸਾਫ ਬੋਲ ਨਿਕਲਦੇ ਹਨ ਕੁਝ ਤਾਂ ਚਿਰ ਅੜੋਤਾ ਦੇਖਦਾ ਰਿਹਾ ਪਰ ਜਦ ਕੁਝ ਸਮਝ ਨਾ ਆਯਾ ਤਾਂ ਫੇਰ ਤੀਜੀ ਵਾਰੀ ਮੁੜਕੇ ਗਦੀ ਪੁਰ ਬੈਠ ਗਿਆ ਅਰ ਇਧਰ ਪੁਤਲੀ ਨੇ ਆਵਾਜ਼ ਦਿਤੀ:--

"ਲੌ! ਮੇਰੀ ਵਾਰਤਾ ਕੰਨ ਦੇ ਕੇ ਸੁਨੋ!"

—o—

ਸਤ੍ਰਵਾਂ ਅੰਗ

"ਕੀ ਤੂੰ ਹੀ ਸਲੀਮ ਹੈਂ?"

"ਪੁਤਲੀ ਦੀ ਜ਼ਬਾਨੀ ਵਾਰਤਾ"

ਰਾਜਧਾਨੀ ਦਖਨ ਸ਼ਾਹੀ ਸਤਰਾਂ ਵਿਚ ਜਿਸ ਥਾਂ ਦਾੜ੍ਹੀਆਂ ਅਰ ਹਬਸ਼ੀ ਜੁਵਾਨਾਂ ਦੀਆਂ ਨੰਗੀਆਂ ਤਲਵਾਰਾਂ ਦੇ ਪਹਿਰੇ ਵਿਚੋਂ ਹਵਾ ਭੀ ਡਰ ਕੇ ਲੰਘਦੀ ਸੀ। ਸਰਜੂ ਦੀਆਂ ਚਮਕਦੀਆਂ ਹੋਈਆਂ ਕਿਰਨਾਂ ਦੀ ਥਾਂ ਲੈਂਪ, ਲਾਲਟੈਨਾਂ ਅਤੇ ਝਾੜ ਫਨੂਸਾਂ ਦੀ ਸੁਨਹਿਰੀ

ਭਾਨਨੀ ਗਾਟੇ ਪਾਸੇ ਸੂਭਾ ਇਮਾਨ ਉਜਾਲਾ ਕਰ ਰਹੀ ਹੈ। ਠੀਕ ਇਸ ਵੇਲੇ ਜਿਥੇ ਮਲਕਾਂ ਨਵਾਬ ਗੇਤੀਆਰਾ ਬੇਗਮ ਰਹਿੰਦੀ ਹੈ ਇਥੇ ਇਕ ਅਜੀਬ ਮਾਮਲਾ ਦਿਖਾਈ ਦੇਂਦਾ ਹੈ। ਇਸ ਮਹਿਲ ਦੇ ਪਛਵਾੜ ਇਕ ਅਤਿ ਸੁੰਦਰ ਬਾਗ਼ ਹੈ। ਇਹ ਮਲਕਾਂ ਕੁਲ ਬਗਮਾਂ ਦੀ ਪਟ ਰਾਨੀ ਅਤੇ ਨਵਾਬ ਦੇ ਸਾਮ੍ਹਨੇ ਤਖ਼ਤ ਪੁਰ ਬੈਠਨ ਦੀ ਪਦਵੀ ਰਖਦੀ ਹੈ ਅਰ ਬਹੁਤਾ ਮਾਨ ਇਸ ਦਾ ਇਸ ਲਈ ਵਧ ਗਿਆ ਹੈ ਕਿ ਇਸ ਬੇਗਮ ਦੇ ਕੁਖੋਂ ਦੋ ਲਾਲ ਉਤਪੰਨ ਹੋ ਦੁਕੇ ਸਨ ਅਰ ਉਹ ਦੋਹਾਂ ਲਾਲਾਂ ਵਿਚੋਂ ਇਕ ਸ਼ਾਹਜ਼ਾਦੀ ਅਰ ਸ਼ਾਹਜ਼ਾਦਾ ਸਤਾਰਾਂ ਅਠਾਰਾਂ ਵਰਿਆਂ ਦੀ ਉਮਰ ਦੇ ਸਨ ਜੋ ਨਵਾਬ ਸਾਹਿਬ ਦੇ ਪਿਛੋਂ ਗਦੀ ਦੇ ਵਾਲੀ ਸਮਝੇ ਜਾਂਦੇ ਸਨ। ਪਰ ਮੈਂ ਤਾਂ ਹੋਰ ਪਾਸੇ ਵਲ ਚਲੀ ਗਈ ਮੇਰਾ ਇਸ ਗਲ ਦਾ ਇਹੋ ਮਤਲਬ ਹੈ ਕਿ ਇਸ ਬੇਗਮ ਦੀ ਪਦਵੀ ਮੂਜਬ ਜਿਹਾ ਬਾਗ਼ ਹੋਨਾ ਚਾਹੀਦਾ ਸੀ ਉਸ ਤੋਂ ਵਧ ਕੇ ਸੁੰਦਰ ਅਤੇ ਮਨੋਹਰ ਸੀ। ਇਸ ਬਾਗ਼ ਦਾ ਕੋਟ ਐਂਨਾ ਉਚਾ ਸੀ। ਕਿ ਇਸ ਦੇ ਪਹਿਲੇ ਦੋਵੇਂ ਕੋਨੇ ਸ਼ਾਹੀ ਮਹਿਲਾਂ ਦੇ ਨਾਲ ਮਿਲੇ ਹੋਏ ਸੀ ਅਰ ਅਗੇ ਦੋਹਾਂ ਕੋਨਿਆਂ ਪੁਰ ਸੰਗਮਰਮਰ ਦੇ ਦੋ ਬੜੇ ਹੀ ਸੁੰਦਰ ਅਰ ਉਚੇ ਬੁਰਜ ਬਨੇ ਹੋਏ ਸੀ। ਇਥੇ ਇਸ ਬਾਗ਼ ਦੇ ਸਜੇ ਪਾਸੇ ਵਾਲੇ ਬੁਰਜ ਪੁਰ ਇਕ ਨਵਾਂ ਹੀ ਕੌਤਕ ਹੋ ਰਹਾ ਸੀ

ਜਿਸ ਨੂੰ ਮੈਂ ਪਹਿਲੇ ਜਤਾ ਚੁਕਾ ਹਾਂ। ਬੁਰਜ ਦੇ ਉਪਰ ਵਾਲੀ ਛਤ ਪੁਰ ਇਕ ਜੋਬਨ ਵੰਤੀ ਸੁੰਦਰ ਭੀਵੀਂ ਅਤੇ ਜੁਆਨ ਕੋਮਲ ਸ਼ਰੀਹੀ ਜਿਸ ਦੀ ਉਪਮਾ ਕਰਦਿਆਂ ਇਕ ਹੋਰ ਨਵੀਂ ਗਲ ਛਿੜ ਪੈਂਦੀ ਹੈ ਮੂਲ ਕੀ ਕਿ ਜਿਸ ਨੂੰ ਵੇਖਕੇ ਕਾਮ ਦੇਵ ਭੀ ਲਜਿਤ ਹੁੰਦਾ ਅਰ ਜਿਸ ਦੇ ਮੂਖ ਨੂੰ ਵੇਖਕੇ ਚੰਦ੍ਰਮਾਂ ਭੀ ਲਜਜਵਾਨ ਹੋ ਕੇ ਕਾਲੇ ਬਦਲਾਂ ਵਿਚ ਛੁਜ ਜਾਂਦਾ ਸੀ। ਇਸ ਜੋਬਨਵੰਤੀ ਦੇ ਹਥ ਵਿਚ ਇਕ ਕਮੰਦ ਹੈ ਅਰ ਉਸਦਾ ਸਿਰ ਚੰਗੀ ਚੁਕੜਾਈ ਨਾਲ ਉਧਰੋਂ ਏਨ ਦਿਤਾ ਅਰ ਫੇਰ ਹੌਲੀ ਜਿਹੀ ਸੀਟੀ ਵਜਾਈ ਤਾਂ ਨਾਲ ਹੀ ਇਕ ਕਾਮ ਰੂਪ ਸੋਹਣਾ ਜੁਆਨ ਜਿਸ ਦੀ ਸੁੰਦਰਤਾ ਇਸ ਤੋਂ ਕੁਝ ਘਟ ਨਹੀਂ ਸੀ ਕਮੰਦ ਨਾਲ ਉਪਰ ਚੜ ਆਯਾ। ਅਰ ਆਉਂਦਿਆਂ ਹੀ ਇਹ ਜੁਵਾਨ ਬੁਰਜ ਵਿਚ ਬੈਠਿਆ ਤਾਂ ਉਹ ਕਾਮ ਦੇਵੀ ਬੋਲੀ:-

ਭੀਵੀਂ—ਆਹਾ! ਪਿਆਰੇ ਪ੍ਰੀਤਮ ਰਬ ਰਬ ਕਰ ਕੇ ਸਰਜੂ ਵਿਦਾ ਹੋਯਾ ਤਾਂ ਆਪ ਦੀ ਇਹ ਚਾਨਣੀ ਸੂਰਤ ਵੇਖਣੀ ਨਸੀਬ ਹੋਈ।

ਮਲਦ—ਕਿਉਂ ਨਹੀਂ ਸਰਜੂ ਦੇ ਵਿਦਾ ਹੁੰਦਿਆਂ ਹੀ ਤਾਂ ਸਾਡੀ ਪਿਆਰੀ ਚਾਨਣੀ ਚੰਦ੍ਰਮਾਂ ਨੂੰ ਮਾਤ ਕਰ ਦੇਨ ਵਾਲੀ ਮਿਲਨ ਲਈ ਆ ਖੜੋਤੀ ਹੈ।

ਭੀਵੀਂ-ਹਾਂ ਪਰ ਉਥੇ ਤਾਂ ਦੂਰ ਦੀਦੇਖਾ ਦੇਖੀ ਹੈਅਰ

ਇਥੇ ਤਾਂ ਸਦ ਮੁਚ ਗਲ ਲਗਕੇ ਕਲੇਜੇ ਵਿਚ ਠੰਢ ਪੈ ਜਾਂਦੀ ਹੈ। (ਇਹ ਆਖ ਕੇ ਦੋਵੇਂ ਗਲ ਮਿਲੇ) ਅਰ ਅਜਿਹੇ ਹੋਏ ਕਿ ਮਾਨੋ ਕਿਸੇ ਕਾਰੀਗਰ ਨੇ ਦੋ ਮੂਰਤਾਂ ਘੜੀਆਂ ਹਨ। ਕੁਝ ਚਿਰ ਪਿਛੋਂ ਜਦ ਦੋਹਾਂ ਦੇ ਦਿਲ ਦੇ ਉਬਾਲ ਨਿਕਲ ਚੁਕੇ ਤਾਂ ਦੋਵੇਂ ਗਲਵਕੜੀ ਪਾਕੇ ਮਿਠੀਆਂ ਮਿਠੀਆਂ ਗਲਾਂ ਕਰਨ ਲਗੇ ਅਰ ਉਹ ਅਜੇਹੀਆਂ ਗਲਾਂ ਸਨ ਜਿਨਾਂ ਨੂੰ ਮੈਂ ਆਖਨਾ ਚੰਗਾ ਨਹੀਂ ਜਾਨਦੀ ਐਨੇ ਨੂੰ ਜਦ ਘੜਿਆਲੀ ਨੇ ਚਾਰਾਂਦੀ ਗਜ਼ਲ ਵਜਾਈ ਤਾਂ ਦੋਵੇਂ ਚਕਵੀ ਚਕਵਾ ਵਿਛੜ ਕੇ ਆਪੋ ਆਪਣੀ ਥਾਂ ਤੇ ਚਲੇ ਗਏ।

ਇਹ ਤਾਂ ਇਕੋ ਦਿਨ ਦੀ ਗਲ ਸੀ। ਇਸੇ ਤਰਾਂ ਦੋ ਵਰੇ ਇਨਾਂ ਸਜਨਾਂ ਨੂੰ ਆਪੋ ਵਿਚ ਦੂਪਤ ਪ੍ਰੀਤੀ ਕਰਦੇ ਮੈਂ ਦੇਖ ਦੀ ਰਹੀ ਇਨਾਂ ਦੋਹਾਂ ਸਜਨਾਂ ਦੀ ਇਕ ਦਿਨ ਦੀ ਗਲ ਹੈ ਜੋ ਅਜ ਤਕ ਇਨਾਂ ਦੋਹਾਂ ਵਰਿਆਂ ਵਿਚ ਨਹੀਂ ਵੇਖੀ ਸੀ ਇਹ ਇਕ ਨਵੀ ਗਲ ਸੀ।

ਅਥਵਾ ਇਕ ਦਿਨ ਸਦਾ ਵਾਂਙੂ ਉਹ ਸੋਹਣਾ ਜੁਆਨ ਉਸੇ ਤਰਾਂ ਕਮੰਦ ਨਾਲ ਬੁਰਜ ਪੁਰ ਚੜ੍ਹ ਆਯਾ ਹੈ ਅਰ ਇਹ ਸੁੰਦਰ ਕਾਮਨੀ ਭੀ ਅਗੇ ਤੋਂ ਅਧਿਕ ਪ੍ਰੇਮ ਭਾਵ ਨਾਲ ਗਲੇ ਮਿਲ ਰਹੀ ਹੈ ਵੇਲਾ ਬਾਤ ਦੇ ਬੀਤਦੇ ਜਦ ਉਹੀ ਚਾਰਾਂ ਦੀ ਗਜਲ ਵਜੀ ਅਰ ਇਨਾਂ ਦੇ ਮੂੰਹੋਂ ਅਜੇ ਇਹ ਚੰਗੀ ਤਰਾਂ ਨਹੀਂ ਸੀ ਨਿਕਲਜਾ ਕਿ " ਹੁਣ

ਕਲ ਮਿਲਾਂਗੇ" ਕਿ ਅਚਨਚੇਤ ਬਹੁਤ ਸਾਰੇ ਸਿਪਾਹੀ ਨੰਗੀਆਂ ਤਲਵਾਰਾਂ ਲੀਤੇ ਹੋਏ ਉਸ ਬੁਰਜ ਪੁਰ ਚੜ੍ਹ ਆਏ ਇਨ੍ਹਾਂ ਸਭਨਾਂ ਦੇ ਅਗੇ ਇਕ ਹੋਰ ਜੁਆਨ ਸੀ ਜਿਸ ਨੇ ਕੜਕੇ ਕਿਹਾ "ਬੰਨ੍ਹ ਲੌ ਇਨ੍ਹਾਂ ਦੋਹਾਂ ਨੂੰ" ਅਰ ਛੇਤੀ ਚਾਨਣਾ ਕਰੋ ਦੇਖੀਏ ਇਹ ਕੌਣ ਹਨ ?

ਇਹ ਸੁਣਕੇ ਦੋਹਾਂ ਕਾਮ ਕਾਜਨੀ ਦੇ ਪੈਰਾਂ ਦੀ ਮਿਟੀ ਨਿਕਲ ਗਈ ਅਰ ਦੋਹਾਂ ਨੇ ਬਹਾਦਰੀ ਕੀਤੀ ਅਰ ਤੀਵੀਂ ਨੇ ਆਪਣੇ ਪਿਆਰੇ ਪ੍ਰੀਤਮ ਨੂੰ ਕਹਾ "ਕਿ ਛੇਤੀ ਆਪਣੀ ਜਾਨ ਬਚਾਓ ਮੈਂ ਰਾਖੀ ਵਿਚ ਹਾਂ ਇਹ ਕਹਿਕੇ ਉਹ ਕਰੰਦੀ ਬਾਗ ਵਿਚ ਛਾਲ ਕਢ ਮਾਰੀ ਜੋ ਬਹੁਤਾ ਹੇਠਾਂ ਤਾਂ ਨਹੀਂ ਸੀ ਪਰ ਉਥਾਂ ਭੀ ਕੋਈ ਐਡਾ ਨਹੀਂ ਸੀ।

ਇਹ ਦੇਖਕੇ ਤਾਂ ਛੇਤੀ ਨਾਲ ਦੋ ਆਦਮੀ ਇਸ ਨੂੰ ਪਕੜਨ ਲਈ ਭੇਜੇ ਗਏ। ਪਰ ਇਸ ਮਰਦ ਨੂੰ ਉਨ੍ਹਾਂ ਨੇ ਚਾਰੇ ਪਾਸਿਓਂ ਘੇਰ ਲਿਆ ਕਿ ਕਿਧਰੇ ਇਹ ਭੀ ਨਾ ਨਠ ਜਾਵੇ।

ਹੁਣ ਇਸ ਜੁਆਨ ਮਰਦ ਨੇ ਭੀ ਤਲਵਾਰ ਖਿਚ ਲਈ ਅਰ ਕੋਈ ਵਸੀਲਾ ਅਪਣੀ ਜਾਨ ਦੇ ਬਚਾਉਣ ਦਾ ਸੋਚਣ ਲਗਾ ਅਰ ਕੋਈ ਪਾਸਾ ਢੂੰਢਣ ਲਗਾ ਪਰ ਬੁਰਜ ਵਿਚ ਕੋਈ ਥਾਂ ਬਚਾਓ ਦੀ ਨਾ ਨਜਰ ਆਈ ਅਰ ਨਾਲ ਹੀ ਇਕ ਤਲਵਾਰ ਦਾ ਵਾਰ ਹੋਯਾ ਜੋ

ਜਿਮੀਂ ਪੁਰ ਵਜਾ ਪਰ ਅਵਾਜ਼ਹੋਈ ਖਵਰ ਦਾਰ ।ਠਹਿਰ ਜਾ ਨਹੀਂ ਤਾਂ ਮਾਰਿਆ ਜਾਏਂਗਾ ਐਨੇ ਨੂੰ ਇਕ ਸਿਪਾਹੀ ਨੇ ਪਿਛੋਂ ਦੀ ਜਫੀ ਪਾਕੇ ਜਿਮੀਂ ਤੇ ਸੁਟ ਲਿਆ ਅਰ ਬਾਕੀ ਦਿਆ ਨੇ ਇਸਦੀਆ ਮੁਸ਼ਕਾ ਕਸ ਲਈਆ

ਐਨੇ ਨੂੰ ਉਹ ਭੀ ਸਿਪਾਹੀ ਜੋ ਇਸ ਕਾਮਨੀ ਦੇ ਪਕੜਨ ਲਈ ਗਏ ਸੀ ਮੁੜਕੇ ਆਗਏ ਅਰ ਅਪਨੇ ਅਫਸਰ ਨੂੰ ਕਿਹਾ ਕਿ ਕੁਝ ਪਤਾ ਨਹੀਂ ਲਗਾ ਉਹ ਕਿਧਰ ਗਈ।

ਅਫਸਰ— ਹੱਛਾ। ਚਾਨਣ ਕਰੋ ਛੇਤੀ । ਇਸਨੂੰ ਦੇਖੀਏ ਕਿ ਇਹ ਨਿਡਰ ਆਦਮੀ ਕੌਨ ਹੈ ?

ਅਫ਼ਸਰ ਦੇ ਹੁਕਮ ਹੁੰਦਿਆਂਹੀ ਮੁਸ਼ਾਲ ਬਾਲੀਗਈ ਅਰ ਚਾਨਣ ਵਿਚ ਇਸ ਜੁਆਨ ਮਰਦ ਦਾ ਚਿਹਰਾ ਜੋ ਦੇਖਦਾ ਤਾਂ ਅਫ਼ਸਰ ਨੇ ਜੋਰ ਨਾਲ ਚੀਕ ਮਾਰੀ....... ਅਰ ਅਫ਼ਸਰ ਬੋਲਿਆ:—

ਅਫ਼ਸਰ—ਹੁਨ ਕੀ ਹੋ ਸਕਦਾ ਹੈ ? ਇਸਦੀ ਜ਼ਰੂਰ ਗਰਦਨ ਮਾਰੀ ਜਾਵੇਗੀ ਇਹ ਤਾਂ ਸਾਡੇ ਵਡੇ ਵਜੀਰ ਸਾਹਿਬ ਦਾ ਇਕੋ ਅਕਲੋਤਾ ਪੁਤ੍ "ਸਲੀਮ" ਹੈ। ਪਰ ਸੁਨੋ ਖਵਰਦਾਰ ਜੇ ਕਰ ਕੋਈ ਭੀ ਇਸ ਸ਼ਾਹੀ ਭੇਤ ਨੂੰ ਮੂੰਹੋਂ ਕਢੇਗਾ ਨਹੀਂ ਤਾਂ ਜੋ ਦਸੇਗਾ ਉਸਨੂੰ ਅਜੇਹਾ ਦੰਡ ਦਿਤਾ ਜਾਏਗਾ ਜੋ ਕਰੜੇ ਤੋਂ ਕਰੜਾ ਡੰਨ ਹੋਏਗਾ

ਇਹ ਸੁਨਦਿਆਂ ਹੀ ਉਹ ਸਿਪਾਹੀ ਕੰਬਨ ਲਗੇ

ਅਰ ਬੜੇ ਅਦਬ ਨਾਲ ਗਰਦਨ ਨਿਵਾਕੇ ਇਸ ਜੁਵਾਨ ਮਰਦ ਦੀ ਖੁਸ਼ਾਮਦ ਕਰਨ ਲਗੇ। ਅਰ ਹੁਣ ਆਪਨੂੰ ਇਹ ਭੀ ਦਸਦੀ ਹਾਂ ਕਿ ਇਨਾਂ ਸਿਪਾਹੀਆਂ ਦਾ ਅਫਸਰ ਕੌਣ ਸੀ ? ਇਹ ਨਵਾਬ ਦਕਨ ਦੇ ਕੁੰਵਰ ਸਪੁਤ੍ਰ ਅਰ ਰਾਜ ਗਦੀ ਦੇ ਮਾਲਕ ਸ਼ਹਿਜ਼ਾਦਾ "ਜਮਸ਼ੇਦ" ਸਨ

ਜਮਸ਼ੇਦ—ਹਛਾ ਇਸ ਕੈਂਦੀ ਨੂ ਹੇਠਾਂ ਲੈ ਚਲੋ ਅਰ ਇਸੇ ਬੁਰਜ ਦੇ ਹੇਠਾਂ ਹੀ ਇਸਨੂੰ ਲੇਕੇ ਠਹਿਰੋ ਮੈਂ ਨਵਾਬ ਪਾਸੋਂ ਜੋ ਇਸ ,ਸਾਮਨੇ ਦਿਵਾਨ ਖਾਨੇ ਵਿਚ ਬਿਰਾਜਮਾਨ ਹਨ ਇਸ ਕੈਦੀ ਦੇ ਲਈ ਅਖੀਰੀ ਹੁਕਮ ਲੈ ਆਵਾਂ ਅਰ ਨਾਲ ਹੀ ਦੂਜੇ ਆਦਮੀ ਦੀ ਭੀ ਖਬਰ ਲਵਾਂ।

ਸਿਪਾਹੀਆਂ ਨੇ "ਸਲੀਮ" ਕੈਦੀ ਨੂ ਚੁਕਕੇ ਛੇਤੀ ਨਾਲ ਬੁਰਜ ਦੇ ਹੇਠਾਂ ਪਹੁੰਚਾਯਾ ਅਰ ਆਪ ਛੇਤੀ ਨਾਲ ਬਾਹਰ ਆਕੇ ਪਹਿਰਾ ਦੇਨ ਲਗੇ।

ਸ਼ਹਿਜ਼ਾਦਾ "ਜਮਸ਼ੇਦ" ਨੂ ਇਹ ਦੇਖਕੇ ਬੜੀ ਹੈਰਾਨੀ ਹੋਈ ਕਿ ਵਜ਼ੀਰ ਦਾ ਪੁਤ੍ਰ ਅਰ ਇਹ ਕਰਤੂਤ ਮਨ ਹੀ ਮਨ ਵਿਚ ਇਸਨੂ ਲਾਨਤਾਂ ਪਾਂਦਾ ਹੋਯਾ ਮਹਿਲ ਦੀ ਵਲ ਗਿਆ।

ਸਿਪਾਹੀਆਂ ਨੂ ਪਹਿਰਾਂ ਦੇਂਦੇ ਅਰ ਸ਼ਹਿਜ਼ਾਦੇ ਨੂ ਗਿਆ ਅਜੇ ਥੋੜਾ ਹੀ ਚਿਰ ਹੋਯਾ ਸੀ ਕਿ ਇਕ ਲੰਮਾ ਉਚਾ ਜੁਆਨ ਮੂੰਹ ਤੇ ਕਪੜਾ ਪਾਏ ਹੋਏ ਸ਼ਸਤ੍ਰਧਾਰੀ

ਉਸੇ ਥਾਂ ਆ ਖੜੋਤਾ ਜਿਥੇ ਸਿਪਾਂਹੀ ਕੈਦੀ ਲਈ ਬੈਠੇ ਸਨ ਇਸ ਆਦਮੀ ਨੁ ਵੇਖਕੇ ਸਿਪਾਹੀ ਤਲਵਾਰ ਧੂਹਕੇ ਇਸ ਵਲ ਉਠਲੇ ਅਰ ਵਾਰ ਕਰਨ ਹੀ ਲਗੇ ਸਨ ਕਿ ਇਸ ਘੁੰਡ ਕਢੇ ਹੋਏ ਆਦਮੀ ਨੇ ਕਿਹਾ :--

ਘੁੰਡ ਵਾਲਾ ਆਦਮੀ--ਉਂਗਲ ਨਾਲ ਸੈਨਤ ਕਰਕੇ) ਦੂਰ ਹੋਵੋ ਚੰਡਾਲੋ ਖਬਰਦਾਰ ਜੇ ਮੇਰੇ ਨੇੜੇ ਆਏ ਤਾਂ।

ਇਸ ਘੁੰਡ ਵਾਲੇ ਆਦਮੀ ਦੀ ਭਾਰੀਗੰਭੀਰ ਅਵਾਜ ਅਰ ਉਚੇ ਲਮੇ ਕਦ ਤੋਂ ਭੈ ਲਗਦਾ ਸੀ। ਇਧਰ ਇਸਦੀ ਅਵਾਜ ਸੁਣਦਿਆਂ ਹੀ "ਸਲੀਮ" ਭੀ ਜਿਸਨੂੰ ਕੁਝ ਆਪੇ ਹੌਸਲਾ ਹੋ ਗਿਆ ਖੜੋ ਗਿਆ ਅਰ ਸਿਰ ਤੋਂ ਪੈਰਾਂ ਤੁਕ ਦੇਖਣ ਲਗਾ।

ਘੁੰਡ ਵਾਲਾ ਆਦਮੀ--(ਅਗੇ ਵਧਕੇ ਅਰ ਇਕ ਮੁੰਦਰੀ ਦਾ ਨਗੀਨਾ ਸਿਪਾਹੀਆਂ ਦੇ ਸਾਮਨੇ ਕਰਕੇ) ਜੇਕਰ ਇਸ ਮੁੰਦਰੀ ਦੇ ਗੁਨ ਅਰ ਰਾਜ ਨੂੰ ਸਮਝਦੇ ਹੋ ਤਾਂ ਇਕ ਪਾਸੇ ਹੋ ਜਾਓ ਅਰ ਮੈਨੂੰ ਇਸ ਕੈਦੀ ਨੂੰ ਲੈ ਜਾਣ ਦੇਵੋ।

ਮੁੰਦਰੀ ਦੇ ਨਗੀਨੇ ਨੂੰ ਦੇਖਦਿਆਂ ਹੀ ਇਨ੍ਹਾਂ ਸਿਪਾਹੀਆਂ ਦੀਆਂ ਅਖੀਆਂ ਚੁੰਧੀਆ ਗਈਆਂ ਅਰ ਉਹ ਡਰਦੇ ਮਾਰੇ ਇਕ ਪਾਸੇ ਹੋ ਗਏ। ਹੁਨ ਇਸ ਘੁੰਡ ਵਾਲੇ ਆਦਮੀ ਨੇ ਸਲੀਮ ਨੂ ਸੈਨਤ ਨਾਲ ਬਾਹਰ ਬੁਲਾਯਾ ਅਰ ਕੋਲ ਪਹੁੰਚਨ ਤੇ ਉਸਦੇ

ਕੰਨ ਵਿਚ ਕਿਹਾ ਕਿ "ਮੇਰੇ ਪ੍ਰਾਨ ਪਿਆਰੇ ਹੋ ਤੀਂ ਮੇਰੇ ਪਿਛੇ ਪਿਛੇ ਛੇਤੀ ਆਓ" ਭਲਾ ਸਲੀਮ ਨੂੰ ਕਦ ਨਾਹ ਸੀ ਓਨਾ ਕੀ ਚਾਹੁੰਦਾ ਸੀ ਦੋ ਅਖੀਆਂ ਦੋਵੇਂ ਅਗੜ ਪਿਛਲ ਛੇਤੀ ਛੇਤੀ ਜਾਂਦੇ ਹੋਏ ਬਾਗ ਦੇ ਸੰਘਨੇ ਰੁਖਾਂ ਵਿਚ ਲੋਪ ਹੋ ਗਏ। ਪਰ ਪਿਆਰੇ ਪਾਠਕੋ! ਅਸੀ ਇਨ੍ਹਾ ਸਿਪਾਹੀਆਂ ਦਾ ਹਾਲ ਛਡ ਇਨਾਂ ਨਠਨ ਵਾਲਿਆਂ ਦਾ ਹੀ ਹਾਲ ਲਿਖਦੇ ਹਾਂ। ਇਹ ਦੋਵੇਂ ਬੜੀ ਤੇਜੀ ਨਾਲ ਇਧਰ ਓਧਰ ਵੇਖਦੇ ਅਗੇ ਅਗੇ ਵਧੇ ਚਲੇ ਜਾ ਰਹੇ ਹਨ ਅਰ ਪਲ ਵਿਚ ਹੀ ਬਾਗ ਦੇ ਕੋਟ ਦੇ ਹੇਠਾਂ ਦੌੜ ਤਾਕੀ ਦੇ ਪਾਸ ਆਕੇ ਠਹਿਰ ਗਏ ਜੋ ਬੰਦ ਸੀ ਤਾਂ ਇਸ ਘੁੰਡ ਵਾਲੇ ਆਦਮੀ ਨੇ ਹੌਲੀ ਅਵਾਜ ਨਾਲ ਪਰ ਕਾਹਲਿਆਂ ਹੋਕੇ ਕਿਹਾ "ਬਸ ਇਕਹੀ ਲਤ ਮਾਰੋ ਅਰ ਇਸ ਦੇ ਤਾਕ ਭੰਨ ਦੇਵੋ। ਛੇਤੀ ਕਰੋ ਨਹੀਂ ਤਾਂ ਹੁਣ ਜਾਨ ਵਿਚ ਕੋਈ ਫਿਰ ਨਹੀਂ ਹੈ।

ਇਹ ਕਹਿੰਦਾ ਹੀ ਸੀ ਕਿ ਬਾਗ ਵਿਚੋਂ ਪਿਛਲੇ ਪਾਸਿਓ ਦੰਦੂਕਾਂ ਦੀ ਅਵਾਜ ਆਈ ਨਾਲ ਹੀ ਇਸ ਘੁੰਡ ਵਾਲੇ ਆਦਮੀ ਨੇ ਘਬਰਾਕੇ ਕਿਹਾ" ਛੇਤੀ ਕਰੋ ਨਹੀਂ ਤਾਂ ਜਾਨ ਦੀ ਸੁਖ ਨਹੀਂ" ਇਹ ਸੁਨਕੇ ਸਲੀਮ ਨੇ ਆਪਨੇ ਪੂਰੇ ਜੋਰ ਨਾਲ ਇਕ ਅਜਿਹੀ ਲਤ ਮਾਰੀ ਕਿ ਚੂਥੀਆਂ ਟੁਟ ਗਈਆਂ ਤਾਂ ਘੁੰਡ ਵਾਲੇ ਨੇ ਫੇਰ ਕਿਹਾ ਕਿ "ਇਕ ਹੋਰ" ਨਾਲ ਹੀ ਸਲੀਮ ਨੇ ਇਕ

ਹੋਰ ਲਤ ਮਾਰੀ ਤਾਂ ਦੂਜੀ ਲਤ ਜੋ ਮਾਰੀ ਤਾਂ ਦੂਜੀ ਲਤ ਜ ਜੋਰ ਨਾਲ ਪਈ ਤਾਂ ਤਾਕੀ ਦੇ ਦੋਵੇਂ ਤਾਕ ਟੁਟ ਗਏ ਅਰ ਇਹ ਦੋਵੇ ਇਸ ਵਿਚੋਂ ਬਾਹਰ ਨਿਕਲ ਨ ਹੀ ਲਗੇ ਸਨ ਕਿ ਪਿਛੋਂ ਦੀ ਪਕੜੋ। ਪਕੜੋ। ਦਾ ਰੌਲਾ ਸਨਿਆ ਹਰ ਬਹੁਤ ਸਾਰੇ ਆਦਮੀ ਮਸ਼ਾਲਾਂ ਲੀਤੇ ਹੋਏ ਤਾਕੀ ਦੀ ਵਲ ਆਏ।

ਘੁਡਵਾਲਾ ਅਰ ਸਲੀਮ ਇਨਾਂ ਨੂੰ ਆਉਂਦਿਆ ਦੇਖਕੇ ਸਰਪਟ ਦੌੜੇ ਪਰ ਕਿਥੇ ਜਾ ਸਕਦੇ ਸਨ। ਪਿਛਾ ਕਰਨ ਵਾਲਿਆਂ ਨੇ ਇਨਾਂ ਨੂੰ ਦੇਖ ਲਿਆ ਅਰ ਸਭ ਤੋਂ ਅਗੇ ਜਮਸ਼ੇਦ ਸ਼ਹਿਜ਼ਾਦਾ ਖਿਝਿਆ ਹੋਇਆ ਨਿਕਲਿਆ ਅਰ ਜੋਰ ਨਾਲ ਕੜਕ ਕੇ ਅਵਾਜ਼ ਦਿਤੀ ਕਿ“ ਛੇਤੀ ਪਕੜੋ! ਦੇਖੋ ਓਹ ਸਾਮਨੇ ਭਜੇ ਜਾਂਦੇ ਹਨ’ ਇਹ ਸੁਣਕੇ ਸਿਪਾਹੀ ਹੋਰ ਭੀ ਤੇਜੀ ਨਾਲ ਦੌੜੇ ਅਰ ਕੁਝ ਕੁਝ ਅਗੇ ਨਠਣ ਵਾਲਿਆਂ ਦੇ ਨੇੜੇ ਨੇੜੇ ਹੁਦੇ ਜਾਂਦੇ ਸਨ। ਸਲੀਮ ਤਾਂ ਬਹੁਤ ਤੇਜੀ ਨਾਲ ਦੌੜਿਆ ਜਾ ਰਿਹਾ ਸੀ ਪਰ ਜਦ ਉਸਨੇ ਅਪਨੀ ਸਾਥੀ ਵਲ ਨਿਗਾਹ ਕੀਤੀ ਤਾਂ ਉਸਨੂੰ ਧੀਮੇ ਹੁੰਦਿਆਂ ਦੇਖ ਕੇ ਡਰਿਆ ਅਰ ਅਖਾਂ ਵਿਚ ਪਾਣੀ ਭਰ ਆਇਆ ਅਰ ਘੁੰਡ ਵਾਲੇ ਦੇ ਹਥ ਵਿਚ ਹਥ ਦੇਕੇ ਆਖਣ ਲਗਾ ਛੇਤੀ ਦੌੜੋ

ਘੁੜਵਾਲਾ-(ਹਫ ਹਫ ਹੋ) ਮੇਰੇ ਵਿਚ ਬ......ਲ...ਨ...ਹੀ ਹੈ। ਮੈਨੂੰ ਮੇਰੇ ਭਾਗਾ ਪਰ ਛਡੋ ਅਰ ਤੁ...ਸੀ...ਉ...ਸ ਦਰਖਤ...ਤਕ ਜਾਓ ਤਾਂ ਆਸ਼ਾ ਹੈ.......... ਪਰ ਇਹ ਹੋਣਾ ਕਠਨ ਹੈ। ਇਹ ਕਹਿਕੇ ਸਲੀਮ ਬੜੀ ਤੇਜ਼ੀ ਨਾਲ ਦੌੜਿਆ ਅਰ ਅਪਨੇਸਾਥੀ ਨੂੰ ਭੀ ਨਾਲ ਹੀ ਘਸੀਟਿਆ। ਹੁਣ ਇਨਾਂ ਦੇ ਪਿਛਲੇਰੇ ਵੈਰੀ ਭੀ ਬਹੁਤ ਨੇੜੇ ਆ ਚੁਕੇ ਸਨ ਅਰ ਪਕੜਨਾ ਹੀ ਚਾਹੁੰਦੇ ਸਨ ਕਿ ਇਨਾਂ ਦੇ ਪਹੁੰਚਨਤੋਂ ਪਹਿਲੇ ਹੀ ਇਹ ਦੋਵੇਂ ਉਸ ਦਰਖ਼ਤ ਦੇ ਹੇਠਾਂ ਪਹੁੰਚ ਗਏ ਜਿਥੇ ਕਿ ਇਨਾਂ ਲਈ ਇਕ ਅਸਵਾਰ ਤੀਵੀਂ ਦੋ ਘੋੜੀਆਂਲਈ ਤਿਆਰ ਖੜੋਤੀ ਸੀ। ਘੁੜ ਵਾਲੇ ਨੇ ਇਸ ਅਸਵਾਰ ਤੀਵੀ ਨੂੰ ਆਪਣੀ ਹੀਰੇ ਦੀ ਅੰਗੂਠੀ ਦੇਕੇ ਕਿਹਾ ਮਰੀਆਮ ! ਇਹਲੈ ਤੇਰਾ ਇਨਾਮ। ਚੰਗੇ ਵੇਲੇ ਅਪੜੀਓਂ। ਪਰ ਹੁਣ ਅਸੀ ਤੈਨ ਨਹੀ ਮਿਲਾਂਗੇ।

ਮਰੀਆਮ ਇਹ ਸੁਣਕੇ ਰੋਣ ਲਗੀ ਪਰ ਇਨਾਂ ਦੋਹਾਂ ਨੂੰ ਮਿਲਣ ਦੀ ਸਮਝ ਹੀ ਕਦੋਂ ਸੀ ਛੇਤੀ ਨਾਲ ਸਲਾਮ ਕਰ ਮਰੀਅਮ ਇਕ ਪਾਸੇ ਅਰ ਇਹ ਦੋਵੇਂ ਇਕ ਪਾਸੇ ਘੋੜਿਆਂ ਨੂੰ ਸਰਪੱਟ ਛਡ ਹਵਾ ਹੋ ਗਏ ਐਨੇ ਨੂੰ ਦੁਸ਼ਮਨ ਅਰ ਖਾਸ ਸ਼ਹਿਜ਼ਾਦਾ ਜਮਸ਼ੈਦ ਇਸ ਥਾਂ ਪਹੁੰਚ ਕੇ ਦੰਦ ਪੀਂਹਦੇ ਪੀਂਹਦੇ ਰਹਿ ਗਏ।

ਜਦ ਇਹ ਦੋਵੇਂ ਕੋਹਾਂ ਤਕ ਇਨਾਂ ਹੁਝ ਬਾਤ ਚੀਤ

ਕੀਤੇ ਦੂਰ ਚਲੇ ਗਏ ਤਾਂ ਇਹ ਵੈਰੀਆਂ ਵਲੋਂ ਨਿਚਿੰਤ ਹੋ ਗਏ ਅਰ ਘੋੜਿਆਂ ਨੂੰ ਹੌਲੀ ਹੌਲੀ ਤੁਰਾਉਣ ਲਗੇ ਤਾਂ ਘੁੰਡ ਵਾਲੇ ਨੇ ਪੁਛਿਆ ਤੁਸਾਡਾ ਨਾਉਂ?

ਸਲੀਮ—ਮੈਨੂੰ "ਸਲੀਮ ਸਲੀਮ" ਕਹਿੰਦੇ ਹਨ

ਘੁੰਡਵਾਲਾ—(ਕੜਕ ਕੇ) ਸਲੀਮ ! ਵਜ਼ੀਰ ਦਾ ਪਿਆਰਾ ਬੇਟਾ ਸਲੀਮ! ਅਨਯਾਈ ਤੂੰ ਹੀ ਸਲੀਮ ਹੈਂ।

ਇਹ ਆਖਕੇ ਘੁੰਡ ਵਾਲੇ ਨੇ ਛੇਤੀ ਨਾਲ ਘੁੰਡ ਚੁਕ ਲਿਆ ਅਰ ਸਲੀਮ ਇਸਨੂੰ ਦੇਖਕੇ ਘਬਰਾ ਗਿਆ ਕਿ ਇਹ ਤਾਂ ਮੇਰੀ ਹੀ ਪਿਆਰੀ ਉਹੋ ਕਾਮਣੀ ਹੈ ਜਿਸ ਨਾਲ ਹੋਜ ਬੁਰਜ ਵਿਚ ਅਨੰਦ ਭੋਗਦਾ ਹੁੰਦਾ ਸਾਂ ਪਰ ਫੇਰ ਹੈਰਾਨ ਹਯਾ ਕਿ ਉਹ ਸੁੰਦਰੀ ਨਾ ਤਾਂ ਐਡੀ ਉਚੀ ਲੰਮੀ ਸੀ ਅਰ ਨਾ ਹੀ ਉਸਦੀ ਅਜਿਹੀ ਅਵਾਜ ਸੀ ਪਰ ਹੁਣ ਜੋ ਉਸ ਨੇ ਚੰਗੀ ਤਰਾਂ ਦੇਖਯਾ ਤਾਂ ਉਸਦੇ ਉਚੇ ਹੋਣ ਦਾ ਪਤਾ ਲਗਾ ਕਿ ਉਸਨੇ ਜੁਤੀ ਪਾਈ ਹੋਈ ਸੀ। ਅਰ ਅਵਾਜ ਬਨੌਟੀ ਬਣਾਈ ਹੋਈ ਸੀ। ਉਧਰ ਉਹ ਤੀਵੀਂ ਜੋ ਅਜ ਤਕ ਇਸਦਾ ਅਸਲੀ ਨਾਮ ਨਹੀ ਜਾਣਦੀ ਸੀ। ਕਰੋਧ ਨਾਲ ਕੰਬ ਰਹੀ ਸੀ ਅਰ ਉਧਰ ਸਲੀਮ ਭੀ ਚੁਪਚਾਂ ਖੜੋਤਾ ਇਧਰ ਉਧਰ ਤਕਦਾ ਸੀ ਅਰ ਸੋਚਦਾ ਸੀ ਕਿ ਹੁਣ ਕੀ ਕਰੀਏ?

ਤੀਵੀਂ—ਸਲੀਮ ੨ ! ਸਚ ਕਿ ਤੂੰ ਮੇਰੀ ਇਜ਼ਤ ਖਰਾਬ ਕੀਤੀ! ਮੈਨੂੰ ਪਤਾ ਨਹੀਂ ਸੀ ਕਿ ਤੂੰ ਐਡਾ

ਮਕਾਰ ਵਜ਼ੀਰ ਬੇਟਾ ਹੈਂ ਅਰ ਉਹੀ ਪਾਪੀ ਹੈਂ ਕਿ ਜਿਸ ਦਾ ਵਿਵਾਹ ਇਸੇ ਹੀ ਵਰੇ ਬੜੀ ਧੂਮ ਧਾਮ ਨਾਲ ਹੋਯਾ ਸੀ ਅਰ ਤੂੰ ਮੈਂਨੂੰ ਇਹ ਧੋਖਾ ਦਿਤਾ ਕਿ ਮੈਂ ਤੇਰੇ ਨਾਲ ਵਿਆਹ ਕਰਾਂਗਾ ਅਰ ਤੈਨੂੰ ਹੀ ਅਪਨੇ ਤਨ ਮਨ ਦਾ ਮਾਲਕ ਬਨਾਵਾਂਗਾ। ਸੋ ਕ੍ਰਿਤਘਨ ! ਤੂੰ ਮੇਰੇ ਨਾਲ ਕਿਹਾ ਧ੍ਰੋਹ ਕਮਾਯਾ ਅਰ ਮੇਰੀਆਂ ਸਭ ਮਨ ਦੀਆਂ ਆਸ਼ਾਂ ਪੁਰ ਪਾਣੀ ਪਾ ਦਿਤਾ (ਮੂੰਹ ਉਰੇ ਕਰਕੇ) ਹੇ ਰਬ ਜੀ ! ਜੇ ਕਰ ਤੂੰ ਇਸ ਮੇਰੇ ਬਾਗ ਦੇ ਉਜਾੜ ਦੇਨ ਵਾਲੇ ਨੂੰ ਬਖ਼ਸ਼ ਦੇਵੇਂ ਤਾਂ ਬਖਸ਼ ਦੇ ਪਰ ਮੈਂ ਇਸ ਨੂੰ ਪ੍ਰਲੈ ਤਕ ਖਿਮਾ ਨਾ ਕਰਾਂਗੀ। ਸਲੀਮ ਓ ਕ੍ਰਿਤਘਨ ਸਲੀਮ ! ਤੂੰ ਜਾਨ ਦਾ ਹੈਂ ਮੈਂ ਕੌਨ ਹਾਂ? ਮੈਂ ਇਕ ਮਮੂਲੀ ਤੀਵੀਂ ! ਚੰਦ੍ਰ ਘਰ ਦੀ ਕਿਸੇ ਐਸੇ ਤੈਸੇ ਘਰ ਦੀ ਜਿਹਾ ਕਿ ਮੈਂ ਤੈਨੂੰ ਆਖ ਦੀ ਹੁੰਦੀ ਸਾਂ ਨਹੀ ਹਾਂ ! ਕਿੰਤੂ ਮੈਂ ਭੀ ਇਸੇ ਦਕਨ ਦੀ ਸ਼ਾਹਜ਼ਾਦੀ ਨਵਾਬ ਦੀ ਬੇਟੀ "ਅਖ਼ਤਰ" ਹਾਂ। (ਕ੍ਰੋਧ ਨਾਲ) ਓ ਪਾਪੀ ਨਿਲੱਜ ! ਕਮ ਨੇ ! ਜਿਹਾ ਕਿੰਤੂ ਇਕ ਭੋਲੀ ਲੜਕੀ ਨੂੰ ਬਕਾ ਅਰ ਧਰਮ ਛੀਨ ਕਰ ਤੇ ਖਰਾਬ ਅਰ ਦੇਸ਼ ਨਿਕਾਲਾ ਕਰਵਾਂਗਾ ਹੈਂ ਮੈਂ ਭੀ ਤੈਥੋਂ ਅਪਨਾ ਬਲਦਾ ਲਏ ਬਿਨਾ ਨਹੀਂ ਰਹਾਂਗੀ ਅਰ ਜਰੂਰ ਬਦਲਾ ਲਵਾਂਗੀ। ਹੁਨ ਅਪਨੇ ਮਹਿਲ ਵਿਚ ਭੀ ਮੁੜ ਕੇ ਨਹੀਂ ਜਾ ਸਕ ਦੀ ਕਿਉਂ ਕਿ ਮੈਂ ਇਕ

ਚਿਠੀ ਲਿਖ ਕੇ ਇਕ ਗੋਲੀ ਦੀ ਰਾਹੀਂ ਅਪਨੇ ਪਿਤਾ ਨਵਾਬ ਅ: ਮਾਤਾ ਬੇਗਮ ਨੂੰ ਤੇਰੇ ਧ੍ਰੋਹ ਕਮਾਉਣ ਦੀ ਖਾਤਰ ਕਰ ਆਈ ਹਾਂ। ਹੇ ਧਰੋਹੀ ! ਜਾਹ ! ਜਾਹ ! ਮੇਰ ਸਾਮਨਿਉਂ ਦੂਰ ਹੋ ਜਾ ਰਬ ਕਰੇ ਕਿ ਤੂੰ ਅਪਨਾ ਭੈੜਾ ਮੂੰਹ ਮੈਨੂੰ ਨਾ ਵਿਖਾਵੇਂ। ਪਰ ਜਿਸ ਦਿਨ ਮੂੰਹ ਵੇਖਨ ਦਾ ਵੇਲਾ ਆਵੇਗਾ ਉਸ ਦਿਨ ਮੇਰੀ ਤੇਜ ਕਟਾਰ ਅਰ ਤੇਰੀ ਗਰਦਨ ਹੋਵੇਗੀ। ਹਾਂ ਹਾਂ ਇਕ ਗਲ ਹੋਰ ਸੁਨ ਲੈ ਮੈਂ ਤੈਨੂੰ ਵਜ ਵਜਾ ਕੇ ਆਖ ਦੇਂਦੀ ਹਾਂ ਕਿ ਮੈਂ ਅਜ ਤੋਂ ਤੇਰੀ ਜਾਨ ਦੀ ਵੈਰਨ ਹਾਂ ਅਰ ਕਾਲੇ ਸਪ ਵਾਂਙੂ ਮੈਂ ਤੇਰੇ ਤੋਂ ਅਪਨਾ ਬਦਲਾ ਲੈਨ ਦੇ ਫਿਕਰ ਵਿਚ ਹਾਂ ਤੂੰ ਤਕੜਾ ਰਹੀਂ ਬਸ ਅਖੀਰੀ ਮਿਲਾਪ ਹੋ ਜਾਉ !

ਇਹ ਕਹਿਕੇ ਸ਼ਹਿਜ਼ਾਦੀ ਘੋੜਾ ਸਰਪਟ ਦੁੜਾ ਕੇ ਪਤਾ ਨਹੀਂ ਕਿਸ ਪਾਸੇ ਵਖਦਿਆਂ ਅੱਖਾਂ ਤੋਂ ਓਹਲੇ ਹੋ ਗਈ ਅਰ ਅਜੇਹੀ ਗਈ ਕਿ ਜਿਸਦਾ ਅਜ ਤਕ ਸਲੀਮ ਨੂੰ ਪਤਾ ਨਾ ਲਗਾ। ਸਲੀਮ ਭੀ ਉਥੇ ਖੜੋਤਾ ਖੜੋਤਾ ਅਰ ਸੋਚਾਂ ਸੋਚਦਾ ੨ ਬੁਤ ਬਨਗਿਆ ਕਿ ਇਹ ਇਕ ਵਾਰਗੀ ਅਜਿਹੀ ਪ੍ਰੀਤ ਕਿਸਤਰਾਂ ਟੁਟ ਗਈ ? ਸੋਚਾਂ ਸੋਚਦੇ ਸੋਚਦੇ ਦਾ ਸਿਰ ਭੀ ਭਉਨ ਲਗ ਗਿਆ ਅਰ ਉਹ ਇਹ ਨਾ ਸਮਝਿਆ ਕਿ ਸਰ ਮੂਚ ਇਨਾਂ ਧਮਕੀਆਂ

ਦਾ ਫਲ ਹੋਵੇਗਾ ਜੋ ਇਹ ਕਹਿਕੇ ਗਈ ਹੈ ਕੀ ਇਹ ਠੀਕ ਇਸਤਰਾਂ ਹੀ ਕਰੇਗੀ ? ਅਰ ਹੁਣ ਮੈਂ ਕਿਧਰ ਜਾਵਾਂ ਅਰ ਕੀ ਕਰਾਂ ? ਇਹ ਵਿਚਾਰ ਕਰ ਦਿਆਂ ਹੋਯਾਂ ਮਨ ਵਿਚ ਪਕੀ ਸਲਾਹ ਕਰ ਲਈ ਕਿ ਭਾਵੇਂ ਕੁਝ ਹੋ ਜਾਵੇ ਪਰ ਇਕ ਵਾਰੀ ਆਪਣੇ ਸਾਥਿਆਂ ਦੀ ਸੇਵਾ ਵਿਚ ਜਾ ਕੇ ਫੇਰ ਏਸ ਦੇਸ ਨੂੰ ਸਦਾ ਲਈ ਤਿਆਗ ਦੇਵਾਂ ।

ਸਲੀਮ ਇਸ ਗਲ ਨੂੰ ਮਨ ਵਿਚ ਠਾਨਕੇ ਆਪਣੇ ਪਿਤਾ ਦੇ ਮਹਿਲ ਵਲ ਮੁੜਿਆ ਇਸ ਵੇਲੇ ਅਧੀ ਰਾਤ ਬੀਤ ਚੁਕੀ ਹੈ ਚਾਰੇ ਪਾਸੇ ਚੁਪਚਾਂ ਵਰਤੀ ਹੋਈ ਹੈ। ਸਲੀਮ ਅਪਨੇ ਮਕਾਨ ਦੇ ਪਛਵਾੜਿਓਂ ਚੋਰ ਤਾਕੀ ਥਾਂਣੀ ਚੋਰਾਂ ਵਾਂਙ ਅਰ ਸਾਰੇ ਪਾਸਿਓ ਨਜਰ ਬਚਾਉਂਦਾ ਹੋਯਾ ਅੰਦਰ ਗਿਆ ਇਸ ਚੋਰ ਤਾਕੀ ਦਾ ਰਾਹ ਹਵੇਲੀ ਦੇ ਹੇਠਾਂ ਹੁੰਦਾ ਹੋਇਆ ਇਸਦੇ ਖਾਸ ਅਪਨੇ ਮਕਾਨ ਵਿਚ ਗਿਆ ਸੀ ।

ਸਲੀਮ ਉਸੇ ਰਸਤੇ ਪੈਰ ਚੁਕਦਾ ਹੋਯਾ ਅਰ ਉਪਰ ਲਿਖੀਆਂ ਗਲਾਂ ਸੋਚਦਾ ਹੋਯਾ ਅਪਨ ਧਿਆਨ ਤੁਰਿਆ ਜਾ ਰਿਹਾ ਹੈ ਕਿ ਅਚਨ ਚੇਤ ਕੁਝ ਖੜਾਕ ਹੋਯਾ, ਇਹ ਕੁਝ ਅਗੇ ਹੀ ਡਰਿਆ ਹੋਯਾ ਸੀ ਮੁੜਕੇ ਦੇਖਣ ਲਗਾ ਕਿ ਕੀ ਹੈ? ਤਾਂ ਅਪਨੇ ਸਾਮਨੇ ਕਿਸੇ

ਨੂੰ ਖੜੋਤਿਆਂ ਹੋਯਾਂ ਦੇਖਯਾ। ਸਪ ਦਾ ਵਢਿਆ ਰਸੀ ਤੋਂ ਡਰ ਲਗਦਾ ਹੈ। ਇਹ ਹੁਨੇ ਅਪਨੀਆਂ ਵੈਰੀਆਂ ਦੇ ਹਥੋਂ ਬਚਕੇ ਨਿਕਲਯਾ ਹੀ ਸੀ, ਅਰ ਚਾਰੇ ਪਾਸੇ ਵੈਰੀ ਹੀ ਵੇਰੀ ਦਿਸਦੇ ਸਨ ਇਸ ਲਈ ਇਹ ਉਸ ਖੜੋਤੀ ਹੋਈ ਸ਼ਕਲ ਨੂੰ ਦੇਖਿਦਿਆਂ ਹੀ ਤਲਵਾਰ ਕਢਕੇ ਬੋਲਿਆ ਕਿ ਸਚ ਕਹੋ ਕਿ ਤੂੰ ਕੋਈ ਸਲੀਮ ਦਾ ਸਜਨ ਹੈਂ ਯਾ ਵੈਰੀ? ਨਹੀਂ ਤਾਂ ਇਹੋ ਤਲਵਾਰ ਤੈਨੂੰ ਸਦਾ ਲਈ ਸੁਆ ਦੇਗੀ।

ਇਹ ਸੁਨਕੇ ਉਸ ਸ਼ਕਲ ਨੇ ਹੌਲੀ ਜਿਹੀ ਕਿਹਾ "ਪਿਆਰੇ ਸਲੀਮ! ਘਬਰਾਓ ਨਹੀਂ! ਮੈਂ ਵੈਰੀ ਨਹੀਂ ਸਜਨ ਹਾਂ ਅਰ ਸਜਨ ਭੀ ਆਪਦੀ ਸੰਗੀ ਅਤੇ ਅਰਧੰਗੀ ਆਪਦੀ ਪਹਿਲੀ "ਰਜ਼ੀਆ" ਹਾਂ।" ਸਲੀਮ ਨੇ ਇਹ ਸੁਣਕੇ ਤਲਵਾਰ ਮਿਆਨ ਵਿਚ ਪਾ ਲਈ ਅਰ ਸਿਰ ਨੀਵਾਂ ਪਾਕੇ ਕਹਿਨ ਲਗਾ "ਰਜ਼ੀਆ! ਤੂੰ ਏਥੇ ਕਿਥੇ?" ਹੈਂ! ਤੂੰ ਤਾਂ ਰੋਂਦੀ ਹੈਂ! ਅਗੇ ਹੋਕੇ ਅਰ ਗਲ ਨਾਲ ਲਾਕੇ ਅਥਰੂ ਪੂੰਜੇ ਅਰ ਕਿਹਾ ਕਿ ਛੇਤੀ ਦਸ ਤੂੰ ਕਿਉਂ ਐਡਾ ਰੋਂਦੀ ਹੈ ਅਰ ਐਡੀ ਹਨੇਰੀ ਰਾਤ ਵਿਚ ਕਿਥੇ ਜਾ ਰਹੀ ਹੈਂ? ਸਲੀਮ ਦੀ ਆਪਣੀ ਅਕਲ ਐਸ ਵੇਲੇ ਟਿਕਾਨੇ ਨਹੀਂ ਸੀ ਫੇਰ ਭੀ ਮਨ ਨੂੰ ਕੁਝ ਹੌਸਲਾ ਦਿਤਾ ਅਰ ਆਖਨ ਲਗਾ ਰਜ਼ੀਆ ਤੈਨੂੰ ਕੀ ਤਕਲੀਫ ਹੋਈ ਜੋ ਐਸ ਵੇਲੇ

ਵੇਲੇ ਤੂੰ ਏਸ ਪਾਸੇ ਆਈਓਂ ?।

ਰਜ਼ੀਆ-- ਮੇਰੇ ਪ੍ਰਾਨ ਪਿਆਰੇ ਸਲੀਮ ! ਤਕਲੀਫ਼ ਦੀ ਕੁਝ ਨਾ ਪੁਛੋ.। ਸਾਡੇ ਘਰ ਤਾਂ ਹਨੇਰ ਵਰਤ ਗਿਆ ਹਾਇ ਕੀ ਦਸਾਂ ਬੜਾ ਕਹਿਰ ਹੋਯਾ ਹੈ ਵਸਿਆ ਵਸਿਆਂ ਘਰ ਇਕ ਛਿਨ ਵਿਚ ਖੇਹ ਹੋ ਗਿਆ ਹੈ ਹੋਰ ਇਸ ਤੋਂ ਵਧ ਕੇ ਕੀ ਤਕਲੀਫ਼ ਹੋਵੇ ? ਹੁਨ ਤਾਂ ਅਖੀਆਂ ਵਿਚੋਂ ਅਥਰੂ ਭੀ ਨਹੀਂ ਨਿਕਲ ਦੇ ਕਿ ਜਿਨਾਂ ਤੋਂ ਕੁਝ ਦਿਨ ਦਾ ਉਬਾਲ ਕਢਾਂ।

ਸਲੀਮ-- ਹੈਂ ਹੈਂ ਪਿਆਰੀ ਤੂੰ ਸਾਫ਼ ਸਾਫ਼ ਕਿਉਂ ਨਹੀਂ ਦਸ ਦੀ ? ਕੀ ਗਲ ਹੈ ?

ਰਜ਼ੀਆ- ਪਿਆਰੇ ਸਭ ਆਪ ਜਾਨ ਦੇ ਹੋ ਆਪ ਕਿਉਂ ਜਾਨ ਬੁਝ ਕੇ ਪੁਛ ਦੇ ਹੋ ਅਰ ਵੇਲਾ ਹਥੋਂ ਗੁਆਉ ਦੇ ਹੋ ਪਰ ਮੈਂ ਆਪਹੀ ਚਿਰ ਕਰ ਰਹੀ ਹਾਂਕਿ ਜਿੰਨਾ ਆਪਦਾ ਚਮਕਦਾ ਮੁਖੜਾ ਰਜਕੇ ਵੇਖ ਲਵਾਂ ਕਿਉਂਕਿ ਖਬਰੇ ਫੇਰ ਦੇਖਣਾ ਨਸੀਬ ਹੋਵੇਗਾ ਕਿ ਨਹੀਂ। ਪਰ ਹੁਨ ਮੈਂ ਆਪਨੂੰ ਦਸ ਭੀ ਦੇਂਦੀ ਹਾਂ। ਲੌ ਸੁਨੋ ! "ਸ਼ਹਿਜ਼ਾਦੀ ਅਖਤਰ ਨਵਾਬ ਪੁਤ੍ਰੀ ਅਪਨੇ ਬਾਪਨੂੰ ਚਿਠੀ ਲਿਖਕੇ ਆਪਨੇ ਮਿਤ੍ਰ ਦੇ ਨਾਲ ਨਠਗਈ ਹੈ। ਉਸਦਾ ਯਾਰ ਥੋੜੇ ਚਿਰ ਲਈ ਪਕੜਯਾ ਗਿਆਸੀ ਜਿਸਤੋਂ ਮਲੂਮ ਹੋਗਿਆ ਹੈ ਕਿ ਉਸਦੇ ਪਿਆਰੇ ਜਾਨੀ ਤੁਸੀਂ ਹੀ ਹੋ ਸੋ ਜਿਸ ਵੇਲੇ ਤੁਸੀ ਅਖਤਰ ਸ਼ਹਿਜ਼ਾਦੀ

ਦੇ ਨਾਲ ਨਠੇ ਅਰ ਜਮਸ਼ੇਦ ਸ਼ਹਿਜ਼ਾਦੇ ਨੇ ਭੀ ਦੇਖਯਾ ਤਾਂ ਨਵਾਬ ਨੇ ਤੁਰਤ ਇਕ ਰਸਾਲਾ ਭੇਜ ਕੇ ਆਪਦੇ ਪਿਤਾ ਨੂੰ ਕੈਦ ਕਰ ਦਿਤਾ ਅਰ ਘਰਬਾਰ ਦੀ ਜ਼ਬਤੀ ਦਾ ਹੁਕਮ ਕਰ ਦਿਤਾ ਅਰ ਮਹਿਲ ਦੇ ਚਾਰੇ ਪਾਸੇ ਪਹਿਰਾ ਬੈਠਾ ਹੋਯਾ ਹੈ ਅਰ ਔਹ ਦੇਖੋ ਆਪਦੇ ਖਾਸ ਦਿਵਾਨ ਖਾਨੇ ਦੀ ਕੋਠੜੀ ਵਿਚ ਸ਼ਹਿਜ਼ਾਦਾ ਜਮਸ਼ੇਦ ਬੈਠਾ ਹੋਯਾ ਆਪਦੀ ਉਡੀਕ ਵਿਚ ਤੁਸਾਡਾ ਰਾਹ ਦੇਖ ਰਿਹਾ ਹੈ ਕਿ ਸ਼ੈਦ ਤੁਸੀਂ ਆ ਜਾਓ ਅਰ ਪਕੜੇ ਜਾਓਂ। ਸੋ ਜਦ ਇਹ ਰੰਗ ਢੰਗ ਮੈਂ ਦੇਖਯਾ ਤਾਂ ਮੈਂ ਇਸ ਚੋਰ ਦਰਵਾਜ਼ੇ ਵਲ ਆਪਨੂੰ ਦੇਖਨ ਲਈ ਆਈ ਕਿਉਂ ਜੋ ਮੈਨੂੰ ਚੰਗੀ ਤਰਾਂ ਨਿਸਚਾ ਸੀ ਕਿ ਤੁਸੀ ਜੇਕਰ ਆਓਗੇ ਤਾਂ ਚੋਰ ਦਰਵਾਜ਼ੇ ਵਿਚੋਂ ਹੀ ਆਓਗੇ? ਸੋ ਮੇਰੇ ਪ੍ਰਾਨ ਪਿਆਰੇ ਤੁਸੀ ਜਾਨ ਬਚਾਕੇ ਜਿਸ ਪਾਸੇ ਰਾਹ ਮਿਲੇ ਨਠ ਜਾਓ। ਮੇਰੀ ਤਾਂ ਅਪਨੀ ਮਰਜੀ ਸੀ ਕਿ ਮੈਂ ਭੀ ਆਪਦੇ ਨਾਲ ਹੀ ਚਲਾਂ ਅਰ ਇਸ ਮੁਸੀਬਤ ਵੇਲੇ ਆਪ ਦੀ ਸੇਵਾ ਕਰਕੇ ਸਮਜਾ ਬਤੀਤ ਕਰਾਵਾਂ ਪਰ ਸ਼ਹਿਜ਼ਾਦੀ ਅਖਤਰ ਦਾ ਭਯ ਮੇਰੀ ਸਮਝ ਨੂੰ ਨਹੀ ਭਾਉਂਦਾ।

ਇਹ ਸੁਨ ਕੇ ਸਲੀਮ ਨੇ ਇਕ ਠੰਡਾ ਹਾਹੁਕਾ ਭਰਿਆ ਅਰ ਆਪਨੀ ਅਤੇ ਸ਼ਾਹਿਜ਼ਾਦੀ ਅਖ਼ਤਰ ਦਾ ਸਾਰਾ ਹਾਲ ਆਖ ਸੁਣਾਯਾ। ਜਿਸ ਨੂੰ ਸੁਨ ਕੇ ਇਸ

ਪਤਿਬ੍ਰਤ ਇਸਤ੍ਰੀ ਨੂੰ ਕ੍ਰੋਧ ਤਾਂ ਆਯਾ ਪਰ ਪਤੀ ਨੂੰ ਅਜਿਹੀ ਬਿਪਤਾ ਵਿਚ ਦੁਖੀ ਹੋਯਾਂ ਦੇਖਕੇ ਵਿਚੇ ਵਿਚ ਘੁਟ ਕਰ ਗਈ। ਅਰ ਅਪਨੇ ਲੱਕ ਨਾਲੋਂ ਇਕ ਲੰਮੀ ਅਰ ਚੌੜੀ ਥਾਸਲੀ ਜਵਾਹਰਾਤ ਅਰ ਮੋਹਰਾਂ ਦੀ ਭਰੀ ਹੋਈ ਖੋਲ੍ਹੀ ਅਰ ਸਲੀਮ ਦੇ ਹਥ ਵਿਚ ਦੇ ਕੇ ਭੁਬਾਂ ਮਾਰ ਮਾਰ ਕੇ ਰੋਈ। ਸਲੀਮ ਦੇ ਭੀ ਨੇਤ੍ਰਾਂ ਵਿਚੋਂ ਅਥਰੂੰ ਵਗ ਪਏ ਪਰ ਵੇਲਾ ਕੁਵੇਲਾ ਸਮਝ ਕੇ ਛਾਤੀ ਅਤੇ ਪਥਰ ਰਖ ਕੇ ਸਬਰ ਕੀਤਾ ਅਰ ਸਲੀਮ ਨੇ ਅਪਨੀ ਪਿਆਰੀ ਇਸਤ੍ਰੀ ਦਾ ਮਥਾ ਚੁੰਮਿਆ ਅਰ ਕਿਹਾ ਕਿ ਰਬ ਨੇ ਮਿਲਾਯਾ ਤਾਂ ਮਿਲ ਪਾਂਗੇ ਇਹ ਕਹਿਕੇ ਦੋਵੇਂ ਵਿਛੜ ਗਏ। ਪਰ ਰਜ਼ੀਆ ਦੋਰ ਤਾਕੀ ਤਕ ਨਾਲ ਆਈ। ਤਾਕੀ ਤੋਂ ਬਾਹਰ ਨਿਕਲ ਕੇ ਸਲੀਮ ਨੇ ਕਿਹਾ ਪਿਆਰੀ! ਤੂੰ ਅਪਨੇ ਪੇਕੇ ਪਿਤਾ ਪਾਸ ਰਹੀਂ ਅਰ ਹੁਨ ਸਾਡੀ ਇਜ਼ਤ ਤੇਰੇ ਹੀ ਹਥ ਹੈ ਅਰ ਇਸ ਦੇ ਬਹੁਤਾ ਆਖਨ ਦੀ ਕੋਈ ਲੋੜ ਨਹੀਂ ਹੈ ਕਿਉਂ ਕਿ ਰਜ਼ੀਆ! ਤੂੰ ਪਤਿਬ੍ਰਤ ਅਰ ਨੇਕੀ ਦੀ ਦੇਵੀ ਹੈ ਰਫਾ ਹੁਨਰਬ ਦੇ ਹਵਾਲੇ।

ਸਲੀਮ ਇਹ ਕਹਿਕੇ ਚਲਾ ਗਿਆ। ਇਧਰ ਰਜ਼ੀਆ ਵਿਚਾਰੀ ਅਪਨੇ ਕੰਤ ਦੇ ਵਿਯੋਗ ਵਿਚ ਬੇਸੁਰਤ ਹੋਕੇ ਡਿਗ ਪਈ ਅਰ ਪਤਾ ਨਹੀਂ ਸਲੀਮ ਘੋੜੇ ਪੁਰ ਚੜ੍ਹ ਕੇ ਕਿਧਰ ਚਲਿਆ ਗਿਆ।

ਮੇਰੇ ਕ੍ਰਿਪਾਲੂ ਜੀ ਅਜ ਇਸ ਵਾਰਤਾ ਨੂੰ ਪਹੇ ਬਾਰ ਵਰੇ ਬੀਤ ਗਏ ਹਨ ਅਰ ਅਜ ਤਕ ਦਖਨ ਦੇ ਨਵਾਬ ਨੇ ਬਹੁਤ ਹੀ ਜਤਨ ਕਰਕੇ ਖੋਜਿਆ ਪਰ ਇਨਾਂ ਦੋਹਾਂ ਦਾ ਕੁਝ ਪਤਾ ਨਾ ਮਿਲਯਾ ਕਿ ਉਹ ਕੇੜੀ ਧਰਤੀ ਪੁਰ ਵਸ ਦੇ ਹਨ ਜਿਉਂਦੇ ਹਨ ਕਿ ਮੋਏ ? ਏਨੀ ਵਾਰਤਾ ਸੁਨਾ ਕੇ ਪੁਤਲੀ ਚੁਪ ਕਰ ਗਈ ਅਥਵਾ ਏਸ ਦੀ ਵਾਰਤਾ ਮੁਕ ਗਈ ।

ਇਧਰ ਬਬਰ ਖਾਂ ਇਸ ਵਾਰਤਾ ਨੂੰ ਜੋ ਬੜੇ ਹੀ ਧਿਆਨ ਨਾਲ ਸੁਨ ਰਿਹਾ ਸੀ ਅਰ ਵਾਰਤਾ ਸੁਨ ਦੇ ਹੋਏ ਕਈ ਵਾਰੀ ਇਸ ਦਾ ਮਨ ਉਛਲ ਦਾ ਸੀ ਕਿ ਪੁਤਲੀ ਨਾਲ ਕੁਝ ਉਤਰ ਪ੍ਰਸ਼ਨ ਕਰਾਂ ਪਰ ਪੁਤਲੀ ਇਕੋ ਸਾਹੀ ਬਿਨਾਂ ਹੁੰਗਾਰਾ ਲਏ ਵਾਰਤਾ ਸੁਨਾਉਂਦੀ ਜਾਂਦੀ ਸੀ ਬਬਰ ਕਈ ਵਾਰੀ ਹੈਰਾਨ ਹੋ ਕੇ ਛਿਬਾ ਹੋਯਾ ਪੁਤਲੀ ਵਲ ਝਈਆਂ ਲੈਂਦਾ ਸੀ ਕਦੀ ਉਠ ਦਾ ਅਰ ਪੁਤਲੀ ਦੇ ਕੋਲ ਆ ਕੇ ਫੇਰ ਪਿਛਾਂ ਮੁੜ ਜਾਂਦਾ ਕਦੀ ਤਾਂ ਅਜਿਹੀਆਂ ਅਖਾਂ ਤਾੜ ਕੇ ਦੇਖ ਦਾ ਮਾਨੋ ਅਗ ਵਸ ਦੀ ਸੀ । ਜਿਸ ਵੇਲੇ ਪੁਤਲੀ ਚੁਪ ਹੋ ਗਈ ਤਾਂ ਬਬਰ ਪਾਗਲਾਂ ਵਾਂਙੂ ਉਠ ਕੇ ਪੁਤਲੀ ਦੇ ਸਾਮਨੇ ਗਿਆ ਅਰ ਕੜਕ ਕੇ ਕਹਿਨ ਲਗਾ "ਪੁਤਲੀ ਹੇ ਪੁਤਲੀ" ਤੈਨੂੰ ਤੇਰੇ ਘੜਨ ਵਾਲੇ ਅਰ ਤੇਰੇ ਬਨਾਉਨ ਵਾਲੇ ਦੀ ਸੌਂਹ ਹੈ ਸਚ ਦਸ ਇਸ ਸਚੀ ਵਾਰਤਾ ਨੂੰ ਤੂੰ ਕਿਥੋਂ ਸੁਨਿਆ

ਹੈ ? ਤੂੰ ਪੁਤਲੀ ਨਹੀਂ ਤੂੰ ਤਾਂ ਕੋਈ ਦੇਵੀ ਹੈਂ ਨਹੀਂ ਤਾਂ ਤੂੰ ਸ਼ਾਹੀ ਮਹਿਲਾਂ ਦੇ ਨੂੰ ਭੇਦ ਕਿਸ ਤਰਾਂ ਜਾਣ ਲਿਆ ? ਪੁਤਲੀ ਪੁਤਲੀ ਹਛਾ ਹੋਰ ਜੇ ਕਰ ਕੁਝ ਨਹੀਂ ਦਸ ਦੀ ਤਾਂ ਐਨਾਂ ਤਾਂ ਜ਼ਰੂਰ ਦਸ ਦੇ ਕਿ ਸ਼ਹਿਜ਼ਾਦੀ ਅਖ਼ਤਰ ਦੀ ਮੂਰਤ ਜੋ ਤੇਰੇ ਉਪਰ ਲਟਕ ਰਹੀ ਹੈ ਜਿਸ ਨੂੰ ਦੇਖ ਦੇਖ ਕੇ ਮੈਂ ਵਿਆਕੁਲ ਹੋ ਰਿਹਾ ਹਾਂ ਕਿਥੇ ਹੈ। ਅਰ ਇਹ ਮੂਰਤ ਕੌਨ ਲਿਆਯਾ ਹੈ ? ਅੰਰ ਸਲੀਮ ਦੁਸ਼ਟ ਕਿਥੇ ਹੈ ਉਸੇ ਦਾ ਹੀ ਮਤਾ ਦਸ ਦੇਹ ? ਪੁਤਲੀ ਹੇ ਪੁਤਲੀ ਦੇਵੀ ਤੂੰ ਤਾਂ ਐਸ ਵੇਲੇ ਜਵਾਹਰਾਤ ਨਾਲ ਜੜੀ ਹੋਈ ਹੈਂ ਉਸ ਮੈਂਨੂੰ ਸੌਂਹ ਹੈ ਉਸ ਸਚੇ ਰਬ ਦੀ ਜਿਸ ਨੇ ਇਹ ਸ੍ਰਿਸ਼ਟੀ ਰਚੀ ਹੈ ਕਿ ਜੇਕਰ ਤੂ ਇਹ ਸਭ ਪਤਾ ਦਸ ਦੇਵੇਂ ਤਾਂ ਤੈਨੂੰ ਮੈਂ ਸਿਰ ਤੋਂ ਪੈਰਾਂ ਤਕ ਹੀਰਜਾਂ ਮੋਤੀਆਂ ਨਾਲ ਮੜ ਦੇਵਾਂ।

ਬਬਰ ਭੌਂਕ ਦਾ ਹੀ ਰਿਹਾ ਪਰ ਪੁਤਲੀ ਨੇ ਵਾਰਤਾ ਸੁਨਾ ਕੇ ਸਾਹ ਭੀ ਨਾ ਲਿਆ। ਬਬਰ ਨੂੰ ਬਹੁਤ ਗੁਸਾ ਆਯਾ ਅਰ ਉਠ ਕੇ ਪੁਤਲੀ ਦੇ ਪਾਸ ਜਾਕੇ ਕੜਕ ਕੇ ਬੋਲਿਆ "ਓ ਨਿਲਜ ਪੁਤਲੀ ! ਭਲਾ ਕਿਸੇ ਕੁੜੇ ਹੋਏ ਮਨ ਨੂੰ ਸ਼ਾਂਤੀ ਦੇਣ ਵਿਚ ਤੇਰਾ ਕੀ ਘਟ ਚਲਿਆ ਹੈ ? ਬੋਲ ! ਬੋਲ ਅਰ ਮੇਰੀਆਂ ਗਲਾਂ ਦਾ ਉਤਰ ਦੇਹ ਨਹੀਂ ਤਾਂ ਯਾਦ ਰਖ ਇਕ ਵਾਰ ਨਾਲ ਤੇਰੇ ਟੁਕੜੇ ਟੁਕੜੇ

ਕਰ ਦੇਵਾਂ ਗਾ"

ਇਸ ਪਰ ਪੁਤਲੀ ਫੇਰ ਭੀ ਕੁਝ ਨਾ ਬੋਲੀ ਤਦ ਤਾਂ ਬਬਰ ਨੇ ਝਟ ਲੈਕੇ ਤਲਵਾਰ ਸੂਤ ਕੇ ਪੁਤਲੀ ਪੁਰ ਵਾਰ ਕਰਨਾ ਹੀ ਚਾਹਿਆ ਸੀ ਕਿ ਨਾਲ ਹੀ ਪਿਛੋਂ ਅਵਾਜ ਆਈ "ਹਜ਼ੂਰ ਜਾਂਨ ਦਿਓ ਇਸ ਵਿਚਾਰੀ ਦਾ ਕੀ ਦੋਸ਼ ਹੈ। ਇਹ ਦਾਸ ਆਪ ਹੀ ਆਪ ਦੀ ਸੇਵਾ ਵਿਚ ਹਾਜ਼ਰ ਖੜੋਤਾ ਹੈ ਜੋ ਪੁਛਨਾ ਹੋਵੇ ਮੈਂ ਤੋਂ ਪੁਛੋ ਇਸ ਅਵਾਜ ਨੂੰ ਸੁਨ ਕੇ ਬਬਰ ਪਿਛੇ ਮੁੜਿਆ ਤਾਂ ਇਹ ਬਿਲਕੁਲ ਵਿਆਕੁਲ ਹੋ ਗਿਆ ਅਰ ਅਪਨੇ ਪੂਰੇ ਜੋਰ ਨਾਲ ਕੜਕ ਕਿ ਬੋਲਿਆ "ਕੀ ਤੂ ਹੀ ਸਲੀਮ ਹੈਂ ਓਧਰੋਂ ਸਲੀਮ ਨੇ ਜਾਂ ਆਵਾਜ ਦਿਤੀ ਕਿ "ਸ਼ੁਕਰ ਕਿ ਮੈਂ ਭੀ ਅਜ ਸ਼ਾਹਿਜ਼ਾਦਾ ਜਮਸ਼ੈਦ ਨੂੰ ਅਪਨੇ ਸਾਮ੍ਹਨੇ ਖੜੋਤਾ ਦੇਖ ਰਿਹਾ ਹਾਂ,"

—o—

ਅਠਵਾਂ ਅੰਕ

"ਸਰ ਮੂਰ ਇਹ ਤਲਿਸਮੀ ਪੁਤਲੀ ਹੈ

ਭੀਮ ਅਰ ਰਾਜਕੁਮਾਰ ਜਦੋਂ ਉਸ ਤਲਿਸਮੀ ਬੇਹੋਸ਼ੀ ਤੋਂ ਹੋਸ਼ ਵਿਚ ਆਏ ਤਾਂ ਇਕ ਅਜੀਬ ਥਾਂ ਵਿਚ ਬੈਠੇ ਹੋਯਾਂ ਹੋਯਾਂ ਵੇਖਯਾ। ਕੀ ਵੇਖਦੇ ਹਨ ਕਿ ਅਸੀਂ ਲੋਗ ਇਕ ਵਡੇ ਉਚੇ ਅਰ ਅਕਾਸ਼ ਨਾਲ ਗਲਾਂ ਕਰਦੇ ਹੋਏ ਬੁਰਜ ਵਿਚ ਬੈਠੇ ਹਾਂ ਅਰ ਸਾਮਨੇ ਹੀ ਇਕ ਵਡਾ ਭਾਰੀ ਸ਼ਹਿਰ ਵਸ ਦਾ ਦਿਸ ਰਿਹਾ ਹੈ। ਉਚੇ ਉਚੇ ਮਕਾਨਾਂ ਅਰ ਉਸ ਵਿਚੋਂ ਦੀ ਰੁਖਾਂ ਵਿਚੋਂ ਸੂਰਜ ਦੀ ਕਿਰਨਾ ਚਮਕ ਰਹੀਆਂ ਹਨ ਲਗ ਅਪਨੇ ਕੰਮਾਂ ਵਿਚ ਲਗੇ ਹਨ ਬੁਰਜ ਦੇ ਸਜੇ ਪਾਸੇ ਇਕ ਨੁਕਰ ਵਿਚੋਂ ਉਪਰ ਹੇਠਾਂ ਜਾਨ ਦਾ ਰਾਹ ਭੀ ਸੀ ਅਰ ਬਾਕੀ ਉਸ ਦੀ ਪੂਰੀ ਗੁੰਜਾਇਸ਼ ਵਿਚ ਬੜਾ ਸੁੰਦਰ ਅਤੇ ਪਧਰਾ ਫ਼ਰਸ਼ ਬਨਿਆ ਹੋਯਾ ਸੀ। ਜਿਸ ਦੇ ਚਾਰੇ ਪਾਸਿਓਂ ਪਥਰ ਦੇ ਥੰਮ੍ਹਿਆਂ ਵਿਚ ਸ਼ੀਸ਼ਿਆਂ ਦੀਆਂ ਤਾਕੀਆਂ ਲਗੀਆਂ ਹੋਈਆਂ ਸਨ ਇਨਾਂ ਹੀ ਥੰਮ੍ਹਿਆਂ ਦੇ ਉਪਰ ਇਕ ਪਕੀ ਸੁੰਦਰ ਗੁੰਬਦ ਦੀ ਛਤ ਬਨੀ ਹੋਈ ਸੀ ਅਰ ਲਗ ਭਗ ਮਲੂਮ ਹੁੰਦਾ ਸੀ ਕਿ ਜਿਥੇ ਅਸੀਂ ਬੈਠੇ ਹੋਏ ਹਾਂ ਇਹ ਥਾਂ ਭੁਇਆਂ ਤੋਂ ੨੦-੨੫ ਗਜ ਉਚੀ ਹੈ।

ਹੋਸ਼ ਵਿਚ ਆ ਕੇ ਇਹ ਦੋਵੇਂ ਪਹਿਲੇ ਤਾਂ ਇਸ

ਸ਼ਹਿਰ ਅਰ ਅਪਨੀ ਦਸ਼ਾ ਵਲ ਵੇਖ ਵੇਖ ਕੇ ਸੋਚ ਦੇ ਰਹੇ ਪਰ ਜਦ ਇਨਾਂ ਨੂ ਕੁਝ ਸਮਝ ਆਯਾ ਤਾਂ ਇਸ ਤਰਾਂ ਬਾਤ ਚੀਤ ਕਰਨ ਲਗੇ :—

ਭੀਮ— ਮੌਤ ਖਿਚ ਖਚ ਕੇ ਏਸ ਥਾਉਂ ਲੈ ਆਈ ਹੈ ਹੁਨ ਏਸ ਥਾਂਉ ਤੋਂ ਛੁਟਕਾਰੇ ਦਾ ਕੋਈ ਰਾਹ ਨਹੀ ਲਭ ਦਾ। ਪਹਿਰੇਦਾਰ ਤਕ ਪਾਸ ਨਹੀ ਜਿਸ ਤੋਂ ਕੋਈ ਅਯਾਰੀ ਦਾ ਸਮਜ ਹਥ ਆਵੇ।

ਰਾਜਕੁਮਾਰ— ਅਰ ਮੈਂ ਇਹ ਸੋਚ ਦਾ ਹਾਂ ਕਿ ਜਦ ਅਸੀਂ ਪੂਰੇ ਤਿਲਸਮ ਵਿਚ ਆ ਫਸੇ ਹਾਂ ਹੁਨ ਤਾਂ ਇਸ ਨੂ ਜਰੂਰ ਤੋੜਨਾ ਹੀ ਪਵੇਗਾ ਅਰ ਇਸ ਸ਼ਹਿਰ ਪੁਰ ਜਰੂਰ ਇਕ ਨਾ ਇਕ ਦਿਨ ਸਾਡਾ ਝੰਡਾ ਝੂਲ ਦਾ ਦਿਸੇਗਾ ਆਹ ਕੇਹੀਆਂ ਸੋਹਨੀਆਂ ਅਮਾਰਤਾਂ ਹਨ ਅਰ ਚਾਰੇ ਪਾਸੇ ਕਿਸ ਤਰਾਂ ਪਹਾੜੀ ਕੋਟ ਦੇ ਵਿਚ ਘਿਰੀਆਂ ਹੋਈਆਂ ਹਨ ਅਰ ਮੈਂਨੂ ਪਕਾ ਯਕੀਨ ਹੈ ਕਿ ਠੀਕ ਉਹੀ ਥਾਂਉਂ ਹੈ ਜਿਸ ਦੀ ਤੁਸਾਡੇ ਅਯਾਰੀ ਨੇ ਕਈ ਵਾਰੀ ਖਵਰ ਦਿਤੀ ਸੀ।

ਭੀਮ— ਜੀ ਹਾਂ ਇਹ ਤਾਂ ਮੇਰੀ ਸਮਝ ਵਿਚ ਭੀ ਆਉਂ ਦਾ ਹੈ ਕਿ ਆਪ ਹੀ ਤਲਿਸਮ ਨੂ ਤੋੜੋਗੇ ਸਭ ਕੁਝ ਕਰੋਗੇ ਪਰ ਪਹਿਲੇ ਇਹ ਤਾਂ ਦਸੋ ਕਿ ਇਥੋਂ ਕਿਸ ਤਰਾਂ ਛੁਟਾਂ ਗੇ?

ਰਨਵਿਜੈ ਸਿੰਘ— ਵਾਹ ਉਸਤਾਦ ਜੀ! ਸਾਨੂੰ ਆਪ

ਧੀਰਜ ਕਿਉਂ ਆ ਰਹੀ ਹੈ ਭੁਲਾ ਜਿਸ ਪ੍ਰਮਾਤਮਾਂ ਨੇ ਸਾਨੂੰ ਇਥੋਂ ਤਕ ਪਹੁੰਚਾਯਾ ਹੈ ਉਹ ਏਸ ਥਾਂ ਤੋਂ ਛੁਟਕਾਰਾ ਨਾ ਕਰਾਏਗਾ ? ਜ਼ਰੂਰ ਬੰਧਨ ਤੋੜੇਗਾ ?

ਭੀਮ- ਵਾਹ ਜੀ ਵਾਹ ! ਤਦ ਤਾਂ ਆਪ ਛੁਟ ਚੁਕੇ ਏਸ ਤਰਾਂ ਕਹੋ ਕਿ ਉਸਤਾਦ ਭੀਮ ਇਥੋਂ ਕਢੇਗਾ ਅਰ ਪ੍ਰਮਾਤਮਾ ਦੀ ਕ੍ਰਿਪਾ ਹੋਵੇਗੀ। ਰਤਾ ਇਥੋਂ ਨਿਕਲ ਲਵਾਂ ਤਾਂ ਇਨਾਂ ਬਾਜ਼ਾਰਾਂ ਅਰ ਉਸ ਕਿਲੇ ਦੀ ਜਿਦੇ ਐਸ ਵੇਲੇ ਤਿਲਸਮੀ ਝੰਡਾ ਝੂਲ ਰਿਹਾ ਹੈ ਅਰ ਸ਼ਾਹੀ ਤਿਲਿਸਮੀ ਮਹਿਲਾਂ ਦੀ ਸੈਰ ਤਾਂ ਕਰਾਂ ਅਰ ਦੇਖਾਂ ਕਿ ਇਥੋਂ ਦੇ ਲੋਗ ਕਿਨੇਕੁ ਗੁਣਵਾਨ ਹਨ ਮਗਰ ਕੁਝ ਹੋਵੇ ਸਾਨੂੰ ਇਕ ਗਲ ਦਾ ਸਦਾ ਰੰਜ ਹੀ ਰਹੇਗਾ ਕਿ ਮੈਂ ਸਾਫ਼ ਸਾਫ਼ ਕਹਿ ਦਿੰਦਾ ਹਾਂ ਕਿ ਅਪਨੇ ਉਸਤਾਦ ਨੂੰ ਕਦੀ ਮਨ ਖੋਲ ਕੇ ਇਨਾਮ ਨਹੀ ਦਿਤਾ।

ਰਨਵੀਰ ਸਿੰਘ- (ਹਸ ਕੇ) ਇਸ ਤੋਂ ਮਲੂਮ ਹੁੰਦਾ ਹੈ ਕਿ ਇਸ ਤੋਂ ਸਾਫ਼ ਗਲ ਕਦੀ ਤੁਸਾਂ ਉਮਰ ਭਰ ਨਹੀਂ ਕੀਤੀ ਹੋਵੇਗੀ।

ਭੀਮ- ਨਹੀਂ ਨਹੀਂ ਇਸ ਵਿਚ ਹਸਨ ਦੀ ਕੋਈ ਗਲ ਨਹੀਂ ਰਤਾ ਆਪ ਹੀ ਇਸ ਗਲ ਨੂੰ ਮਨ ਵਿਚ ਸੋਚ ਖਾਂ ਕਿ ਮੈਂ ਝੂਠ ਕਹਿੰਦਾ ਹਾਂ ? ਅਛਾ ਹੁਨ ਚੰਗੀ ਗਲ ਇਹੋ ਹੈ ਕਿ ਸਾਡਾ ਅਰ ਆਪ ਦਾ ਮਾਮਲਾ ਨਿਬੜ ਜਾਵੇ ਕਿਉਂਕੇ ਫੈਸਲਾ ਹੋ ਜਾਨੇ ਤੇ ਮੈਂ ਜਤਨ ਨਾਲ ਕੰਮ

ਅਰੰਭ ਕਰਾਂ ਅਰ ਇਹ ਭੀ ਕਹਿ ਦੇਂਦਾ ਹਾਂ ਕਿ ਇਸ ਮਾਮਲੇ ਵਿਚ ਆਪ ਦੇ ਪਲਿਓਂ ਕੁਝ ਨਹੀ ਲੇਂਦਾ ਜੇ ਕਰ ਚਲ ਗਿਆ ਤਾਂ ਤੀਰ ਨਹੀਂ ਤਾਂ ਤੁੱਕਾ ॥

ਰਨਵਿਜੇ ਸਿੰਘ- ਕਿਸ ਤਰਾਂ ਦਾ ਮਾਮਲਾ ਕੁਝ ਦਸੋ ਤਾਂ ਸਹੀ ?

ਭੀਮ- ਤਲਿਸਮੀ ਮਹਾਰਾਨੀ ਦੇ ਦਰਬਾਰ ਜਿਥੇ ਮਹਾਰਾਨੀ ਦੀ ਗਦੀ ਹੈ ਉਥੋਂ ਦੀਆਂ ਸੁੰਦਰ ਚੀਜ਼ਾਂ ਅਰ ਮਹਾਰਾਨੀ ਦੇ ਤਾਜ ਅਰ ਗਹਿਣਿਆਂ ਦੀ ਲੁਟ ਮੈਨੂ ਮਾਫ ਕਰ ਦੇਵੋ ।

ਰਨਵਿਜੈ ਸਿੰਘ— ਅਜੇ ਤਾਣੀ ਤਣੀ ਨਹੀ ਅਰ ਜੁਲਾਹਿਆਂ ਨਾਲ ਡਾਂਗੋ ਡਾਗੀ ਅਜੇ ਤਾਂ ਸੂਤਰ ਕਪਾਹ ਭੀ ਹਥ ਨਹੀਂ ਲਗੀ ।

ਭੀਮ- ਇਸ ਕਰ ਕੇ ਤਾਂ ਮੈਂ ਅਗੋਂ ਹੀ ਪਕੀਆਂ ਤਕਾਊਂ ਦਾ ਹਾਂ ਮਤਾਂ ਓਸ ਵੇਲੇ ਦੇਖ ਕੇ ਤੁਸਾਡੇ ਦਿਲ ਵਿਚ ਲੋਭ ਦਾ ਖਮੀਰ ਫੁਲ ਪਵੇ ।

ਰਨਵਿਜੇ ਸਿੰਘ- ਹਛਾ ਤਾਂ ਇਸ ਵਿਚ ਸਾਡਾ ਕੀ ਘਾਟਾ ਹੈ । ਜੇ ਕਰ ਤਲਿਸਮ ਜਿਤਿਆ ਗਿਆ ਤਾਂ ਤੁਹਾਨੂੰ ਦਰਬਾਰ ਦੀ ਲੁਟ ਮਾਫ ਹੋਵੇਗੀ । ਬਸ ਇਹੋ ਹੀ ਕਿ ਹੋਰ ਭੀ ਕੁਝ ?

ਭੀਮ- ਹਾਂ ਇਹੋ ਹੀ ਲਿਆਓ ਮਾਰੋ ਹਥ ਪੁਰ ਹਥ ਬਚਨ ਦੇਵੋ ।

ਰਨਵਿਜੈ ਸਿੰਘ- (ਹਥ ਪਰ ਹਥ ਮਾਰ ਕੇ) ਅਜੀ ਮਰਦਾਂ ਦੀ ਇਕ ਜਬਾਨ ਹੁੰਦੀ ਹੈ ਅਜੇ ਇਹ ਕਿਹਾ ਸੀ ਕਿ ਭੀਮ ਕੁਝ ਪਰ੍ਹਾਂ ਹਟ ਗਿਆ ਅਰ ਹੇਠਾਂ ਜਾਨ ਵਾਲੇ ਦਰਵਾਜੇ ਦੀ ਵਲ ਕੰਨ ਲਾਕੇ ਸੁਨਨ ਲਗਾ ਤਾਂ ਉਸ ਨੂੰ ਮਲੂਮ ਹੋਯਾ ਕਿ ਕੋਈ ਆਦਮੀ ਆ ਰਿਹਾ ਹੈ।

ਭੀਮ- ਰਾਜਕੁਮਾਰ। ਖਵਰਦਾਰ ਹੋ ਜਾਓ ਸੰਧਯਾ ਹੋਨ ਨੂੰ ਤਿਆਰ ਹੈ ਅਰ ਸ਼ੈਦ ਇਸ ਬੁਰਜ ਦੇ ਕੈਦੀਆਂ ਨੂੰ ਅੰਨ ਪਾਨੀ ਦੇਨ ਲਈ ਦਾਰੋਗਾ ਆ ਰਿਹਾ ਹੈ ਕੋਈ ਦੀਵਾ ਵਟ। ਅਰ ਸਾਡੇ ਸਉਂਨ ਲਈ ਲੀੜਾ ਕਪੜਾ ਜਾ ਬਿਸਤਰਾ ਭੀ ਲਿਆਉਂਦਾ ਹੋਵੇਗਾ। ਸਾਨੂੰ ਇਹ ਚੰਗਾ ਸਮਯ ਮਿਲੇਗਾ ਅਰ ਅਸਾਂ ਇਸੇ ਸਮਯ ਹੀ ਕੁਝ ਕਰ ਭੀ ਸਾਕਾਂ ਗੇ।

ਭੀਮ ਰਾਜਕੁਮਾਰ ਨੂੰ ਇਹ ਕਹਿ ਹੀ ਰਿਹਾ ਸੀ ਕਿ ਜੰਦਰਾ ਅਰ ਕੁੰਡਾ ਖੁਲਨ ਦੀ ਅਵਾਜ ਆਈ ਅਰ ਤਾਕ ਖੁਲ ਗਏ ਅਰ ਉਸ ਵਿਚੋਂ ਇਕ ਆਦਮੀ ਆਉਂਦਾ ਹੋਯਾ ਦਿਸਯਾ। ਉਸ ਦੀ ਵਜਾ ਕਤਾ ਤੋਂ ਪਛਾਨਯਾ ਜਾਂਦਾ ਸੀ ਕਿ ਉਹ ਕੈਦਖਾਨੇ ਦਾ ਹੀ ਦਾਰੋਗਾ ਹੈ ਉਸ ਦੇ ਪਿਛੇ ਇਕ ਹੋਰ ਭਲਾ ਆਦਮੀ ਆਉਂਦਾ ਦਿਸਯਾ ਜੋ ਇਕ ਹਥ ਵਿਚ ਘਾਹ ਦੀ ਪੰਡ ਚੁਕੇ ਹੋਏ ਸੀ ਦੂਜੇ ਹਥ ਵਿਚ ਇਕ ਗੰਢ ਪਕੜੀ ਹੋਈ ਸੀ।

ਦਰੋਗਾ ਨੇ ਆਉਂਦਿਆਂ ਹੀ ਪਹਿਲੇ ਤਾਂ ਘੂਰ ਕੇ ਇਨਾਂ ਵਿਚਾਰਿਆਂ ਵਲ ਵੇਖਦਾ ਅਰ ਫੇਰ ਅਪਨੇ ਨਾਲ ਦੇ ਆਦਮੀ ਨੂੰ ਬੋਲਿਆ ਇਹ ਘਾਹ ਦੀ ਪੰਡ ਇਕ ਨੁਕਰ ਵਿਚ ਰਖ ਦੇਵੇ ਅਰ ਇਨਾਂ ਪੂਰੀਆਂ ਨੂੰ ਖੋਲ ਕੇ ਜਲ ਦੇ ਲੋਟੇ ਸਮੇਤ ਇਨਾਂ ਦੋਹਾਂ ਨੂੰ ਦੇ ਦੇਵੇ।

ਉਸ ਆਦਮੀ ਨੇ ਸੁਣਦਿਆਂ ਹੀ ਉਸੇ ਤਰਾਂ ਕੀਤਾ ਅਰ ਇਕ ਪੌੜੀ ਹੇਠਾਂ ਉਤਰ ਕੇ ਚੁਪ ਕੀਤੇ ਖੋਲ ਗਿਆ।

ਦਾਰੋਗਾ- ਤੁਸਾਂ ਦੋਹਾਂ ਲਈ ਇਹ ਖਾਨਾ ਪੀਣਾ ਹੈ ਅਰ ਸਉਂਨ ਲਈ ਹੇਠਾਂ ਇਹ ਘਾਹ ਵਿਛਾ ਕੇ ਸਉਂ ਰਹੋ। ਸਵੇਰੇ ਜੋ ਭਗਵਾਨ ਕਰੇਗਾ ਉਹ ਹੋਵੇਗਾ।

ਰਾਜਕੁਮਾਰ ਤਾਂ ਚੁਪ ਕੀਤੇ ਜਿਥੇ ਬੈਠੇ ਸਨ ਬੈਠੇ ਰਹੇ ਪਰ ਭੀਮ ਨੇ ਜਿਸ ਵੇਲੇ ਖਾਣ ਲਈ ਬਹੀਆਂ ਪੂਰੀਆਂ ਅਰ ਸਉਂਨ ਲਈ ਹੇਠਾਂ ਨੂੰ ਘਾਹ ਵੇਖਦਾ ਤਾਂ ਕੁੜਿਆ ਅਰ ਦਾਰੋਗੇ ਨੂੰ ਆਖਣ ਲਗਾ:-

ਭੀਮ ਕਿਉਂ ਜੀ ਦਾਰੋਗਾ ਸਾਹਿਬ ਆਪ ਸਦਾ ਅਜੇਹ ਘਾਹ ਪੁਰ ਹੀ ਸਉਂਦੇ ਹੋ ਕਿਉਂ ਕਿ ਇਸ ਦੇ ਅਨੰਦ ਦਾ ਕਾਰਨ ਦਾ ਤਾਂ ਆਪ ਹੀ ਨੂ ਪਤਾ ਹੋਵੇਗਾ। ਕਿਉਂ ਕਿ ਇਸੇ ਪੁਰ ਹੀ ਆਪ ਲਤਾਂ ਪਸਾਰ ਕੇ ਰਾਤ ਨੂ ਸਉਂ ਰਹਿੰਦੇ ਹੋਵੋਗੇ ਅਰ ਦਿਨੇ ਮੂੰਹ ਹਥ ਧੋ ਇਸ

ਨਾਲ ਹੀ ਦੁਖ ਦੂਰ ਕਰਦੇ ਹੋਵੇਗੇ।

ਦਾਰੋਗਾ—(ਲਾਲੋ ਲਾਲ ਹੋਕੇ) ਮੂਰਖਾ ! ਤੂੰ ਜਾਣਦਾ ਨਹੀਂ ! ਕਿ ਤੂੰ ਕਿਸਦੇ ਨਾਲ ਇਹ ਬੇਅਦਬੀ ਕਰ ਰਿਹਾ ਹੈ ਤੇਰੀ ਹਸੀਅਤ ਮੇਰੇ ਨਾਲ ਬਰਾਬਰੀ ਕਰਨ ਦੀ ਨਹੀਂ ਹੈ ਕਿਥੇ ਤੂੰ ਇਕ ਤੁਛ ਕੈਦੀ ਅਰ ਕਿਥੇ ਮੈਂ ਤਲਿਸਮੀ ਬੁਰਜ ਦਾ ਦਾਰੋਗਾ "ਕਿਥੇ ਰਾਮ ਰਾਮ ਕਿਥੇ ਟੈਂ ਟੈਂ" ਅਰ ਤਲਿਸਮ ਭੀ ਉਹ ਜਿਥੇ ਇਕ ਵਾਰੀ ਪਾਤਸ਼ਾਹ ਭੀ ਫਸਕੇ ਨਹੀਂ ਨਿਕਲ ਸਕਦਾ।

ਭੀਮ—ਹੈਂ ! ਇਸ ਪਥਰ ਦੇ ਬੁਰਜ ਦੀ ਐਨੀ ਉਪਮਾ ? ਜਿਸਦੇ ਉਪਰ ਇਕ ਕੋਠੜੀ ਅਰ ਹੇਠਾਂ ਪੌੜੀਆਂ ਹਨ—ਬਸ ਐਸੇ ਤੇ ਆਪਨੂੰ ਘੁਮੰਡ ਹੈ।

ਦਾਰੋਗਾ—(ਟੇਢੀ ਅਖੀਂ ਪਰ ਹਸਕੇ) ਮੂਰਖਾ ! ਨਹੀਂ ਇਸਦੇ ਹੇਠਾਂ ਹਕੀਮਾਂ ਅਰ ਵਡੇ ਵਡੇ ਕਾਰੀਗਰਾਂ ਨੇ ਉਹ ਤਲਿਸਮ ਬਨਾਏ ਹਨ ਕਿ ਬਿਨਾਂ ਸਾਡੇ ਰਾਹ ਦਸੇ ਤਲਿਸਮਾਂ ਜਾਣੀ ਕੀ ਉਸਦਾ ਪਰਛਾਵਾਂ ਭੀ ਨਹੀਂ ਜਾ ਸਕਦਾ ਅਰ ਇਸ ਬੁਰਜ ਦਾ ਭੇਤ ਸਾਡੇ ਹੀ ਵਡਿਆਂ ਤੋਂ ਪੀੜ੍ਹੀਵਰ ਪੀੜ੍ਹੀ ਸਾਡੇ ਹੀ ਮਨ ਵਿਚ ਗੁਪਤ ਚਲਿਆ ਆਉਂਦਾ ਹੈ ਅਰ ਇਹੋ ਕਾਰਨ ਹੈ ਕਿ ਤਲਿਸਮੀ ਪਾਤਸ਼ਾਹ ਅਸਾਂ ਲੋਕਾਂ ਨੂੰ ਹੀ ਇਸ ਥਾਂ ਤੇ ਨਿਯਤ ਰਖਦਾ ਆਯਾ ਹੈ। ਪਰ ਇਸ ਨਾਲ ਤੁਹਾਨੂੰ ਕੀ ਆਪ ਲੋਕਾਂ ਨੂੰ ਇਹ ਦਸਨਾ ਵਿਅਰਥ ਹੈ।

ਭੀਮ-(ਪੈਰਾਂ ਤੇ ਡਿਗਕੇ) ਦਾਰੋਗਾ ਸਾਹਿਬ! ਬੇਸ਼ਕ ਆਪ ਵਡੇ ਮਾਨਨੀਯ ਆਦਮੀ ਹੋ ਅਸੀ ਤਾਂ ਭੁਲੇ ਹੀ ਰਹੇ ਇਸ ਲਈ ਆਪਨੂੰ ਪਛਾਨ ਨਾ ਸਕੇ (ਇਹ ਸੁਨਕੇ ਦਾਰੋਗਾ ਸਾਹਿਬ ਫੁਲੇ ਪਰ ਆਪਨੀ ਚੰਦ੍ਰੀ ਆਦਤ ਕਰਕੇ ਹੰਕਾਰ ਨਾਲ ਆਖਨ ਲਗਾ ਕਿ ਪਰੇ! ਪਰੇ! ਸਾਡੇ ਨਾਲ ਨਾ ਲਗੋ ਅਸੀ ਚੋਰੀਆਂ ਨਾਲ ਛੋਹਨਾ ਚੰਗਾ ਨਹੀਂ ਜਾਨਦੇ। ਬਸ ਤੁਸੀਂ ਦੂਨ ਆਓ ਪਾਓ ਪੈ ਜਾਂਦਾ ਹਾਂ।

ਭੀਮ- ਇਹ ਦੇਖ ਕੇ ਕਿ ਦੂਨ ਇਹ ਗੁਸੇ ਵਿਚ ਹੈ ਕੋਈ ਹਾਲ ਨਹੀਂ ਦਸੇਗਾ ਇਸ ਲਈ ਖੜੋਤੇ ਅਰ ਪਾਸ ਨੇੜੇ ਜਾਕੇ ਬੋਲਿਆ। ਦਾਰੋਗਾ ਸਾਹਿਬ! ਰਤਾ ਠਹਿਰੋ ਤਾਂ ਸਹੀ। ਮੈਂ ਇਕ ਗਲ ਹੋਰ ਆਪਤੋਂ ਪੁਛਨੀ ਹੈ (ਚੰਗੀ ਤਰਾਂ ਉਸਦਾ ਮੂੰਹ ਦੇਖਕੇ) ਆਪਨੇ ਆਪਨੀ ਐਨੀ ਵਡਿਆਈ ਤਾਂ ਕੀਤੀ ਪਰ ਇਕ ਕੁਦਰਤੀ ਚਿੰਨ ਇਨਾਂ ਗਲਾਂ ਨੂੰ ਝੂਠਿਆ ਜਤਾਉਂਦਾ ਹੈ ਅਰ ਉਹ ਇਹ ਕਿ ਆਪ ਦੇ ਮੂੰਹ ਮਥੇ ਤੋਂ ਤਾਂ ਸੁਦਪੁਨਾ ਪ੍ਰਗਟ ਹੁੰਦਾ ਹੈ ਭਲਮਾਸਨੀ ਤਾਂ ਨਾਉਂ ਥਹੇ ਨਹੀ ਹੈ।

"ਚੰਡਾਲ ਤੇਰੀ ਮੌਤ ਤਾਂ ਨਹੀਂ ਆਵਾਜਾਂ ਮਾਰਦੀ" ਇਹ ਦਾਰੋਗੇ ਨੇ ਕੜਕ ਕੇ ਆਖਿਆ ਅਰ ਅਖਾਂ ਪਾੜ ਪਾੜ ਕੇ ਭੀਮ ਨੂੰ ਦੇਖਨ ਲਗਾ ਪਰ ਭੀਮ ਜੋ ਸਾਮਨੇਹੀ ਖੜੋਤਾ ਸੀ ਇਸਨੂੰ ਇਸ ਤਰਾਂ ਘੂਰ ਕੇ ਅਰ ਕੜਕ

ਦਿਆਂ ਵੇਖਕੇ ਗਬ ਦੀ ਫੁਰਤੀ ਦੇਕੇ ਇਸਨੂੰ ਗਰਦਨ ਤੋਂ ਪਕੜ ਲਿਆ।

ਦਾਰੋਗਾ ਸਾਹਿਬ ਆਪਣੇ ਆਪਨੂੰ ਪਹਿਲਵਾਨ ਭੀ ਸਮਝਦੇ ਸਨ ਇਸ ਲਈ ਭੀਮਨੂੰ ਗਰਦਨ ਫੜਾਂਦਿਆਂ ਵੇਖ ਲਗਾ ਕਲਾ ਜੰਗ ਅਰ ਅੰਦਰਲੀ ਟੰਗ ਲਾਉਣ ਗੁਥਮ ਗੁਥਾ ਹੋ ਗਏ ਇਧਰ ਰਾਜ ਕੁਮਾਰ ਨੇ ਜੋ ਅਜੇ ਤਕ ਚੁਪ ਬੈਠਾ ਹੋਯਾ ਸੀ ਅਰ ਤਮਾਸ਼ਾ ਵੇਖ ਰਿਹਾ ਸੀ ਉਠਕੇ ਉਸ ਦੂਜੇ ਆਦਮੀ ਦੀ ਵਲ ਵਧੇ। ਪਰ ਉਹ ਪੌੜੀ ਤੇ ਤਾਂ ਖੜੋਤਾ ਹੀ ਹੋਯਾ ਸੀ ਜ਼ੋਰ ਨਾਲ ਚਾਕਮਾਰਦਾ ਹੋਯਾ ਹੇਠਾਂ ਵਲ ਨਠਯਾ ਪਰ ਅਫਸੋਸ ਨਠਣ ਵਾਲੇ ਦੀ ਹਿੰਮਤ ਨਾ ਪਈ ਕਿ ਅਗਾਂਹ ਜਾ ਸਕੇ ਝਟ ਰਾਜ-ਕੁਮਾਰ ਨੇ ਉਸਨੂੰ ਵਾਲਾਂ ਤੋਂ ਪਕੜਕੇ ਉਤਾਂਹ ਖਿਚ ਲਿਆ ਅਰ ਇਕ ਨੁਕਰ ਵਿਚ ਖੜਾ ਦਿਤਾ। ਏਨੇ ਚਿਰ ਵਿਚ ਭੀਮ ਹੋਰੀ ਭੀ ਕੁਸ਼ਤੀ ਜਿਤ ਚੁਕੇ ਸਨ। ਦਾਰੋਗਾ ਹੋਰੀ ਫ਼ਰਸ਼ ਤੇ ਪਏ ਹੋਏ ਆਕਾਸ਼ ਨਾਲ ਗਲਾਂ ਕਰ ਰਹੇ ਸਨ ਭੀਮ ਨੇ ਛੇਤੀ ਨਾਲ ਬੇਹੋਸ਼ੀ ਦਾ ਵਟੀ ਉਸ ਦੇ ਨਕ ਵਿਚ ਪਾ ਦਿਤੀ ਜਿਸ ਨਾਲ ਤੜਾ ਤੜ ਕਈ ਛਿਕਾਂ ਆਈਆਂ ਅਰ ਦਾਰੋਗੇ ਹੋਰੀ ਬੇਹੋਸ਼ ਹੋ ਲਤਾਂ ਪਸਾਰ ਕੇ ਕੁਝ ਚਿਰ ਲਈ ਸੁੰਨਸਮਾਧ ਹੋਗਏ।

ਰਾਜਕੁਮਾਰ- ਹੁਣ ਇਸ ਦਾ ਕੀ ਕਰਨਾ ਹੈ ਏਸ ਨੂੰ

ਭੀ ਤਾਂ ਬਿਲੇ ਲਾਓ।

ਭੀਮ- ਇਸਦੇ ਚਿਹਰੇ ਤੋਂ ਤਾ ਭਲਮਣਸਈ ਦਸ ਰਹੀ ਹੈ ਪਰ ਇਹ ਜੇ ਕਰ ਇਹ ਦਿਲ ਦਾ ਭੀ ਅਜਿਹਾ ਹੀ ਸਾਫ਼ ਹੋਵ। ਤਾਂ ਚੰਗਾ ਕਿਹਾ ਹੈ।

ਇਸ ਤੋਂ ਉਪ੍ਰੰਤ ਭੀਮ ਉਸ ਆਦਮੀ ਪਾਸ ਗਿਆ ਅਰ ਪੁਛਿਆ ਕਿ ਤੂੰ ਕੌਣ ਹੈਂ ਤਾਂ ਪਤਾ ਲਗਾ ਕਿ ਇਹ ਤਲਿਸਮੀ ਚੌਂਕੀਦਾਰ ਹੈ। ਤਦ ਤਾ ਭੀਮ ਨੇ ਉਸ ਨੂੰ ਬਹੁਤ ਕੁਝ ਸਮਝਾਯਾ ਅਰ ਉਸ ਨੂੰ ਵਹਿਆ ਅਰ ਅਖੀਰੀ ਉਸ ਦਾ ਮਿਠਾ ਮੂੰਹ ਕਰਾ ਦੇਣ ਦਾ ਵਚਨ ਦੇ ਕੇ ਕੁਝ ਲਾਲਚ ਦੇਣ ਦੀ ਆਸ਼ਾ ਦਿਖਾਈ ਜਿਸ ਕਰ ਉਹ ਰੀਝ ਗਿਆ ਅਰ ਆਖਣ ਲਗਾ-

ਚੌਂਕੀਦਾਰ- ਤਾਂ ਆਪ ਮੇਰੇ ਪਾਸੋਂ ਕੀ ਚਾਹੁੰਦੇ ਹੋ ?

ਰਣਜਿਤ ਸਿੰਘ- ਸਚੀ ਗਲ ਤਾਂ ਇਹ ਹੈ ਕਿ ਅਸੀਂ ਇਥੋਂ ਨਿਕਲਕ ਤਲਿਸਮਾਂ ਨੂੰ ਤੋੜਨਾ ਚਾਹੁੰਦੇ ਹਾਂ ਅਰ ਇਥੋਂ ਨਿਕਲਨ ਲਈ ਅਰ ਅਗੇ ਦੇ ਹਾਲ ਕੁਝ ਜਾਨਣ ਲਈ ਤੇਰੀ ਮਦਦ ਚਾਹੁੰਦ ਹਾਂ।

ਚੌਂਕੀਦਾਰ- ਪਰ ਕੀ? ਆਪ ਸੁਣਿਆ ਪਨੇ ਨਹੀਂ ਕਿ ਦਾਰਗਾ ਕੀ ਕਹਿੰਦਾ ਸੀ? ਇਥੋਂ ਨਿਕਲਨਾ ਬੜਾ ਕਠਨ ਹੈ! ਭਾਵੇਂ ਅਸੀਂ ਏਥੇ ਕਈ ਵਾਰੀ ਆਏ ਹਾਂ ਪਰ ਰਾਹ ਅਜੇ ਤਕ ਮਲੂਮ ਨਹੀਂ ਹੋਯਾ ਇਹ ਬੁਰਜ ਚਾਰ ਮਜਲਾ ਹੈ ਇਕ ਤਾਂ ਇਹੋ ਮਜਲ ਜਿਸ ਵਿਚ

ਆਪ ਬੈਠੇ ਹੋ ਦੂਜੀ ਮਜਲ ਵਿਚ ਕੇਵਲ ਪੌੜੀਆਂ ਹੀ ਹਨ ਤੀਜੀ ਤੋਂ ਲੰਘਣਾ ਅਜੇਹਾ ਔਖਾ ਹੈ ਕਿ ਉਸ ਥਾਂ ਤੇ ਅੰਧੇਰ ਦੇ ਕਾਰਨ ਕਦੀ ਕੋਈ ਚਾਨ ਨਹੀਂ ਦੇਖੀ ਅਰ ਇਹ ਭੁਲ ਭੁਲੀਂਦੀਆਂ ਅਸਥਾਨ ਹਨ ਅਰ ਕਈ ਜਗ੍ਹਾ ਗੁਪਤ ਦਰਵਾਜੇ ਅਜਿਹੇ ਬਨੇ ਹਨ ਕਿ ਉਥੋਂ ਆਦਮੀ ਨਿਕਲ ਹੀ ਨਹੀਂ ਸਕਦਾ ਇਸ ਦੇ ਅਗੇ ਚੌਥੀ ਮਜਲ ਅਥਵਾ ਸਭ ਤੋਂ ਹੇਠਲਾ ਦੁਆਰਾ ਜਿਥੇ ਇਕ ਗਾਰਦ ਸਿਪਾਹੀਆਂ ਦੀ ਅਰ ਏਹ ਦਾਰੋਗੇ ਦੇ ਬੈਠਨ ਦੀ ਥਾਂ ਹੈ ਹੁਣ ਤੁਸੀਂ ਆਪ ਦਸੋ ਮੈਂ ਆਪ ਨੂੰ ਇਥੋਂ ਕਢਨ ਦੀ ਕਿਸ ਤਰਾਂ ਮਦਦ ਪਹੁੰਚਾ ਸਕਦਾ ਹਾਂ।

ਭੀਮ- ਹਰ ਇਕ ਕੰਮ ਕਰਨ ਤੋਂ ਪਹਿਲੇ ਬੜਾ ਕਠਨ ਮਲੂਮ ਹੁੰਦਾ ਹੈ ਪਰ ਜਦੋਂ ਹਥ ਪਾਲਈਦੇ ਅਰ ਪ੍ਰਨ ਕਰ ਲਈਦਾ ਹੈ ਕਿ ਇਹ ਕੰਮ ਕਰਕੇ ਹੀ ਛਡਾਂਗੇ ਅਰ ਜਤਨ ਕੀਤਾ ਜਾਏ ਤਾਂ ਉਹ ਕੰਮ ਸੁਖਾਲਜਾਂ ਅਰ ਤੁਰਤ ਹੋ ਜਾਂਦਾ ਹੈ।

ਚੌਂਕੀਦਾਰ- ਪਰ ਜਿਸ ਕੰਮ ਨੂੰ ਬਿਨਾਂ ਸੋਚੇ ਸਮਝੇ ਕੀਤਾ ਜਾਵੇ ਉਸ ਦਾ ਫਲ ਆਪ ਜਾਣ ਦੇ ਹੀ ਹੋ।

ਭੀਮ- ਉਹ ਤਾਂ ਪਤਾ ਹੀ ਹੈ! ਪਰ ਸੋਚੇ ਹੋਏ ਕੰਮ ਨੂੰ ਜੇ ਕਰ ਸੋਚ ਕੇ ਫਿਰ ਕੀਤਾ ਜਾਵੇ ਤਾਂ ਉਸ ਦੇ ਅੰਤ ਨੂੰ ਭੀ ਕਦੀ ਸੋਚ ਵੇਖਿਆ!

ਚੌਕੀਦਾਰ- ਕਦੀ ਨਹੀਂ! ਕਿਉਂਕਿ ਮੈਂ ਕਦੀ ਸੋਚੋ

ਹੋਏ ਕੰਮ ਨੂੰ ਕਰਨ ਲਗਿਆਂ ਚਿਰ ਨਹੀਂ ਲਾਯਾ। ਚੰਗਾ ਜੇ ਕਰ ਆਪ ਦੀ ਇਹੋ ਹੀ ਮਰਜ਼ੀ ਹੈ ਤਾਂ ਪਹਿਲੀ ਗਲ ਇਹ ਹੈ ਕਿ ਦਾਰੋਗੇ ਦੇ ਲਕ ਨਾਲੋਂ ਕੁੰਜੀਆਂ ਦਾ ਗੁਛਾ ਖੋਲ ਲਵੇ ਜੋ ਹਰ ਇਕ ਮਜ਼ਲ ਦੇ ਜੰਦਰਿਆਂ ਦੀਆਂ ਹਨ ਅਰ ਫੇਰ ਚਲੋ ਮੇਰੇ ਨਾਲ।

ਭੀਮ. (ਮਨ ਵਿਚ) ਚੰਗਾ ਹੁਨ ਹੇਠਾਂ ਵਾਲੀ ਗਾਰਦ ਤੋਂ ਬਚਨ ਦਾ ਕੋਈ ਦਾਰੂ ਕਰਨਾ ਹੈ। ਇਹ ਸੋਚ ਕੇ ਭੀਮ ਨੇ ਅਯਾਰੀ ਦਾ ਬੈਲਾ ਕਢਿਆ ਅਰ ਰੰਗ ਰੋਗਨ ਲਗਾ ਕੇ ਆਪ ਤਾਂ ਦਾਰੋਗੇ ਦਾ ਰੂਪ ਧਾਰ ਲਿਆ ਜਿਸਨੂੰ ਇਹ ਚੌਕੀਦਾਰ ਹੈਰਾਨੀ ਨਾਲ ਵੇਖ ਰਿਹਾ ਸੀ।

ਜਿਸ ਵੇਲੇ ਭੀਮ ਦਾਰੋਗਾ ਬਨ ਕੇ ਤਿਆਰ ਹੋਗਿਆ ਤਾਂ ਚੌਂਕੀਦਾਰ ਆਪ ਹੀ ਬੋਲ ਉਠਿਆ ਕਿ "ਸਚਮੁਚ ਆਪਹੀ ਦਾਰੋਗਾ ਹੋ?" ਇਹ ਸੁਨਕੇ ਭੀਮ ਮੁਸਕੁਰੌਂਦਾ ਹੋਯਾ ਉਠਕੇ ਦਾਰੋਗ ਦੇ ਕਪੜੇ ਉਤਾਰਕੇ ਆਪ ਪਹਿਨ ਲਏ ਅਰ ਅਪਨਾ ਕਪੜਾ ਉਸਦੇ ਗਲ ਪਾ ਦਿਤਾ ਅਤੇ ਉਸਦੇ ਲਕ ਨਾਲੋਂ ਕੁੰਜੀਆਂ ਦਾ ਗੁਛਾ ਖੋਲਕੇ ਅਪਨੇ ਪਾਸ ਰਖ ਲਿਆ ਅਰ ਸਭ ਤੋਂ ਅਗੇ ਭੀਮ ਅਰ ਪਿਛੇ ਚੌਂਕੀਦਾਰ ਅਰ ਰਾਜਕੁਮਾਰ ਪੌੜੀਓਂ ਥਲੇ ਉਤਰਕੇ ਹੇਠਾਂ ਵਾਲੀ ਮਜ਼ਲ ਵਿਚ ਆਏ। ਇਹ ਮਜ਼ਲ ਕੁਝ ਅੰਨੇਰੀ ਅਰ ਠੰਡੀ ਸੀ ਅਰ ਸਭ ਤੋਂ ਖੁਸ਼ੀ ਦੀ ਗਲ ਵੇਖਨ ਵਿਚ ਇਹ ਆਈ ਕਿ ਤੀਜੀ

ਮਹਲ ਦੇ ਦਰਵਾਜ਼ੇ ਲਈ ਇਨ੍ਹਾਂ ਨੂੰ ਖੋਲ੍ਹਨਾ ਕਰਨੀ ਪਈ ਕਿਉਂਕਿ ਭੁਲੇਖੇ ਨਾਲ ਦਾਰੋਗਾ ਇਹ ਦਰਵਾਜ਼ਾ ਖੁਲ੍ਹਾ ਹੀ ਛਡ ਗਿਆ ਸੀ ਅਰ ਇਸ ਵਿਚ ਕੋਈ ਸ਼ਕ ਨਹੀਂ ਕਿ ਜੇਕਰ ਇਹ ਬੂਹਾ ਬੰਦ ਹੁੰਦਾ ਤਾਂ ਇਕ ਰੰਗ ਦੇ ਹੀ ਦਰਵਾਜ਼ਿਆਂ ਕਰਕੇ ਇਸ ਖੁਲ੍ਹਨ ਵਾਲੇ ਬੂਹੇ ਦਾ ਮਿਲਨਾ ਔਖਾ ਸੀ ਭੀਮ ਇਸ ਮਹਲ ਵਿਚ ਭੀ ਸਭ ਤੋਂ ਅਗੇ ਹੀ ਸੀ ਪਹਿਲੇ ਤਾਂ ਉਸਨੇ ਝਾਤੀ ਪਾਕੇ ਵੇਖਿਆ ਤਾਂ ਮਹਲ ਬਿਲਕੁਲ ਅਨੇਰੀ ਦਿਸੀ।

ਭੀਮ—ਰਤਾ ਠਹਿਰੋ। ਮੈਂ ਚਾਨਣ ਕਰ ਲਵਾਂ ਕਿਉਂਕਿ ਬਿਨਾਂ ਚਾਨਣ ਕੀਤੇ ਤੋਂ ਬੜਾ ਔਖ ਹੋਵੇਗਾ।

ਇਹ ਕਹਿਕੇ ਭੀਮ ਹੋਰਾਂ ਨੇ ਇਕ ਵਡੀ ਮੋਮਬਤੀ ਅਪਨੇ ਥੈਲੇ ਵਿਚੋਂ ਕਢੀ ਅਤੇ ਜਗਾਕੇ ਚੌਕੀਦਾਰ ਨੂੰ ਹੋਰਿ ਆਪਣੇ ਪਿਛੇ ਪਿਛੇ ਆਉਣ ਲਈ ਕਿਹਾ—

ਅਫਲੇ ਦੀ ਤਾਂ ਭੁਖ ਇਸ ਹਨੇਰੇ ਵਿਚ ਤਾਂ ਦੋ ਜਨੇ ਭੀ ਉਤਰਨ ਵੇਲੇ ਧੜਕ ਜਾਂਦੇ ਸਨ ਪਹਿਲੇ ਤਾਂ ਇਹ ਮਲੂਮ ਹੋਇਆ ਉਪਰ ਦੀ ਮਹਲ ਵਾਂਗੂ ਬੁਰਜ ਦੀ ਪੂਰੀ ਗੁਲਾਈ ਵਿਚ ਪੌੜੀਆਂ ਹਨ ਪਰ ਨਾਲ ਹੀ ਇਕ ਲੰਮੀ ਜਿਹੀ ਲੰਧ ਬਨੀ ਹੋਈ ਹੈ ਜਿਨ੍ਹਾਂ ਵਿਚ ਗੋਲ ਗੋਲ ਦਰਵਾਜ਼ੇ ਹਨ ਜਿਨ੍ਹਾਂ ਦੇ ਅੰਦਰ ਮਲੂਮ ਹੁੰਦਾ ਹੈ ਕਿ ਜ਼ਰੂਰ ਕੁਝ ਹੋਵੇਗਾ। ਇਸਦੇ ਅੰਦਰ ਕੀ ਅਜੀਬ ਗਲ ਹੈ ਇਹ ਹੁਣ ਤਕ ਕਿਸੇ ਨੂੰ ਪਤਾ ਨਹੀਂ ਸੀ ਪਰ

ਹੈ ਕੁਝ ਜ਼ਰੂਰ। ਇਨ੍ਹਾਂ ਹੀ ਸੋਚਾਂ ਨੂੰ ਸੋਚਦੇ ਸੋਚਦੇ ਤਿੰਨੇ ਪੌੜੀਆਂ ਤੋਂ ਉਤਰ ਹੇਠਾਂ ਆਏ ਤਾਂ ਉਸੇ ਕੰਧ ਵਿਚੋਂ ਜੋ ਪੌੜੀਆਂ ਦੇ ਨਾਲ ਨਾਲ ਬਣੀ ਹੋਈ ਸੀ ਉਸ ਵਿਚ ਇਕ ਦਰਵਾਜ਼ਾ ਦਿਸਦਾ। ਭੀਮ ਨੇ ਜ਼ਰਾ ਧਕ ਕੇ ਦੇਖਿਆ ਤਾਂ ਉਸਨੂੰ ਵਜਾ ਹੋਯਾ ਪਾਯਾ ਪਰ ਵਿਚਕਾਰ ਇਕ ਕੁੰਜੀ ਲਗਣ ਦਾ ਛੇਕ ਦੇਖਯਾ।

ਚੌਕੀਦਾਰ—ਉਨ੍ਹਾਂ ਚਾਬੀਆਂ ਦੇ ਗੁਛੇ ਵਿਚੋਂ ਕੋਈ ਚਾਬੀ ਲਗਾ ਕੇ ਵੇਖੋ ਭਲਾ ਕੋਈ ਕੁੰਜੀ ਲਗ ਜਾਵੇ ਕਿਉਂਕਿ ਸਭ ਜ਼ਿਮੀ ਥਾਵਾਂ ਦੀਆਂ ਕੁੰਜੀਆਂ ਇਸੇ ਗੁਛੇ ਵਿਚ ਹਨ।

ਭੀਮ ਨੇ ਛੇਤੀ ਛੇਤੀ ਕੁੰਜੀਆਂ ਲਾਕੇ ਵੇਖਿਆ ਗਿਆ ਕਿ ਅੰਨੇ ਵਿਚ ਇਕ ਕੁੰਜੀ ਇਸ ਛੇਕ ਵਿਚ ਪੂਰੀ ਆਈ ਅਰ ਕੁੰਜੀ ਲਗਦਿਆਂ ਹੀ ਬੂਹਾ ਹਿਲਨ ਲਗਾ ਅਰ ਭੀਮ ਨੇ ਉਸਨੂੰ ਜ਼ੋਰ ਨਾਲ ਧਕ ਦਿਤਾ ਤਾਂ ਦੋਵੇਂ ਤਾਕ ਖੁਲਗਏ ਅਰ ਚੌਕੀਦਾਰ (ਜਿਸਦਾ ਨਾਂਉਂ 'ਸ਼ਾਮਲਾਲ' ਸੀ) ਨੇ ਉਤਾਹ ਹਥ ਚੁਕਕੇ ਚਾਨਣਾ ਕੀਤਾ ਤਾ ਸਭਨਾਂ ਦੀ ਨਜ਼ਰ ਉਸ ਅਦਭੁਤ ਕੋਠੜੀ ਵਿਚ ਪਈ।

ਇਹ ਕੋਠੜੀ ਚੁੜਾਈ ਵਿਚ ਾਂ ਲਗ ਭਗ ਵਾਈ ਕੁ ਗਜ ਸੀ ਜੋ ਬੁਰਜ ਦੀ ਅਧੀ ਗੁਲਾਈ ਵਿਚ ਬਣੀ ਹੋਈ ਸੀ ਹਾਂ। ਇਸ ਵਿਚ ਅਜੀਬ ਗਲ ਹੈਰਾਨ ਕਰ ਦੇਨ ਵਾਲੀ ਇਹ ਸੀ ਕਿ ਸਾਮਨੇ ਹੀ ਇਕ

ਜੁਆਨ ਟੋਪੀ ਕੁੜਤਾ ਪਹਿਨੇ ਅਰ ਤੇੜ ਧੋਤੀ ਬੰਨੇ ਹੋਏ ਕੁਰਸੀ ਪੁਰ ਸਿਰ ਨੀਵਾਂ ਪਾਏ ਬੈਠਾ ਹੈ ਅਰ ਉਸਦੇ ਪੈਰਾਂ ਹੇਠਾਂ ਅਰ ਜਿਸਦੇ ਹਥ ਵਿਚ ਲੈਹਦੀ ਇਕ ਕਮਾਨ ਸੀ ਪਰ ਉਸਦੇ ਪੈਰਾਂ ਹੇਠਾਂ ਇਕ ਵਡਾ ਲੰਮਾ ਅਰ ਚੌੜਾ ਸੰਦੂਕ ਰਖਿਆ ਹੋਯਾ ਸੀ।

ਭੀਮ-(ਮਨ ਵਿਚ) ਹੇ ਭਗਵਾਨ! ਤੂੰ ਬੇਅੰਤ ਹੈਂ ਇਹ ਕੀ ਖੇਲ ਹੈ ਅਰ ਫੇਰ ਉਸ ਕੁਰਸੀ ਪੁਰ ਬੈਠੇ ਹੋਏ ਜੁਆਨ ਨੂੰ ਆਖਣ ਲਗਾ "ਤੂੰ ਕੌਨ ਹੈਂ? ਭਈ ਸੁਨਦਾ ਹੈਂ ਕਿ ਕੈਨੋਂ ਡੋਰਾ ਹੈਂ? ਓਇ! ਤੂੰ ਏਥੇ ਕੀ ਕਰ ਰਿਹਾ ਹੈਂ?" ਪਰ ਉਸਨੇ ਕੁਝ ਉਤਰ ਨਾ ਦਿਤਾ ਅਰ ਉਸੇ ਤਰਾਂ ਬੈਠ ਰਿਹਾ ਬਿਲਕੁਲ ਨਾ ਹਿਲਯਾ ਜੁਲਯਾ ਤਦ ਤਾਂ ਸਾਰਿਆਂ ਨੂੰ ਭਰਮ ਹੋਯਾ ਅਰ ਰਾਜਕੁਮਾਰ ਤਾਂ ਬੋਲ ਉਠਯਾ "ਸਚ ਮੁਚ ਇਹ ਤਲਿ ਸਮੀ ਪੁਤਲਾ ਹੈ।"

ਭੀਮ-ਪਰ ਹੁਨ ਅਸਾਂ ਨੂੰ ਅੰਦਰ ਚਲਨਾ ਚਾਹੀਏ ਕਿ ਨਹੀਂ ਕਿਉਂਕਿ ਇਸ ਕੋਠੜੀ ਵਿਚ ਜਰੂਰ ਧੋਖਾ ਹੈ

ਰਾਜਕੁਮਾਰ-ਧੋਖਾ ਤਾਂ ਸਾਫ ਮਲੂਮ ਹੁਦਾ ਹੈ ਪਰ ਬਿਨਾਂ ਕੀਤੇ ਕੰਮ ਕਿਸਤਰਾਂ ਨਿਬੜੇ ਗਾ।

ਭੀਮ--ਹਛਾ ਆਪ ਕੀ ਧੋਖਾ ਸਮਝਦੇ ਹੋ?

ਰਾਜਕੁਮਾਰ-ਕੀ ਪਤਾ ਹੈ ਕਿ ਅਸੀਂ ਹਥਾਂ ਪੈਰਾਂ ਤੋਂ ਨਕਮੇ ਹੋ ਜਾਈਏ ਅਰ ਕੋਠੜੀ ਦਾ ਦਰਵਾਜਾ ਬੰਦ ਹੋ

ਜਾਵੇ ਯਾ ਇਸ ਪੁਤਲੇ ਦੀ ਕਮਾਨ ਹੀ ਕੁਝ ਰੰਗ ਵਿਖਾਵੇ।

ਭੀਮ—ਸਚ ਹੈ ਮੇਰੀ ਸਮਝ ਵਿਚ ਭੀ ਇਹੋ ਹੀ ਗਲ ਹੈ। ਹਛਾ ਤਾਂ ਇਸ ਦਾ ਦਾਰੂ ਮੈਂ ਸੋਚਿਆ ਹੈ ਪਰ ਸਭ ਨੂੰ ਅਕਠਿਆਂ ਬਲਾ ਵਿਚ ਫਸਣਾ ਠੀਕ ਨਹੀਂ ਕੋਈ ਉਪਰੋਂ ਮਦਦ ਕਰਨ ਵਾਲਾ ਭੀ ਚਾਹੀਏ ਸੋ ਇਹੋ ਸਲਾਹ ਠੀਕ ਹੈ ਕਿ ਆਪ ਹੋਵੇਂ ਬਾਹਰ ਠਹਿਰੋ ਅਰ ਮੈਂ ਹੀ ਕੋਠੜੀ ਵਿਚ ਪੈਰ ਪਾਂਦਾ ਹਾਂ।

ਭੀਮ ਦੀ ਇਸ ਹਿੰਮਤ ਭਰੀ ਦਲੇਰੀ ਅਤੇ ਹੌਸਲੇ ਨੂੰ ਵੇਖਕੇ ਸ਼ਾਮਲਾਲ ਛੇਤੀ ਨਾਲ ਬੋਲਿਆ ਕਿ "ਕਿਉਂ ਨ, ਹੋਵੇ ਜਿਨ੍ਹਾਂ ਦੇ ਅਜਿਹੇ ਹੌਸਲੇ ਹੋਣ ਇਕ ਨਾ ਇਕ ਦਿਨ ਜ਼ਰੂਰ ਤਲਿਸਮ ਤੋੜੇਗਾ। ਭੀਮ ਬੇਧੜਕ ਉਸ ਖੁਲ੍ਹੀ ਹੋਈ ਕੋਠੜੀ ਵਿਚ ਚਲਾ ਗਿਆ ਪਰ ਜਿਉਂ ਹੀ ਉਸਨੇ ਅੰਦਰ ਪੈਰ ਰਖਿਆ ਤਿਉਂ ਹੀ ਇਕ ਧੜਾਕਾ ਹੋਯਾ ਅਰ ਉਹ ਸੰਦੂਕ ਜੋ ਪੁਤਲੇ ਅਗੇ ਰਖਯਾ ਹੋਯਾ ਸੀ ਖੁਲ੍ਹਗਿਆ ਅਰ ਪੁਤਲੇ ਨੇ ਨਿਉਂਕੇ ਉਸ ਸੰਦੂਕ ਵਿਚੋਂ ਬਹੁਤ ਸਾਰੇ ਚਮਕਦੇ ਹੋਏ ਤੀਰ ਕਢੇ ਅਰ ਕਮਾਨ ਲੈ ਕੇ ਸਿਧਾ ਖੜੋਗਿਆ। ਭੀਮ ਇਹ ਸਭ ਕੁਝ ਹੌਸਲੇ ਨਾਲ ਵੇਖਦਾ ਰਿਹਾ ਉਧਰ ਜਿਸ ਵੇਲੇ ਪੁਤਲਾ ਖੜੋਤਾ ਤਾਂ ਛੇਤੀ ਨਾਲ ਕੋਠੜੀ ਦਾ ਬੂਹਾ ਆਪਣੇ ਆਪ ਬੰਦ ਹੋਗਿਆ। ਰਾਜਕੁਮਾਰ ਨੇ ਬਾਹਰੋਂ

ਬੂਹਾ ਅੰਦਰ ਨੂੰ ਧਕਿਆ ਪਰ ਬੂਹਾ ਨਾ ਖੁਲ੍ਹਾ ਕਿ ਐਨੇ ਵਿਚ ਅੰਦਰੋਂ ਚੀਕ ਦੀ ਅਵਾਜ਼ ਆਈ ਅਰ ਰਾਜਕੁਮਾਰ ਤੋਂ ਦੋ ਉਂਗਲਾਂ ਦੇ ਵਿਥ ਪੁਰ ਇਕ ਲੋਹੇ ਦਾ ਚਮਕਦਾ ਹੋਯਾ ਤੀਰ ਬੂਹੇ ਵਿਚੋਂ ਨਿਕਲਕੇ ਕੰਧ ਵਿਚ ਆ ਖੁਭਾ। ਰਾਜਕੁਮਾਰ ਨੂੰ ਇਹ ਦੇਖਕੇ ਚੱਕਰ ਆਗਿਆ ਅਰ ਉਨ੍ਹਾਂ ਦੇ ਮਨ ਵਿਚ ਇਹ ਗਲ ਬੈਠ ਗਈ ਕਿ ਵਿਚਾਰਾ ਭੀਮ ਤਲਿਸਮੀ ਪੁਤਲੇ ਦੇ ਤੀਰਾਂ ਦਾ ਨਿਸ਼ਾਨਾ ਹੋਗਿਆ।

— —

ਨਾਵਾਂ ਅੰਕ

"ਖ਼ੁਸ਼ ਖ਼ਬਰ ਯਾਰ ਮੂੰਹ ਮੁਬਾਰਕ ਗਲ ਕਹੋ!"

ਪਾਠਕ ਜੀ! ਆਪਨੂੰ ਰਾਜਕੁਮਾਰ, ਬਲਭਦਰ ਸਿੰਘ ਅਤੇ ਬਬਰ ਦੇ ਤਾਂ ਪੂਰੇ ਪੂਰੇ ਹਾਲ ਮਲੂਮ ਹੋ ਚੁਕੇ ਹਨ ਪਰ ਹੁਨ ਅਸ ਆਪਨੂੰ ਇਕ ਨਵੀਂ ਹੀ ਚੌਖੀ ਥਾਂਉਂ ਵਲ ਲੈ ਜਾਂਦੇ ਹਾਂ ਅਰ ਉਸ ਮੈਦਾਨ ਦੀ ਸੈਲ ਕਰਾਉਂਦੇ ਹਾਂ ਜਿਸ ਥਾਂ ਤੋਂ ਕੁਝ ਅਗਾ ਚਲਕੇ ਸਾਨੂੰ ਇਕ ਬੜੀ ਹੈਰਾਨ ਕਰਦੇਣ ਵਾਲੀ ਅਰ ਇਸ ਸੁੰਦਰ ਨਾਵਲ ਦੇ ਬ੍ਰਿਤਾਂਤ ਦੀ ਮੂਰਤ ਬਨਾਂ ਦੇਨ ਵਾਲੀ ਗਲ ਹੈ ਜੋ ਸਾਰੇ ਨਾਵਲ ਵਿਚ ਉਹੀ ਇਕ ਆਪਦੀ ਮਨੋਰਥਤਾ ਦਾ ਕਾਰਨ ਹੋਵੇਗਾ।

"ਤ੍ਰਾਇਬ"

ਜਦ ਤੋਂ ਬਬਰਖਾਂ ਵਾਲੀ ਲੜਈ ਦੀ ਹਵਾ ਇਸ ਪੁਰਾਨੇ ਕਿਲੇ ਸ਼ੇਰਗੜ ਦੇ ਉਪਰੋਂ ਕਰਨ ਵਗਣ ਵਗਦੀ ਹੋਈ ਲੰਗੀ ਹੈ ਤਦ ਤੋਂ ਨਾ ਜਾਣ ਏ ਕਿਉਂ ਪੂਰੀ ਪੂਰੀ ਤਕੜਾਈ ਅਰ ਜੋਰਾਵਰੀ ਦਿਖਾਈ ਦੇਂਦੀ ਹੈ। ਉਹ ਸਥਾਨ ਜੋ ਕੇਵਲ ਲੜਾਈ ਦੇ ਦਿਨਾਂ ਵਿਚ ਹੀ ਕੰਮ ਦੇਨੇ ਯੋਗ ਹੁੰਦੇ ਹਨ ਅਰ ਪਿਛੋਂ ਨਿਕੰਮੇ ਸਮਝੇ ਜਾਂਦੇ ਹਨ ਸੋ ਅਜਕਲ ਇਸ ਕਿਲੇ ਵਿਚ ਉਨਾਂ ਦੀ ਭੀ ਮੁਰੰਮਤ ਹੋ ਰਹੀ ਹੈ ਅਤ ਨਵੇਂ ਜੁਵਾਨਾ ਦੀ ਭਰਤੀ ਕਰਨ ਦੇ ਉਪ੍ਰੰਤ ਉਨਾਂ ਨੂੰ ਚੰਗੀ ਤਰਾਂ ਯੁਧ ਦੇ ਨਿਯਮ ਕਵੈਦ) ਸਖਾਈ ਜਾਂਦੀ ਹੈ। ਅਠਵਾਰੇ ਵਿਚ ਦੋ ਵਾਰੀ ਸਭਨਾਂ ਸ਼ਸਤ੍ਰਾ ਤੋਪਾਂ ਆਦਿਕ ਅਦੇ ਸਿਪਾਹੀਆਂ ਦੀ ਸਫਾਈ ਹੁੰਦੀ ਹੈ ਅਰ ਇਸਤੋਂ ਬਿਨਾਂ ਨੀ ਜਾਨੀਏ ਕਿ ਕਿਸਤਰਾਂ ਸਾਰੀ ਪਰਜਾ ਨੂੰ ਇਹ ਮਲੂਮ ਹੋ ਗਿਆ ਹੈ ਕਿ ਹੁਨ ਉਹ ਦਿਨ ਦੂਰ ਨਹੀਂ ਹੈ ਕਿ ਜਦੋਂ ਸਾਡੇ ਮਹਾਰਾਜ ਦੀਆਂ ਤੋਪਾਂ ਦਾ ਭਯਾਨਕ ਮੂੰਹ ਬਲਭਦ੍ਰ ਸਿੰਘ ਦੀਆਂ ਫੋਜਾਂ ਮਾਰ ਕਰਦਿਆਂ ਹੋਇਆਂ ਦਿਖਾਈ ਦੇਣਗ ਅਰ ਇਸੇ ਕਾਰਨ ਚਾਰੇ ਪਾਸਿਓਂ ਜੋਸ਼ ਜਿਹਾ ਫੈਲ ਰਿਹਾ ਹੈ।

ਪੰਜ ਕੁ ਵਜੇ ਹਨ ਪੂਰਬ ਦਾ ਖਿਦੋ ਰਿੜਦਾ ਰਿੜਦਾ ਲਛਮੀ ਜਿਮੀਂ ਵਿਚ ਬੁਲਕ ਕੇ ਤ੍ਰਿਤਰ ਬਿਤਰ ਹੋਗਾ

ਚਾਹੁੰਦਾ ਹੈ ਕਿ ਐਸ ਵੇਲੇ ਸ਼ਰਗੜ ਵਿਚ ਇਕ ਭਾਰੀ ਊਧਮ ਮਚਿਆ ਹੋਯਾ ਵਿਖਾਈ ਦੇਂਦਾ ਹੈ ਅਰ ਪ੍ਰਬੰਧਕ ਅਫਸਰਾਂ ਦੇ ਪ੍ਰਬੰਧ ਅਰ ਜਤਨ ਕਰਨ ਤੇ ਭੀ ਇਹ ਅਫਸਰ ਇਸ ਰੌਲੇ ਗੌਲੇ ਨੂੰ ਬੰਦ ਨਹੀਂ ਕਰ ਸਕੇ ਅਸੀਂ ਆਪਣੇ ਪਾਠਕਾਂ ਦਾ ਇਸ ਊਧਮ ਵਿਚ ਵਿਅਰਥ ਸਮਾਂ ਗੁਆਉਣ ਤੋਂ ਹਟਾਕੇ, ਸਿਧਾ ਦਰਬਾਰ ਦੀ ਉਸ ਜੜਾਊ ਕੋਠੜੀ ਵਿਚ, ਜਿਸ ਵਿਚ ਮਹਾਰਾਜਾ ਪ੍ਰਿਥਵੀ ਸਿੰਘ ਆਪਣੇ ਵਜ਼ੀਰ ਅਰ ਫੌਜੀ ਅਫਸਰਾਂ ਸਮੇਤ ਸ਼ਾਂਤੀ ਭਾਵ ਨਾਲ ਇਕ ਪਾਸੇ ਦੇਖ ਰਹੇ ਹਨ, ਲੈ ਚਲਦੇ ਹਾਂ। ਦਰਬਾਰ ਦਾ ਮੁਨਸ਼ੀ ਇਕ ਮਖਮਲੀ ਥੈਲੀ ਵਿਚੋਂ ਸੁਨਹਿਰੀ ਬਟੂਆ ਕਢਕੇ ਉਸ ਵਿਚੋਂ ਕਾਗਜ਼ ਕਢ ਰਿਹਾ ਹੈ ਅਰ ਇਸਦੇ ਸਾਮਣੇ ਪਾਸੇ ਅਰਜਨ ਸਿੰਘ (ਜੋ ਬਲਭਦ੍ਰ ਸਿੰਘ ਮਹਾਰਾਜ ਦੇ ਦਰਬਾਰ ਦਾ ਵਡਾ ਹੰਕਾਰੀ ਅਤੇ ਮਾਣੀ ਅਫਸਰ ਹੈ) ਬੈਠਾ ਹੈ।

ਪ੍ਰਿਥਵੀ ਸਿੰਘ ਮਾਲਕ ਵਲ ਦੇਖ ਦੇਖਕੇ ਕੁਝ ਸੋਚ ਰਿਹਾ ਹੈ ਅਤੇ ਦਰਬਾਰ ਦੇ ਦਰਵਾਜ਼ੇ ਪੁਰ ਅਸੀਂ ਬਲਭਦ੍ਰ ਸਿੰਘ ਦੇ ੨੫ ਅਸਵਾਰਾਂ ਨੂੰ ਖੜੋਤਿਆਂ ਦੇਖਦੇ ਹਾਂ ਜਿਸਤੋਂ ਖਿਆਲ ਹੁੰਦਾ ਹੈ ਕਿ ਮਹਾਰਾਜ ਬਲਭਦ੍ਰ ਸਿੰਘ ਨੇ ਕੋਈ ਚਿਠੀ ਮਹਾਰਾਜ ਪ੍ਰਿਥਵੀ ਸਿੰਘ ਨੂੰ ਭੇਜੀ ਹੈ ਅਰ ਉਹ ਚਿਠੀ ਇਹ ਅਰਜਨ ਸਿੰਘ ਦਰਬਾਰੀ ੨੫ ਅਸਵਾਰਾਂ ਸਮੇਤ ਲੈਕੇ ਇਸ ਥਾਂ ਤੇ ਆਯਾ ਹੈ ਇਹ ਖਤ

ਉਹੋ ਪਤ੍ਰਿਕਾ ਹੈ ਜੋ ਅਸੀਂ ਪਹਿਲੇ ਮੁਨਸ਼ੀ ਨੂੰ ਬਟੂਏ ਵਿਚੋਂ ਕਢਦਿਆਂ ਹੋਯਾ ਵੇਖ ਚੁਕਾ ਹਾਂ ਅਰ ਬਜਾਰਾਂ ਵਿਚ ਭੀ ਰੌਲੇ ਗੌਲੇ ਦੇ ਕਾਰਨ ਜੋ ਊਧਮ ਮਚਿਆ ਹੋਯਾ ਹੈ ਉਹ ਇਸੇ ਖਤ ਦਾ ਹੀ ਕਾਰਨ ਹੈ।

ਮੁਨਸ਼ੀ ਨੇ ਪਤ੍ਰ ਖੋਲਕੇ ਦੇਖਯਾ ਅਰ ਮਹਾਰਾਜ ਤੋਂ ਉਸਦੇ ਪੜ੍ਹਨ ਦੀ ਅਗਯਾ ਚਾਹੀ ਅਖੀਂ ਦੀ ਸੈਨਤ ਦਾ ਹੁਕਮ ਸਮਝਕੇ ਮੁਨਸ਼ੀ ਨੇ ਖਤ ਪੜ੍ਹਨਾਂ ਆਰੰਭ ਕੀਤਾ ਜਿਸ ਵਿਚ ਦੋਹਾਂ ਪਾਸਿਆਂ ਦੇ ਲੰਮੇ ਚੌੜੇ ਹਾਲ ਲਿਖ ਕੇ ਹੇਠਾਂ ਮੋਟੇ ਅਖਰਾਂ ਵਿਚ ਇਹ ਲਿਖਯਾ ਹੋਯਾ ਸੀ ਕਿ।

"ਸਾਡਾ ਅਰ ਆਪਦਾ ਜੋ ਤਅੱਲਕ ਮਿਤ੍ਰਤਾਈ ਦਾ ਸੰਬੰਧ ਚਲਿਆ ਆਉਂਦਾ ਸੀ ਉਸਦੇ ਬਾਰੇ ਵਿਚ ਹੁਨਤਾਕ ਤਾਂ ਆਪ ਵਲੋਂ ਚੰਗਾ ਅਰ ਸ਼ੁਭ ਵਰਤਾਰਾ ਹੁੰਦਾ ਰਿਹਾ ਪਰ ਹੁਨ ਭੈੜਾ ਵਰਤਾਉ ਦੇਖਕੇ ਸਾਨੂੰ ਬੜਾ ਰੰਜ ਹੈ ਆਪ ਦੇ ਕੁਝ ਅਯਾਰਾਂ ਨੇ ਬਜੇਨਹਗੜ੍ਹ ਦੇ ਬਜਾਰਾਂ ਵਿਚ ਦਿਨ ਦੀਵੀ ਆਕੇ ਬੜੀ ਹਲਚਲੀ ਮਚਾਈ ਹੈ ਅਰ ਡਾਕੂਆਂ ਦੀ ਤਰਾਂ ਮਹਾਜਨਾਂ ਧਨਾਂ ਨੂੰ ਲੁਟ ਕੇ ਨਠ ਗਏ ਪਰ ਉਨਾਂ ਵਿਚੋਂ ਸਾਡੇ ਅਯਾਰਾਂ ਨੇ ਇਕ ਕਾਬੂ ਕਰ ਲਿਆ ਅਰ ਇਸ ਲਈ ਇਥੇ ਰਖਿਆ ਕਿ ਆਪ ਪਾਸ ਭੇਜਯਾ ਜਾਵਗਾ ਪਰ ਉਸ ਅਯਾਰ ਨੇ ਪਹਿਲੇ ਤਾਂ ਭਰੇ ਦਰਬਾਰ ਵਿਚ ਸਾਨੂੰ ਹੀ ਗਾਲਾਂ ਮੰਦਾ

ਕਰਕੇ ਵਰਖਾ ਕੀਤੀ ਅਰ ਰਾਤ ਨੂੰ ਆਪਦੇ ਹੀ ਅਯਾਰ ਦੀ ਮਦਦ ਨਾਲ ਬਾਰਾਂ ਦਰੀ ਲੁਟ ਪੁਟ ਕੇ ਅਰ ਅਸਬਾਬ ਗੰਢਾਂ ਬੰਨਕੇ ਨਿਕਲ ਗਿਆ । ਹੁਨ ਸਾਡੇ ਦਰਬਾਰ ਵਲੋਂ ਆਪਨੂੰ ਲਿਖਯਾ ਜਾਂਦਾ ਹੈ ਕਿ ਇਸ ਪਰੇਮ ਭਰੇ ਹੋਏ ਖਤ ਦੇ ਪਹੁੰਚਦੇ ਹੀ ਹੇਠਾਂ ਲਿਖੇ ਅਭਾਗੀ ਅਯਾਰਾਂ ਨੂੰ ਸਾਡੇ ਦਰਬਾਰ ਵਿਚ ਭੇਜ ਦੇਵੋ ਇਸ ਲਈ ਕਿ ਉਨ੍ਹਾਂ ਦੀਆਂ ਕਰਤੂਤਾਂ ਦਾ ਪੂਰਾ ਪੂਰਾ ਡੰਨ ਦਿਤਾ ਜਾਵੇ ਉਹ ਅਯਾਰ ਇਹ ਹਨ

੧—ਚੰਦ੍ਰ ਭੂਸ਼ਨ ....
੨—ਬਾਲ ਗੋਬਿੰਦ ....
੩—ਗੋਪੀ ਨਾਥ..........
—ਬਸੰਤ ਨਾਥ ....

ਫੇਰ ਸਾਡੇ ਅਰ ਆਪਦੇ ਵਿਚ ਜਿਹਾ ਪਿਛੇ ਭਲਾ ਅਰ ਮਿਤ੍ਰਤਾ ਦਾ ਸਲੂਕ ਚਲਿਆ ਆਉਂਦਾ ਹੈ ਉਸੇ ਤਰਾਂ ਹੀ ਰਹੇ ਪਰ ਇਹ ਭੀ ਲਿਖਿਆ ਜਾਂਦਾ ਹੈ ਕਿ ਜੇਕਰ ਆਪਨੇ ਅਯਾਰਾਂ ਦੇ ਭੇਜਨ ਵਿਚ ਕੁਝ ਹੀਲ ਹੁਜਤ ਅਰ ਨਾਂਹ ਕੀਤੀ ਤਾਂ.....

ਇੰਨਾ ਪੜ੍ਹਕੇ ਮੁਨਸ਼ੀ ਚੁਪ ਹੋ ਗਿਆ ਅਰ ਮਹਾਰਾਜ ਦਾ ਮੂਹ ਦੇਖਨ ਲਗਾ । ਅਰ ਦਰਬਾਰ ਵਿਚ ਇਹ ਦੇਖਕੇ ਬਚੈਨੀ ਫੈਲ ਗਈ। ਬਹਾਦਰਾਂ ਨੇ ਗੁਸੇ ਨਾਲ ਤਿਊੜੀਆਂ ਪਾ ਲਈਆਂ ਅਰ ਇਧਰ ਇਨ੍ਹਾਂ ਨੂੰ ਐਸ

ਤਰਾਂ ਦੇਖਕੇ ਅਰਜਨ ਸਿੰਘ ਖੁਸ਼ ਹੋ ਰਿਹਾ ਸੀ

ਮਹਾਰਾਜ—ਮੁਨਸ਼ੀ ! ਤੁਸੀਂ ਕਿਉਂ ਅਟਕ ਗਏ ਜੋ ਕੁਝ ਭੀ ਲਿਖਯਾ ਹੈ ਸਾਫ ਸਾਫ ਪੜ੍ਹੋ ਤਦ ਮੁਨਸ਼ੀ ਨੇ ਫੇਰ ਪੜਨਾ ਅਰੰਭ ਕੀਤਾ ਜਿਸਨੂੰ ਸਭਨੇ ਕੰਨ ਲਾਕੇ ਸੁਣਿਆ

"ਜੇਕਰ ਨਾਹ ਕੀਤੀ ਤਾਂ ਸਾਡੇ ਦਰਬਾਰ ਦੇ ਬਹਾਦਰ ਅਰ ਦਲੇਰ ਫ਼ੌਜਾਂ ਆਪਦੇ ਇਸ ਠਿਗਣੀ ਜਿਹੇ ਘੁਰੇ ਨੂੰ ਤੋੜਕਰ ਅਪਨੀ ਇਸ ਥੋੜੀ ਜਿਹੀ ਹਾਨਤ ਦਾ ਪੂਰਾ ਪੂਰਾ ਬਦਲਾ ਲਵਾਂਗੇ। ....

ਰਾਜਧਾਨੀ
ਬਿਜੈਰਾਹਗੜ ⎨ .... ਆਪਦਾ ਮਿਤ੍ਰ
(ਸਹੀ)...ਮਹਾਰਾਜ ਬਲਭਦ੍ਰ ਸਿੰਘ

੧੩ ਭਾਦਰੋਂ ੧੯੪੮ ....

ਇਸ ਖਤ ਦੇ ਮੁਕਦਿਆਂ ਹੀ ਸਾਰੇ ਦਰਬਾਰ ਵਿਚ ਸਨਾਟਾ ਜਿਹਾ ਹੋ ਗਿਆ ਬੜੇ ਬੜੇ ਫੌਜੀ ਅਫਸਰ ਅਰ ਖਾਸ ਕਰਕੇ ਸੈਨਾਪਤਿ ਪ੍ਰਦੁਮਨ ਸਿੰਘ ਅਰ ਉਸਦੇ ਅਧੀਨ ਕਰਨੈਲ ਰਾਜਾ ਸਿੰਘ ਅਰ ਸੁੰਦਰ ਸਿੰਘ ਹੋਰਨਾਂ ਫੌਜੀ ਅਫਸਰਾਂ ਦੇ ਨਾਲ ਵਰਦੀ ਪਹਿਰੇ ਜੋ ਦਰਬਾਰ ਦੇ ਇਕ ਪਾਸੇ ਬੈਠੇ ਹੋਏ ਸਨ ਕਚੀਰਆਂ ਵਟਨ ਲਗੇ ਅਰ ਇਸ ਖਤ ਦੇ ਭਾਵ ਨੇ ਇਨਾਂ ਦੇ ਮਨ ਪੁਰ ਅਜਿਹਾ ਜੋਸ਼ ਪ੍ਰਗਟ ਹੋਯਾ ਕਿ ਮੂਹ ਲਾਲ ਹੋਗਏ।

ਇਉਂ ਤਾਂ ਖਤ ਸੁਣਦਿਆਂ ਹੀ ਸਭ ਦੇ ਮਨ ਜੋਸ਼ ਨਾਲ ਭਰ ਆਯਾ ਪਰ ਮਹਾਰਾਜ ਪ੍ਰਿਥਵੀ ਸਿੰਘ ਧੀਰਜ ਰੂਪ ਮਗਨ ਬੈਠੇ ਕੁਝ ਸੋਚਦੇ ਰਹੇ ਪਰ ਫੇਰ ਅਰਜਨ ਸਿੰਘ ਦੀ ਵਲ ਮੂੰਹ ਫੇਰ ਕੇ ਆਖਨ ਲਗੇ—

ਮਹਾਰਾਜ—ਤੇਰਾ ਕੀ ਨਾਮ ਹੈ?

ਅਰਜਨ ਸਿੰਘ—(ਖੜੋਕੇ)ਮੇਰਾ ਨਾਮ ਅਰਜਨ ਸਿੰਘ

ਮਹਾਰਾਜ—ਤੇਸਾਡੇ ਦਰਬਾਰ ਨੇ ਪਿਛਲੀਆਂ ਗਲਾਂ ਥੜੀਆਂ ਹੀ ਕਰੜੀਆਂ ਲਿਖੀਆਂ ਹਨ।

ਅਰਜਨ ਸਿੰਘ—ਸਾਡਾ ਦਰਬਾਰ ਦੋਵੇਂ ਵਰਤਾਓ ਚੰਗੀ ਤਰਾਂ ਜਾਨਦਾ ਹੈ ਜਦੋਂ ਜਿਸ ਵਰਤਾਉ ਦੀ ਲੋੜ ਹੋਵੇ ਉਦੋਂ ਓਹੀ ਵਰਤਿਆ ਜਾਂਦਾ ਹੈ।

ਇਹ ਉਤਰ ਸੁਨਕੇ ਸਾਰੇ ਦਰਬਾਰੀ ਜੋਸ਼ ਵਿਚ ਆਏ ਪਰ ਮਹਾਰਾਜ ਦੀ ਸੈਨਤ ਨਾਲ ਸਭ ਰੁਕ ਗਏ ਅਰ ਮਹਾਰਾਜ ਨੇ ਉਸੇ ਤਰਾਂ ਸੀਤਲ ਸੁਭਾਵ ਨਾਲ ਉਤਰ ਦਿਤਾ।

ਮਹਾਰਾਜ—ਸੀਲ ਸੁਭਾਵ ਦੇ ਮਿਠੇ ਫਲ ਨੂੰ ਤੁਸਾਂ ਅਜ ਤਕ ਨਹੀਂ ਚਖਿਆ ਤੁਸਾਡੀ ਜੀਭ ਤਾਂ ਇਸ ਖਤ ਤੋਂ ਭੀ ਰੁਖੀ ਹੈ। ਹਾਂ! ਤਾਂ ਹੁਨ ਤੁਸਾਡੇ ਨਾਲ ਗਲ ਬਾਤ ਬੰਦ ਕਰਕੇ ਉਤਰ ਲਿਖਨਾ ਚਾਹੀਦੇ ਕਿਉਂਕਿ ਦੂਤ ਦੀਆਂ ਗਲਾਂ ਤੋਂ ਕੀ ਲਾਭ ਹੈ।

ਅਰਜਨ ਸਿੰਘ-(ਸ਼ੇਖੀ ਨਾਲ) ਆਪ ਮੇਰੀ ਗਿਨ-

ਤੀ ਮਾਮੂਲੀ ਦੂਤਾਂ ਵਿਚ ਨਾ ਕਰੋ। ਮੈਂ ਆਪ ਦੇ ਪਾਸ ਇਸ ਖਤ ਨੂੰ ਲਿਆ ਕੇ ਦੋਹ ਭੀ ਬਹੁਤ ਸਾਰੀਆਂ ਗਲਾਂ ਦਾ ਫੈਸਲਾ ਕਰਨ ਦਾ ਅਧਿਕਾਰ ਰਖਦਾ ਹਾਂ। ਮੈਂ ਸੀਲਸ੍ਰਗਾਫ਼ ਦੇ ਰੁਖ ਨੂੰ ਜੜ ਅਰ ਪਤ੍ਰਾਂ ਸਮੇਤ ਖਾ ਚੁਕਾ ਹਾ। ਅਰ ਬਲ ਭੀ ਐਨਾ ਰਖ ਦਾ ਹਾਂ। ਕਿ ਵੇਲੇ ਸਿਰ ਆਪੇ ਜ਼ਾਹਿਰ ਹੋ ਜਾਵੇਗਾ ਜੇਕਰ ਆਪ ਨੇ ਸੁਲਾਹ ਸਫ਼ਾਈ ਦੀ ਗਲ ਕਰਨੀ ਹੋਵੇ ਤਾਂ ਮੇਰੇ ਨਾਲ ਕਰੋ ਨਹੀਂ ਤਾਂ ਇਕੋ ਉਤ੍ਰ ਦੇ ਦੇਣਾ ਚੰਗਾ ਹੈ ਖਤ ਲਿਖਣ ਦੀ ਖੇਚਲ ਕਿਉਂ ਕਰ ਦੇ ਹੋ?

ਅਜੇ ਇਹ ਉਤ੍ਰ ਸੁਣ ਕੇ ਦਰਬਾਰ ਵਿਚ ਹਲਚਲੀ ਅਰ ਕੰਨਾਂ ਭੁਸੀ ਹੋ ਰਹੀ ਸੀ ਕਿ ਦਰਬਾਰ ਵਿਚ ਇਕ ਲੰਮਾ ਉਚਾ ਜੁਵਾਨ ਸਿਰ ਤੋਂ ਪੈਰਾਂ ਤਕ ਲਾਲ ਪੁਸ਼ਾਕ ਪਹਿਰੇ ਸ਼ਸਤ੍ਰ ਧਾਰੀ ਅਰ ਮੂੰਹ ਪੁਰ ਲਾਲ ਕਪੜੇ ਦਾ ਹੀ ਘੁੰਡ ਕਢੇ ਹੋਏ ਆਇਆ ਅਰ ਜਿਸ ਨੇ ਦੂਰੋਂ ਹੀ ਕੜਕ ਕੇ ਕਿਹਾ ਅਰਜਨ ਸਿੰਘ! "ਬਸ ਖਬਰਦਾਰ ਮੂੰਹ ਸੰਭਾਲ ਕੇ ਗਲ ਕਰੋ।"

ਘੁੰਡ ਵਾਲੇ ਜੁਆਨ ਨੂੰ ਸਾਰੇ ਦਰਬਾਰੀ ਹੈਰਾਨੀ ਨਾਲ ਵੇਖਦੇ ਰਹੇ ਅਰ ਉਹ ਉਸੇ ਤੇਜ਼ੀ ਨਾਲ ਆਉਂਦਾ ਗਿਆ ਪਹਿਲੇ ਤਾਂ ਮਹਾਰਾਜ ਦੇ ਸਾਮਨੇ ਆਯਾ ਅਰ ਤਿੰਨ ਵਾਰ ਸਿਰ ਨਿਵਾ ਕੇ ਪ੍ਰਣਾਮ ਕਰਕੇ ਪਿਛੇ ਹੋ ਕੇ ਇਕ ਖਾਲੀ ਕੁਰਸੀ ਤੇ ਬੈਠ ਗਿਆ ਅਰ ਅਰਜਨ

ਸਿੰਘ ਨੂੰ ਜੋਸ਼ ਨਾਲ ਕਹਿਣ ਲਗਾ:-

ਘੁੰਡ ਵਾਲਾ ਜੁਆਨ— ਅਰਜਨ ਸਿੰਘ " ਮੈਂ ਭੀ ਮਹਾਰਾਜਾ ਧਿਰਾਜ ਸ਼੍ਰੀ ਮਾਨ ਮਹਾਰਾਜ ਪ੍ਰਿਥਵੀ ਸਿੰਘ ਜੀ ਦੇ ਇਕ ਤੁਛ ਸੇਵਕਾਂ ਵਿਚੋਂ ਹਾਂ ਅਹ ਮੈਂ ਉਨ੍ਹਾਂ ਦੀ ਵਲੋਂ ਉਤਰ ਦੇਨ ਲਈ ਤਿਆਰ ਹਾਂ ਕਉਂ ਕਿ ਤੇਰੀਆਂ ਗਲਾਂ ਅਰ ਤੇਰੀ ਹਸੀਅਤ ਇਸ ਲੋਕ ਨਹੀਂ ਕਿ ਜਿਨ੍ਹਾਂ ਦਾ ਉਤਰ ਆਪ ਮਹਾਰਾਜ ਦੇਨ। ਲੈ ਸੁਣ ਕੀ ਤੇਰਾ ਇਹ ਖਿਆਲ ਹੈ ਕਿ ਦਰਬਾਰੀ ਨੂੰ ਧੌਂਸ ਦੇ ਕੇ ਬੇਦੋਸਿਆਂ ਅਜਾਰਾਂ ਨੂੰ ਬੰਨ੍ਹ ਕੇ ਲੈ ਜਾਵਾਂ ਅਰ ਉਥੇ ਉਨ੍ਹਾਂ ਨੂੰ ਬੇਤਰਸ ਜਲਾਦਾਂ ਦੇ ਹਥੋਂ ਉਨ੍ਹਾ ਦੀ ਗਰਦਨ ਮਰਵਾਵਾਂ? ਅਰ ਦਰਬਾਰ ਅਪਨੇ ਪ੍ਰਤਗਜ਼ਾ ਪਾਲਕਾਂ ਦੀ ਮੌਤ ਨੂੰ ਦੇਖਕੇ ਅਖਾਂ ਬੰਦ ਕਰ ਲਈਏ ਅਰ ਉਨ੍ਹਾਂ ਦੀ ਮਿਤ੍ਰਤਾ ਅਰ ਦਯਾ ਨੂੰ ਵਿਸਾਰ ਦੇਵੀਏ? ਮੂਰਖਾ ਇਹ ਕਦੀ ਹੋਇਆ ਹੈ? ਅਰ ਹੋ ਸਕਦਾ ਹੈ? ਤੈਨੂੰ ਅਜਹੀਆਂ ਗਲਾਂ ਆਖਦਿਆਂ ਸ਼ਰਮ ਨਾ ਆਈ। ਰਤਾਂ ਅਪਨੀ ਬੁਕਲ ਵਿਚ ਮੂੰਹ ਪਾਕੇ ਤਾਂ ਦੇਖ ਕਿ ਤੂੰ ਕੌਣ ਹੈਂ ਅਰ ਕਿਨ੍ਹਾਂ ਨੂੰ ਦਬਕਾਉਂਦਾ ਹੈਂ ਸਾਡੇ ਮਹਾਰਾਜ ਜੀ ਦੀ ਇਹ ਮਰਜ਼ੀ ਹੀ ਨਹੀਂ ਸੀ ਨਹੀਂ ਤਾਂ ਹੁਣ ਤਕ ਇਸੇ ਸ਼ੇਰ ਦੇ ਘੁਰੇ (ਘੁਰਾ ਕਹਿੰਦਾ ਸੁਣਕੇ ਹਾਲ ਆਉਂਦਾ ਹੈ) ਵਿਚੋਂ ਅਰਜਨ ਦੇ ਦਲ ਤੋਂ ਭੀ ਵਧੀਕ ਫੌਜਾਂ ਸ਼ੇਰ ਵਾਂਗੂੰ ਉਛਲਕੇ ਤਰੇ ਬਲਭਦ੍ਰ ਸਿੰਘ ਦੀ ਖਾਸ ਰਾਜ

ਧਾਨੀ ਬਿਜੈਗੜ੍ਹ ਦੀ ਇਟ ਇਟ ਕਰ ਦੇਂਦੀਆਂ ਪਰ ਹੁਨ ਭੀ ਕੁਝ ਨਹੀਂ ਵਿਗੜਯਾ ਉਹ ਦਿਨ ਦੂਰ ਨਹੀਂ ਜਦੋਂ ਤੇਰੇ ਰਾਜਾ ਦਾ ਸਿਰ ਅਸਾਂ ਸੂਰਮਿਆਂ ਦੇ ਘੋੜਿਆਂ ਅਰ ਬਹਾਦਰਾਂ ਸਿਪਾਹੀਆਂ ਦੇ ਵਧਦੇ ਹੋਯਾਂ ਪੈਰਾਂ ਦੇ ਵਿਚ ਮਿਧਯਾ ਜਾਵੇਗਾ। ਕੁਮਾਰ ਬਿਕ੍ਰਮਾਜੀਤ ਸਿੰਘ ਤੇਰੇ ਰਾਜਾ ਦੇ ਹੁਕਮ ਨਾਲ ਹੀ ਤਲਿਸਮ ਵਿਚ ਫਸਾਯਾ ਗਿਆ ਹੈ ਪਰ ਇਸ ਦਾ ਬਦਲਾ ਚੰਗੀ ਤਰਾਂ ਲਿਆ ਜਾਵੇਗਾ ਘੁਮੰਡੀ ਅਤੇ ਕਾਇਰ ਆਪਨੇ ਰਾਜਾ ਨੂੰ ਇਹ ਭੀ ਆਖ ਦੇਵੀਂ ਕਿ ਇਸ ਗਲ ਤੋਂ ਕੋਈ ਗਾਫਲ ਨਹੀਂ ਹੈ ਪਰ ਸਮਾਂ ਅਰ ਵੇਲੇ ਦੀ ਉਡੀਕ ਸੀ ਪਰ ਹੁਨ ਜਦ ਉਨਾਂ ਆਪ ਹੀ ਇਧ ਸ਼ੇਰਾਂ ਦੇ ਦਲ ਨੂੰ ਛੇੜ ਕੇ ਲੜਾਈ ਮੁਲ ਲੈਨੀ ਚਾਹੀ ਹੈ ਤਾਂ ਹੁਨ ਸਾਨੂੰ ਅਪਨੀ ਵਲੋਂ ਵਧੀਕੀ ਦੀ ਬਦਨਾਮੀ ਦਾ ਭੀ ਡਰ ਨਹੀਂ ਹੈ। ਕੁਮਾਰ ਦੀ ਗ੍ਰਿਫਤਾਰੀ (ਪਕੜੇ ਜਾਨੇ) ਪੁਰ ਤਾਂ ਅਸਾਂ ਲੋਕਾਂ ਨੇ ਸਬਰ ਕੀਤਾ ਉਸ ਦਾ ਫਲ ਤਾਂ ਬਹੁਤ ਛੇਤੀ ਮਿਲਿਆ ਪਰ ਹੁਨ ਆਪਨੇ ਰਾਜਾ ਨੂੰ ਕੰਨ ਖੋਲ ਕੇ ਕਹਿ ਦੇਵੀਂ ਕਿ ਕਾਇਰ ਫੌਜਾਂ ਭੇਜਕੇ ਇਸ ਘੁਟੇ ਦੇ ਸ਼ੇਰਾਂ ਦਾ ਤਮਾਸ਼ਾ ਦੇਖਨ। ਮੂਰਖ! ਅਯਾਰਾਂ ਨੂੰ ਤੂੰ ਕੀ ਤੇਰਾ ਖਾਸ ਬਲਭ ਭੀ ਆਵੇ ਤਾਂ ਭੀ ਉਨਾਂ ਦਾ ਪਰਛਾਵਾਂ ਭੀ ਨਹੀਂ ਲੈ ਜਾ ਸਕਦਾ। ਯਾਦ ਰਖ ਕਿ ਇਕ

ਇਸ ਅਜਾਰ ਦੇ ਪਿਛੇ ਵੀਹ ਹਜਾਰ ਸੂਰਮਿਆਂ ਦੀਆਂ ਜਾਨਾਂ ਲੀਤੀਆਂ ਅਰ ਦਿਤੀਆਂ ਜਾਨਗੀਆਂ ਪਰ ਫੇਰ ਭੀ ਤੁਸੀ ਉਨਾਂ ਨੂੰ ਨਹੀਂ ਰੋਕ ਸਕੋਗੇ । ਅਰਜਨ ਸਿੰਘ ਹੁਣ ਜਾਓ ਅਤੇ ਅਸੀ ਸਾਫ਼ ਸਾਫ਼ ਆਖਦੇ ਹਾਂ ਅਰ ਦੁਰਗਾ ਜੀ ਦੀ ਸੌਹ ਖਾਕੇ ਆਖਦਾ ਹਾਂ ਕਿ ਅਜ ਤੋਂ ਸਾਡਾ ਮਹਾਨ ਸਰੇਸ਼ਟ ਦਰਬਾਰ ਬਹਾਦਰ ਸਿੰਘ ਦਾ ਇਕ ਇਕ ਕਾੜੀ ਦਾ ਭੀ ਵੈਰੀ ਹੈ ਤੁਹਾਡੀ ਵਲ ਦੇ ਲੋਕ ਜਿਥੇ ਅਰ ਜਿਸ ਤਰਾਂ ਭੀ ਕਿਧਰੇ ਮਿਲਨਗੇ ਪਕੜੇ ਜਾਨਗੇ ਤੁਸਾਡੇ ਘਰ ਬਾਰ ਪਿੰਡ ਗਰਾਂ ਫੂਕੇ ਜਾਨਗੇ ਅਰ ਤੁਸਾਡੇ ਤੁਸ ਕਿਲਿਆਂ ਤੇ ਸਾਡੇ ਮਹਾਰਾਜ ਦਾ ਝੰਡਾ ਝੂਲਦਾ ਦਿਸੇਗਾ । ਅਰ ਇਸਦੇ ਬਦਲੇ ਜੋ ਕੁਝ ਭੀ ਤੁਸਾਂਥੋਂ ਹੋ ਸਕੇ ਘਟ ਨਾ ਕਰਨਾ ”

ਉਸਦੀ ਸਾਰੀ ਗਲ ਬਾਤ ਸੁਣਕੇ ਅਰਜਨ ਸਿੰਘ ਹੈਰਾਨ ਹੋ ਕੇ ਭੌਂਦਲ ਗਿਆ ਕਿਉਂ ਜੋ ਉਸਨੂੰ ਸੁਪਨੇ ਮਾਤ੍ਰ ਭੀ ਇਸ ਗਲ ਦਾ ਖਿਆਲ ਨਹੀਂ ਸੀ ਕਿ ਮਹਾਰਾਜ ਪ੍ਰਿਥਵੀ ਸਿੰਘ ਦੀ ਵਲੋਂ ਅਜਿਹਾ ਕਰੜਾ ਉਤ੍ਰ ਮਿਲੇਗਾ । ਇਸ ਵੇਲੇ ਇਸਦੀਆਂ ਅਖੀਆਂ ਲਾਲ ਅਰ ਸਿਰ ਨੀਵੇਂ ਪਾਯਾ ਹੋਯਾ ਸੀ ਅਰ ਹੌਲੀ ਹੌਲੀ ਇਸ ਘੂਰ ਕਢੇ ਹੋਏ ਪੁਰਸ਼ ਵਲ ਘੂਰਦਾ ਅਰ ਦੰਦੀਆਂ ਕਰੀਚਦਾ ਸੀ ਅਰ ਅਪਨੇ ਗੁਮਾਨੀ ਮਨ

ਵਿਚ ਅਪਨੀ ਹਾਨਤ ਹੋਣ ਦਾ ਬਦਲਾ ਲੈਨ ਲਈ ਪਕਾ ਵਿਚਾਰ ਕਰ ਲਿਆ ਕਿ ਭਾਵੇਂ ਕੁਝ ਹੋਵੇ ਇਸ ਘੁੰਡ ਕਢਨ ਵਾਲੇ ਤੋਂ ਬਦਲਾ ਜ਼ਰੂਰ ਲਵਾਂ।

ਅਰਜਨ ਸਿੰਘ—(ਜ਼ੋਰ ਨਾਲ) ਹੇ ਘੁੰਡ ਵਾਲੇ! ਜੋ ਕੁਝ ਤੂੰ ਕਿਹਾ ਸੋ ਕਿਹਾ ਪਰ ਪ੍ਰਮਾਤਮਾ ਦੀ ਸੌਂਹ ਹੈ ਇਨਾਂ ਗੱਲਾਂ ਦਾ ਬਦਲਾ ਲਏ ਬਿਨਾਂ ਮੈਂ ਨਹੀਂ ਜਾਵਾਂਗਾ।

ਘੁੰਡ ਵਾਲਾ ਜੁਵਾਨ—ਅਜੇ ਨਹੀਂ! ਪਰ ਇਹ ਨਾ ਖਿਆਲ ਕਰੀਂ ਕਿ ਮੈਂ ਡਰ ਗਿਆ ਹਾਂ ਨਹੀਂ! ਮੈਨੂੰ ਇਸ ਦਰਬਾਰ ਦੀ ਇਜ਼ਤ ਲੋੜੀ ਦੀ ਹੈ ਜਿਸ ਦਾ ਕਿ ਮੈਂ ਸੇਵਕ ਅਰ ਲੂਣ ਖਾਂਦਾ ਹਾਂ ਅਰ ਉਹ ਇਜ਼ਤ (ਉਂਗਲ ਚੁਕਕੇ) ਉਸ ਵਡੇ ਦਰਵਾਜੇ ਦੇ ਬਾਹਰ ਹੋਰ ਰੰਗ ਵਿਚ ਹੋ ਜਾਂਦੀ ਹੈ।ਹਾਂ ਓਥੇ ਚਲਕੇ ਤੂੰ ਅਪਨੇ ਮਨ ਦਾ ਗੁਮਰ ਕਢ ਲੈ! (ਹੁਸੈ ਨਾਲ ਅਰਜਨਸਿੰਘ ਇਹ ਏਲਚੀ ਦਾ ਉਹਦਾ ਹੀ ਕਝ ਇਸ ਪ੍ਰਕਾਰ ਦਾ ਹੈ ਕਿ ਜਿਸਦੇ ਕਾਰਨ ਤੂੰ ਬਚ ਗਿਆ ਹੈਂ ਨਹੀਂ ਤਾਂ ਤੂੰ ਅਜ ਸਹੀਸਲਾਮਤ ਅਪਨੇ ਸ਼ਹਿਰ ਨੂੰ ਮੁੜਕੇ ਜਿਊਂਦਾ ਨਾਂ ਜਾਂਦੋਂ!

ਅਰਜਨ ਸਿੰਘ—ਹਛਾ ਹੁਨ ਉਤਰ ਤਾਂ ਸਾਨੂੰ ਮਿਲ ਗਿਆ ਹੈ ਹੁਨ ਠਹਿਰਨ ਦੀ ਕੋਈ ਲੋੜ ਨਹੀ ਹੈ ਮੈਂ ਬਾਹਰ ਤੈਨੂੰ ਉਡੀਕਦਾ ਹਾਂ। ਇਹ ਕਹਿ ਕੇ ਕੁਰਸੀ

ਤੋਂ ਛੇਤੀ ਨਾਲ ਉਠਕੇ ਮਹਾਰਾਜ ਨੂੰ ਬਿਨਾਂ ਪ੍ਰਨਾਮ ਕੀਤੇ ਚਲਾ ਗਿਆ।

ਇਸਦੇ ਚਲੇ ਜਾਨ ਪਿਛੋਂ ਕਿੰਨਾ ਚਿਰ ਕੋਈ ਕੁਝ ਨਾ ਬੋਲਿਆ ਮਹਾਰਾਜ ਦੇ ਸਾਰੇ ਦਰਬਾਰੀ ਇਸ ਨਵੇਂ ਘੁੰਡ ਵਾਲੇ ਨੂੰ ਹੈਰਾਨਗੀ ਨਾਲ ਵੇਖਿ ਰਹੇ ਸਨ ਜਿਸਨੇ ਆਪਨੂੰ ਮਹਾਰਾਜ ਦਾ ਸੇਵਕ ਦਸਿਆ ਸੀ। ਐਨੇ ਨੂੰ ਉਹੋ ਘੁੰਡ ਕਢਨ ਵਾਲਾ ਆਦਮੀ ਬੋਲਿਆ—

ਘੁੰਡਵਾਲਾ ਜੁਵਾਨ— ਮਹਾਰਾਜ ਦੇ ਅਗੇ ਦੋਵੇਂ ਹਥ ਜੋੜਕੇ ਮਹਾਰਾਜ ਜੋ ਗਲਾਂ ਦਾਸ ਨੇ ਸ੍ਰੀਮਾਨ ਜੀ ਵਲੋਂ ਆਖੀਆਂ ਹਨ ਉਨਾ ਵਿਚੋਂ ਆਪਣੀ ਮਰਜੀ ਦੇ ਵਿਰੁਧ ਤਾਂ ਨਹੀਂ ਸਾਂ ?

ਮਹਾਰਾਜ—ਹੇ ਘੁੰਡਕਢੇ ਨੌਏ ਸੂਰਮੇ ! ਤੂੰ ਪ੍ਰਦੇਸੀ ਅਰ ਬਿਗਾਨਾ ਹੋ ਕੇ ਸਾਡੀ ਵਲੋਂ ਦੋ ਜੋ ਗਲਾਂ ਆਖੀਆਂ ਹਨ ਕਿ ਜੋ ਸਾਡਾ ਸੇਵਕ ਭੀ ਨਾ ਕਰ ਸਕਦਾਂ। ਪਰ ਲੜਾਈ ਦੇ ਆਖ ਦੇਣ ਵਿਚ ਬੜਾ ਕਾਹਲੀ ਕੀਤੀ ਗਈ ਹੈ।

ਘੁੰਡ ਵਾਲਾ—ਮਹਾਰਾਜ। ਕੀ ਦਰਬਾਰ ਦੀ ਹਤਕ ਕਰਾਉਨੀ ਆਪਨੂੰ ਮਨਜ਼ੂਰ ਸੀ ? ਆਪ ਨਹੀਂ ਦੇਖਦੇ ਸੀ ਕਿ ਉਹ ਮੰਦ ਭਾਗੀ ਆਪਨੇ ਦਰਬਾਰ ਦੀ ਵਲੋਂ ਕਿਸ ਤਰਾਂ ਦਾ ਦਬਾਓ ਪਾ ਰਿਹਾ ਸੀ ਜੇਕਰ ਅਜੇਹੇ ਵੇਲੇ ਅਸੀਂ ਦਬ ਜਾਂਦੇ ਤਾਂ ਉਹ ਅਬਦਾਂ

ਅਰਜਨ ਸਿੰਘ ਹੋਰ ਭੀ ਸਿਰੇ ਚੜ੍ਹਦਾ। ਆਪ ਸੋਚ ਕਰ ਸਕਦੇ ਹੋ ਕਿ ਇਹ ਗਲ ਆਪਨੂੰ ਚੰਗੀ ਲਗੀ ਹੋਵੇਗੀ (ਮਹਾਰਾਜ ਦੇ ਕੋਲ ਜਾਕੇ) ਮਹਾਰਾਜ ਮੈਂ ਕੋਈ ਪ੍ਰਦੇਸੀ ਅਰ ਬਿਗਾਨਾ ਨਹੀਂ ਘੁੰਡ ਚੁਕ ਕੇ) ਲੌ ਦੇਖੋ। ਪਛਾਨ ਲਵੋ। ਦਾ ' ਆਪਦਾ ਸੇਵਕ ਹਾਂ ਯਾਂ ਨਹੀਂ।

ਇਹ ਆਖਕੇ ਘੁੰਡ ਵਾਲੇ ਨੇ ਜਦ ਘੁੰਡ ਚੁਕਕੇ ਆਪਨਾ ਚਿਹਰਾ ਵਿਖਾਯਾ ਅਰ ਮਹਾਰਾਜਨੇ ਪਛਾਨ ਜਾ (ਪਰ ਇਸ ਤ੍ਰਾਂ ਘੁੰਡ ਚੁਕਿਆ ਕਿ ਹੋਰ ਕਿਸੇ ਨੇ ਭੀ ਮਹਾਰਾਜ ਤੋਂ ਬਿਨਾਂ ਨਾ ਇਸਨੂੰ ਦੇਖਯਾ)

ਮਹਾਰਾਜ—ਓਹੋ! ਤੁਸੀਂ ਹੋ! ਸਾਨੂੰ ਕੀ ਪਤਾ! ਅਤੇ ਪਤਾ ਭੀ ਕਿਸਤਰਾਂ ਹੁੰਦਾ ਤੁਸੀਂ ਤਾਂ ਕਿੰਨੇ ਚਿਰ ਤੋਂ ਇਥੇ ਹੀ ਨਹੀਂ ਸੀ।

ਘੁੰਡਵਾਲਾ—(ਠੀਕ ਹੈ, ਪਿਛਾਹ ਤਕਕੇ। ਹਨਾ ਤਾਂ ਮਹਾਰਾਜ ਮੈਨੂੰ ਆਗਯਾ ਬਖਸ਼ੋ। ਓਹ ਦੇਖੋ। ਬਾਹਰ ਦਾਲਾਨ ਵਿਚ ਅਰਜਨ ਸਿੰਘ ਮੇਰੀ ਉਡੀਕ ਵਿਚ ਤਾਂਘ ਰਿਹਾ ਹੈ ਮੈਂ ਉਸ ਨਾਲ ਦੋ ਹਥ ਕਰਨ ਦਾ ਆਪਦੇ ਸਾਮਨੇ ਹੀ ਬਚਨ ਦੇ ਚੁਕਾ ਹਾਂ।

ਮਹਾਰਾਜ—ਹਛਾ! ਜਾਂਓ ਈਸ਼੍ਵਰ ਤੇਰੀ ਸਹਾਇਤਾ ਕਰੇ।

ਮਹਾਰਾਜ ਨੂੰ ਪ੍ਰਨਾਮ ਕਰਕੇ ਇਧਰ ਘੁਡ ਵਾਲਾ ਬਾਹਰ ਆਯਾ ਅਰ ਲੜਾਈ ਦਾ ਤਮਾਸ਼ਾ ਦੇਖਨ ਲਈ

ਹੋਰ ਭੀ ਬਹੁਤ ਸਾਰੇ ਲੋਕ ਬਾਹਰ ਦਲਾਨ ਵਿਚ ਚਲੇ ਆਏ।

ਘੁੜ ਵਾਲ:—ਅਰਜਨ ਸਿੰਘ ਕੀ ਤੂੰ ਇਹੋ ਦਾਲਾਨ ਦੇ ਹਥ ਦੇਖਣ ਲਈ ਚੰਗਾ ਸੋਚਿਆ ਹੈ। ਹਛਾ ਤਾਂ ਆਓ ਸਾਮਨੇ ਹੁਣ ਕਿਉਂ ਚਿਰ ਲਾਉਂਦੇ ਹੋ ਇਤਨਾ ਕਹਿੰਦੇ ਹੀ ਦੋਹੀ ਪਾਸਿਓਂ ਚਮਕਦੀਆਂ ਹੋਈਤਲਵਾਰਾਂ ਨਿਕਲ ਆਈਆਂ ਅਰ ਸਨ! ਸਨ! ਸਨ ਬਿਜਲੀ ਵਾਂਗੂ ਲਿਸ਼ਕਦੀਆਂ ਹੋਈਆਂ ਇਧਰ ਉਧਰ ਹੇਠਾਂ ਉਪਰ ਚਲਨ ਲਗੀ। ਦੋਵੇਂ ਸੂਰਮੇ ਤਲਵਾਰ ਦੇ ਪੂਰੇ ਪੂਰੇ ਧਨੀ ਸਨ ਦੋਵੇਂ ਜੁਵਾਨ ਬਿਜਲੀ ਵਾਂਗੂ ਇਧਰ ਉਧਰ ਅਜਿਹੀ ਫੁਰਤੀਨਾਲ ਪੈਂਤੜੇ ਬਦਲਦੇ ਸਨ ਕਿ ਦੂਰੋਂ ਕੋਈ ਨਹੀ ਸੀ ਪਛਾਨਦਾ ਕਿ ਘੁੜ ਵਾਲਾ ਕਿਧਰ ਅਰ ਅਰਜਨ ਸਿੰਘ ਕਿਧਰ ਹੈ। ਪਰ ਥੋੜੇ ਹੀ ਚਿਰ ਵਿਚ ਇਕ ਧਮਾਕਾ ਹੋਯਾ ਅਰ ਨਾਲ ਹੀ ਹਾਇ ਹਾਇ ਦੀਆਂ ਅਵਾਜਾਂ ਆਉਣ ਲਗੀਆਂ। ਤਦ ਸਾਰੇ ਲੋਕ ਤਮਾਸ਼ਾ ਦੇਖਣ ਵਾਲੇ ਨੇੜੇ ਆਏ ਤਾਂ ਮਲੂਮ ਹੋਯਾ ਕਿ ਅਰਜਨ ਸਿੰਘ ਘਾਇਲ ਹੋਕੇ ਲਹੂ ਵਿਚ ਲਿਬੜ ਹੋਯਾ ਜਿਮੀ ਤੇ ਡਿਗ ਪਿਆ ਤੜਫਦਾ ਹੈ ਅਰ ਪਾਸ ਹੀ ਘੁੜ ਵਾਲਾ ਸੂਰਮਾ ਅਪਨੀ ਤਲਵਾਰ ਨੂੰ ਪਟਕੇ ਨਾਲ ਸਾਫ ਕਰਕੇ ਮਿਆਨ ਵਿਚ ਪਾ ਰਿਹਾ ਸੀ ਕਿ ਅਰਜਨ ਸਿੰਘ ਇਹ ਪਹਿਲਾਂ ਹੀ ਤੇਰੇ ਨਾਲ ਬਦ

ਸ਼ਗਨੀ ਹੋਈ ਹੈ ਜੇਕਰ ਅਪਨੇ ਦਰਬਾਰ ਦਾ ਭਲਾ ਚਾਹੁੰਦੇ ਹੋ ਤਾਂ ਅਪਨੇ ਬਲਭਦ੍ਰ ਨੂੰ ਸਮਝਾ ਰਖੋਂ ਨਹੀਂ ਤਾਂ ਏਸ ਲੜਾਈ ਵਿਚ ਉਨਾਂ ਦੀ ਸੁਖ ਨਹੀਂ।

ਇਹ ਕਹਿਕੇ ਘੁੰਡ ਵਾਲਾ ਇਕ ਪਾਸੇ ਨੂੰ ਚਲਾ ਗਿਆ ਅਰ ਸਾਰੇ ਦਰਬਾਰੀ ਉਸ ਵਲ ਹੈਰਾਨੀ ਨਾਲ ਦੇਖਦੇ ਰਹੇ ਦੇਖਦੇ ਦੇਖਦੇ ਉਹ ਅਖੀਆਂ ਤੋਂ ਓਹਲੇ ਹੋ ਗਿਆ ਅਰ ਬੜੇ ਢੂੰਢਨ ਤੇ ਭੀ ਨਾ ਮਿਲਿਆ। ਇਧਰ ਅਰਜਨ ਸਿੰਘ ਦੇ ਅਸਵਾਰਾਂ ਨੇ ਅਰਜਨ ਸਿੰਘ ਦੇ ਘਾਵਾਂ ਤੇ ਪਟੀ ਬੰਨਕੇ ਉਸ ਨੂੰ ਘੋੜੇ ਤੇ ਚੜਾਯਾ ਅਰ ਹੌਲੀ ਹੌਲੀ ਪਕੜ ਕੇ ਸਭ ਬਿਜੈ ਗੜ੍ਹ ਵਲ ਚਲੇ ਅਜ ਤੋਂ ਇਕ ਭਯਾਨਕ ਸ਼ਤ੍ਰਤਾਈ ਦੀ ਅਗਨੀ ਦੋਹਾਂ ਰਾਜਧਾਨੀਆਂ ਵਿਚ ਪੈ ਗਈ ਜਿਸ ਦਾ ਫਲ ਇਕ ਪਾਸੇ ਦੀ ਰਾਜਧਾਨੀ ਦੇ ਉਜੜ ਅਰ ਨਾਸ ਹੋ ਜਾਨ ਤੋਂ ਬਿਨਾਂ ਹੋਰ ਕੁਝ ਹੋ ਹੀ ਨਹੀਂ ਸਕਦਾ ਸੀ।

—o—

ਦਸਵਾਂ ਅੰਕ

"ਜੇ ਕਰ ਨਾ ਮੰਨਨ ਤਾਂ ਫੇਰ?"

ਸਾਡੇ ਵਿਚ ਤਾਂ ਸ਼ਕਤੀ ਨਹੀਂ ਕਿ ਉਸ ਹੈਰਾਨਗੀ ਦਾ ਖਾਕਾ ਖਿਚੀਏ ਜੋ ਸਲੀਮ ਨੂੰ ਦੇਖ ਕੇ ਉਸ ਬਨਾਉ ਟੀ ਬਬਰ ਅਬਦ ਅਸਲੀ ਸ਼ਹਿਜ਼ਾਦਾ ਜਮਸ਼ੇਦ ਨੂੰ

ਹੋਈ ਜਮਸ਼ੈਦ ਅਥਵਾ ਬਬਰ ਚਿਰ ਤਕ ਇਸ ਦਸ਼ਾ ਨੂੰ ਮਨੋਹਰ ਸੁਪਨੇ ਸਮਾਨ ਸਮਝਦਾ ਰਿਹਾ ਪਰ ਜਦ ਉਸਨੇ ਸਲੀਮ ਨੂੰ ਵਧਾਈਆਂ ਅਰ ਅਪਨੀ ਥਾਂ ਤੋਂ ਖਿਸਕਦੇ ਦੇਖਦਾ ਤਾਂ ਉਸਦੀ ਹੋਰ ਹੀ ਦਸ਼ਾ ਹੋ ਗਈ ਅਰ ਉਸਨੂੰ ਮਲੂਮ ਹੋਯਾ ਕਿ ਇਹ ਸਭ ਗਲਾਂ ਅਸਲੀ ਹਨ ਕੋਈ ਠੱਠਾ ਨਹੀਂ।

ਸਲੀਮ ਬਹੁਤਾ ਚਿਰ ਸਾਮ੍ਹਨੇ ਖੜੋਤਾ ਰਿਹਾ ਅੰਤ ਨੂੰ ਜਮਸ਼ੈਦ ਤੋਂ ਨਾ ਰਿਹਾ ਗਿਆ ਅਰ ਉਹ ਬੋਲਿਆ:-

ਜਮਸ਼ੈਦ- ਸਲੀਮ ਹੁਣ ਇਹ ਚਾਲ ਤੇਰੀ ਕਿਸ ਨੀਯਤ ਤੇ ਹੈ?

ਸਲੀਮ-ਆਪ ਸਾਡੇ ਸ਼ਹਿਜ਼ਾਦੇ ਹੋ ਅਰ ਮੈਂ ਆਪ ਦਾ ਵਜ਼ੀਰਜ਼ਾਦਾ- ਜਿਸ ਤਰਾਂ ਪਾਤਸ਼ਾਹਾਂ ਅਰ ਵਜ਼ੀਰਾਂ ਵਿਚ ਵਰਤਾਉ ਚਾਹੀਏ ਉਹ ਮੈਂ ਭੀ ਵਰਤਨ ਨੂੰ ਤਿਆਰ ਹਾਂ। ਪਰ ਆਪ ਨੂੰ ਭੀ ਧਿਆਨ ਰਖਣਾ ਚਾਹੀਏ ਕਿ ਮੈਂ ਕਿਸ ਦਸ਼ਾ ਵਿਚ ਅਰ ਕਿਥੇ ਹਾਂ?

ਜਮਸ਼ੈਦ-ਹਛਾ! ਇਹ ਤਾਂ ਮੈਂ ਮੰਨ ਲਿਆ ਪਰ ਜਦੋਂ ਸਾਡੀ ਅਰ ਤੇਰੀ ਦਿਲੋਂ ਘ੍ਰਿਣਾ ਅਰ ਵੈਰ ਸੀ ਤਾਂ ਤੂੰ ਸਾਨੂੰ ਇਸ ਥਾਂ ਕਿਉਂ ਲਿਆਯਾ ਹੈਂ?

ਸਲੀਮ- ਕੁਝ ਤਾਂ ਮੈਂ ਪਹਿਲੀ ਗਲ ਵਿਚ ਹੀ ਜੋ ਅਜੇ ਥੋੜਾ ਚਿਰ ਹੀ ਹੋਯਾ ਹੈ ਦਸ ਚੁਕਾ ਹਾਂ ਅਰ ਜੋ ਕੁਝ ਬਾਕੀ ਕਾਰਨ ਹੈ ਆਪ ਇਸੇ ਗਦੀ ਪੁਰ ਬਿਰਾਜੋ

ਤਾਂ ਮੈਂ ਸਾਰੀ ਗਲ ਮੁਕਾ ਦੇਵਾਂ ਅਰ ਆਪਦੇ ਉਸ ਹੁਕਮ ਦਾ ਭੀ ਉਤਰ ਦੇ ਦੇਵਾਂ ਜਿਸ ਨੂੰ ਸੁਣ ਕੇ ਮੈਂ ਕਿਹਾ ਸੀ ਕਿ ਫਰ ਕਹਾਂਗ।

ਇਹ ਸੁਨ ਕੇ ਸ਼ਾਹਜ਼ਾਦਾ ਜਮਸ਼ੈਦ ਅਤਿ ਹਲੀਮੀ ਨਾਲ ਪੁਤਲੀ ਦੇ ਪਾਸੋਂ ਹਟਕੇ ਗਦੀ ਪੁਰ ਆ ਬੈਠਾ ਅਰ ਪੁਛਨ ਲਗਾ ਕਿ ਹਾਂ ਕਹੋ ਕੀ ਆਖਦੇ ਹੋ ?

ਸਲੀਮ- ਪਿਆਰੇ ਸ਼ਾਹਜ਼ਾਦੇ ! ਜਿਥੋਂ ਤਕ ਮੇਰੀ ਅਰ ਆਪਦੀ ਬਾਤ ਚੀਤ ਹੋਈ ਹੈ ਉਸ ਤੋਂ ਆਪ ਨੂੰ ਮਲੂਮ ਹੋ ਗਿਆ ਹੋਵੇਗਾ ਕਿ ਮੈਂ ਕੁਝ ਕੁਝ ਆਪਦੇ ਸਾਰੇ ਭੇਤਾਂ ਦਾ ਭੇਤੀ ਅਰ ਚੰਗੀ ਤਰਾਂ ਜਾਨੂ ਹਾਂ ਅਰ ਆਪ ਨੂੰ ਮੇਰੇ ਉਨਾਂ ਕਰਤਬਾਂ ਤੋਂ ਬਿਨਾਂ ਕਿ ਇਹ ਕੌਨ ਹੈ ਕੁਝ ਨਹੀਂ ਜਾਨ ਦੇ ਅਰ ਨਾ ਆਪ ਨੂੰ ਅਜੇ ਤਕ ਇਹ ਪਤਾ ਹੀ ਹੈ ਕਿ ਆਪ ਇਥੇ ਕਿਸ ਲਈ ਲਿਆਯਾ ਹਾਂ ਲੌ ਹੁਨ ਸੁਨੋਂ ਕਿ ਮੈਂ ਆਪ ਨੂੰ ਇਸ ਜਗਾਂ ਕਿਉਂ ਲਿਆਯਾ ਹਾਂ ਅਰ ਓਹ ਇਕ ਇਨਾਮ ਜੋ ਆਪ ਦਾ ਕੰਮ ਪੂਰਾ ਕਰ ਦੇਨੇ ਪੁਰ ਮੈਂ ਅਪਨੇ ਖਤ ਵਿਚ ਮੰਗਯਾ ਸੀ ਉਹ ਦੇਵੇਂ ? ਇਕ ਹੀ ਹਨ ਕੇਵਲ ਇਕ ਹੀ ਗਲ ਅਜਹੀ ਹੈ ਜਿਸ ਦੇ ਖੁਲ ਜਾਨੇ ਪੁਰ ਆਪ ਦੋਹਾਂ ਗਲਾਂ ਦਾ ਕਾਰਨ ਚੰਗੀ ਤਰਾਂ ਸਮਝ ਜਾਓਗੇ।

ਸ਼ਹਿਜ਼ਾਦਾ— ਹਾਂ ਹਾਂ ਕਹੋ ਮੈਂ ਤੇਰਾ ਮਤਲਬ ਸਮਝ ਗਿਆ।

ਸਲੀਮ-- ਹਛਾ ਤਾਂ ਮੈਂ ਚਾਹੁੰਦਾ ਹਾਂ ਕਿ ਆਪ ਇਕ ਖਤ ਇਥੋਂ ਅਪਨੇ ਪਿਤਾ ਨਵਾਬ ਦੇ ਨਾਮ ਲਿਖੋ ਜਿਸਤੋਂ ਮੇਰਾ ......(ਰੁਕ ਗਿਆ,

ਸ਼ਹਿਜ਼ਾਦਾ--ਹਾਂ ਹਾਂ ਅਗੇ ਕਹੋ ਮੇਰਾ?

ਸਲੀਮ--ਜਿਸ ਵਿਚ ਕਿ ਮੇਰਾ ਬੁਢਾ ਪਿਤਾ ਜੋ ਬੇਅਰਥ ਕੈਦ ਦੀਆਂ ਸਖਤੀਆਂ ਵਿਚ ਦੁਖ ਝਲ ਰਿਹਾ ਹੈ, ਛਡ ਦਿਤਾ ਜਾਵੇ ਅਰ ਉਸਦਾ ਦੋਸ਼ ਬਖਸ਼ ਕੇ ਫੇਰ ਉਸ ਨੂੰ ਅਪਨੇ ਉਹਦੇ ਪਰ ਵਜੀਰ ਬਨਾਯਾ ਜਾਵੇ।

ਸ਼ਹਿਜ਼ਾਦਾ--ਹੋਰ ਕੀ ?

ਸਲੀਮ--ਹੋਰ ਸਲੀਮ ਦਾ ਦੋਸ਼ ਬਖ਼ਸ਼ ਦੇਨ ਦਾ ਇਸ਼ਤਿਹਾਰ ਦਿਤਾ ਜਾਵੇ ਜਿਸ ਵਿਚ ਉਹ ਫੇਰ ਆਪਨੇ ਦੇਸ਼ ਅਰ ਆਪਨੇ ਪਿਤਾ ਦੇ ਚਰਨਾਂ ਵਿਚ ਜਾਕੇ ਦਰਸ਼ਨ ਕਰ ਸਕੇ।

ਸ਼ਹਿਜ਼ਾਦਾ- (ਘ੍ਰਿਣਤਾ ਨਾਲ) ਛਿ ! ਕਿਹੇ ਗੰਦੇ ਖਿਆਲ ਹਨ! ਸਲੀਮ ਤੂੰ ਆਸ਼ਾ ਕਿਸ ਗਲ ਤੇ ਕਰਦਾ ਹੈ ? ਕਦੀ ਹੋ ਸਕਦਾ ਹੈ ਕਿ ਨਵਾਬ ਸਾਹਿਬ ਇਹ ਗਲ ਮੰਨਨ ?

ਸਲੀਮ-ਕਿਉਂ ਨਹੀਂ ਰਾਜ਼ੀ ਹੋਨਗੇ ! ਜ਼ਰੂਰ ਰਾਜ਼ੀ ਹੋਨਗੇ ! ਜਿਸ ਵੇਲੇ ਉਨ੍ਹਾਂਨੂੰ ਇਹ ਲਿਖਯਾ ਜਾਵੇਗਾ

ਕਿ ਉਨ੍ਹਾ ਦੇ ਪਿਆਰੇ ਅਖੀਆਂ ਦੇ ਤਾਰੇ ਰਾਜਗਦੀ ਦੇ ਮਾਲਕ "ਜਮਸ਼ੈਦ ਸ਼ਾਹਜ਼ਾਦਾ" ਦੇ ਛੁਟਕਾਰਾ ਕੇਵਲ ਉਨ੍ਹਾਂ ਦੀ ਹੀ ਇਕ ਗਲ "ਹਾਂ" ਕਰਨ ਤੇ ਹੋਵੇਗਾ ਤਾਂ ਤੁਸੀ ਆਪਹੀ ਦਸੋ ਕਿ ਉਹ ਕਦ ਇਨਕਾਰ ਕਰਨ ਗੇ ?

ਸ਼ਹਿਜ਼ਦਾ—"ਜੇਕਰ ਨਾ ਮੰਨਨ ਤਾਂ ਫੇਰ ?

ਸਲੀਮ—ਫੇਰ ਆਪ ਭੀ ਮੇਰੇ ਅਭਾਗੀ ਵਾਂਗੂ ਜਿਸ ਤਰਾਂ ਅਸੀ ਆਪਣੇ ਪਿਤਾ ਅਰ ਮਾਤਾ ਦੇ ਵਿਛੋੜੇ ਵਿਚ ਕਲੇਜੇ ਦਾ ਲਹੂ ਪੀਂਦੇ ਹਾਂ ਓਸੇ ਤਰਾਂ ਜ਼ਰੂਰ ਆਪਨੂੰ ਭੀ ਪੀਣਾ ਪਵੇਗਾ।

ਇਹ ਸੁਣਕੇ ਸ਼ਾਹਜ਼ਾਦੇ ਨੇ ਠੰਢਾ ਹਾਉਕਾ ਭਰਯਾ ਅਰ ਬਹੁਤ ਚਿਰ ਤਕ ਸਿਰ ਨੀਵਾਂ ਸਿਟੇ ਆਪਨੇ ਮੰਦੇ ਭਾਗਾਂ ਪੁਰ ਮਨਹੀ ਮਨ ਵਿਚ ਕਰਦਾ ਰਿਹਾ।

ਸਲੀਮ--ਆਪ ਵਿਅਰਥ ਚਿੰਤਾ ਕਰਦੇ ਹੋ। ਸਾਂਡੀਆਂ ਗਲਾਂ ਕੁਝ ਅਜੇਹੀਆਂ ਨਹੀਂ ਹਨ ਜੋ ਆਪ ਨੂੰ ਇਸ ਜਾਲ ਤੋਂ ਛੁਟਕਾਰਾ ਨਾ ਦੇ ਸਕਨ। ਆਪ ਇਕ ਖਤ ਲਿਖੋ ਅਰ ਉਸ ਓਸੇ ਵਿਚ ਆਪਨੇ ਪਿਤਾ ਨੂੰ ਸਾਫ ਸਾਫ ਲਿਖੋ ਕਿ ਸਲੀਮ ਨੇ ਮੈਨੂੰ ਪਕੜ ਰਖਯਾ ਹੈ ਜੇਕਰ ਉਸਨੂੰ ਅਰ ਉਸਦੇ ਪਿਤਾ ਨੂੰ ਆਪ ਮਾਫੀ ਦਾ ਪਰਵਾਨਾ ਲਿਖ ਭੇਜੋ ਤਾਂ ਉਹ ਮੈਨੂੰ ਛਡੇਗਾ ਨਹੀ ਤਾਂ ਇਕ ਅਠਵਾਰੇ ਤਕ ਜੇਕਰ ਇਸ

ਤੁਰਨਾ ਨਾ ਹੋਯਾ ਤਾਂ ਮੈਨੂੰ ਮਾਰ ਦੇਵੇਗਾ । ਬਸ ਤੁਸੀਂ ਇਤਨਾਹੀ ਲਿਖੋ ਅਰ ਵੇਖੋ ਕਿ ਉਹ ਕਿਸਤਰਾਂ ਨਹੀਂ ਮਾਫੀ ਦਾ ਪਰਵਾਨਾ ਲਿਖਦੇ।

ਜਮਸ਼ੈਦ—(ਧੀਮੀ ਆਵਾਜ਼ ਨਾਲ) ਸਲੀਮ ਇਹ ਕਦੀ ਹੋਨ ਹੋਨ ਵੀ ਆਸ਼ਾ ਨਾ ਰਖ ਤੂੰ ਜੋ ਸਵਮਾਨਵਾਬ ਦੇ ਦਿਲ ਨੂੰ ਪਹੁੰਚਾਯਾ ਹੈ ਉਸਦਾ ਤਾਂ ਕਦੀ ਪੂਰੀ ਪੈਂਦੀ ਨਹੀਂ ਮਾਲੂਮ ਹੁੰਦੀ ਅਰ ਸਲੀਮ ਤੇਰੇ ਇਸੇ ਦੁਸ਼ਟਪਨੇ ਨੇ ਤੈਨੂੰ ਅਰ ਤੇਰੇ ਪਿਤਾ ਨੂੰ ਇਸ ਹਾਲ ਤਕ ਪਹੁੰਚਾਯਾ ਹੁਨ ਇਹ ਦੂਜੀ ਬਲਾ ਕਿਉਂ ਆਪਨੇ ਸਿਰ ਪੁਰ ਖੜੀ ਕਰਦੇ ਹੋ।

ਸਲੀਮ—ਕਿਹੀ ਬਲਾ ਕਿਹੀ

ਜਮਸ਼ੈਦ- ਸਲੀਮ ਇਹੋ ਕਿ ਜੇ ਕਰ ਮੈਂ ਖਤ ਨਾ ਲਿਖਾਂ ਤਾਂ ਤੂੰ ਮੈਨੂੰ ਕੈਦ ਕਰ ਲਵੇਂਗੇ। ਜੇ ਕਰ ਮੈਂ ਕੈਦ ਵਿਚ ਕਿਸੇ ਤਰਾਂ ਆਪਨੇ ਪਿਤਾ ਨੂੰ ਖਵਰ ਕਰ ਦਿਤੀ ਤਾਂ ਤੂੰ ਹੀ ਸਮਝ ਕਿ ਤੇਰੀ ਅਰ ਤੇਰੇ ਪਿਤਾ ਦੀ ਕੀ ਦੁਰਦਸ਼ਾ ਹੋਵੇਗੀ?

ਸਲੀਮ- ਆਪ ਇਹ ਆਸ਼ਾ ਦਿਲੋਂ ਦੂਰ ਕਰ ਛਡੋ ਆਪ ਇਸ ਤਰਾਂ ਭੀ ਅਪਨੇ ਪਿਤਾ ਨੂੰ ਖਤ ਯਾ ਖਵਰ ਨਹੀਂ ਭੇਜ ਸਕਦੇ ਕਿਉਂ ਕਿ ਨਾ ਤਾਂ ਆਪ ਦੇ ਪਾਸ ਕੋਈ ਅਜੇਹੀ ਏਥੇ ਫੌਜ ਹੈ ਜੋ ਆਪ ਦੇ ਛੁਟਨੇ ਦਾ ਮਦਦ ਕਰ ਸਕੇ ਅਰ ਜੇ ਕਰ ਆਪ ਨੂੰ ਅਪਨੇ ਅਜ਼ਾਦ

ਘੁਮੰਡ ਹੋਵੇ ਤਾਂ ਆਪ ਖਾਤਰ ਜਮਾ ਰਖੋ ਕਿ ਉਹ ਭੀ ਦੋਵੇਂ ਪਕੜ ਕੇ ਵਖੋ ਵਖਰੀ ਜਗਾਂ ਤੇ ਕੈਦ ਕੀਤੇ ਗਏ ਹਨ। ਹੁਨ ਦਸੋ ?

ਜਮਸ਼ੈਦ—(ਤਿਊੜੀ ਵਟ ਕੇ) ਕੀ ਕਿਹਾ ? ਅਗਰ ਦੋਵੇਂ ਹੀ ਕੈਦ ਕਰ ਲੀਤੇ ਹਨ। ਤਦ ਤੂੰ ਸਾਡੇ ਸਾਰੇ ਰਾਹ ਬੰਦ ਕਰ ਦਿਤੇ ! ਸਲੀਮ। ਤੇਰੀ ਇਸ ਹਰਾਮਜ਼ਦਗੀ ਦਾ ਸੁਵਾਦ ਅਲਾ ਚਾਹੇ ਤਾਂ ਬਹੁਤ ਛੇਤੀ ਪੂਰੀ ਤਰਾਂ ਦਸਿਆ ਜਾਵਗਾ।

ਸਲੀਮ—ਐਵੇਂ ਕਪੜਿਆਂ ਤੋਂ ਬਾਹਰ ਨਾ ਹੋਵੋ ਅਰ ਨਾ ਐਨਾ ਕ੍ਰੋਧ ਕਰੋ ਸਾਡੀ ਇਕ ਗਲ ਹੋਰ ਭੀ ਤਾਂ ਹੈ। ਜਿਸ ਲਾਲਚ ਕਰਕੇ ਆਪ ਏਥੇ ਆਏ ਅਰ ਜਿਸਦਾ ਹਾਲ ਮੈਂ ਉਸੇ ਹੀ ਖਤ ਵਿਚ ਲਿਖਜਾ ਸੀ।

ਜਮਸ਼ੇਦ—(ਤ੍ਰਿਬਕ ਕੇ) ਹਾਂ ਹਾਂ ਧਿਆਨ ਆਯਾ ਕੀ ਕੁਲਸਮਲਤਾ ਦਾ ਮਿਲਾਉਨਾ ? ਅਰ ਉਸਦਾ ਸ਼ਹਿਰ ਜਿਤਾਉਨਾ ? ਪਰ ਸਲੀਮ ਐਨਾ ਹੋਨ ਤੇ ਭੀ ਨਵਾਬ ਸਾਹਿਬ ਤੈਨੂੰ ਸ਼ਹਿਰ ਵਿਚ ਆਓਨ ਦੀ ਆਗਜਾ ਨਾ ਦੇਨਗ। (ਕੁਝ ਸੋਚਕੇ) ਨਹੀ ਨਹੀ ਇਹ ਕੀ ਜੇਕਰ ਉਨਾਂ ਦੀ ਸਾਰੀ ਰਾਜਧਾਨੀ ਭੀ ਨਾਸ ਹੋ ਜਾਣੇ ਪਰ ਉਹ ਤੈਨੂੰ ਸ਼ਹਿਰ ਵਿਚ ਕਦਾਚਿਤ ਆਉਨ ਦਾ ਹੁਕਮ ਨਾ ਦੇਨਗੇ।

ਇਸ ਗਲ ਦਾ ਸਲੀਮ ਨੂੰ ਬੜਾ ਅਸਰ ਹੋਯਾ

ਉਹ ਹੁਨ ਤਕ ਆਪਨੀਆਂ ਦਲੀਲਾਂ ਨੂੰ ਇਕ ਅਜੇਹਾ ਤ੍ਰਿਕਾਤੀਰ ਸਮਝਿਆ ਹੋਯਾ ਸੀ ਕਿ ਜਿਸ ਨਾਲ ਜਮਸ਼ੇਦ ਘਾਇਲ ਹੋ ਜਾਵੇਗਾ ਪਰ ਵਾਰ ਖਾਲੀ ਗਿਆ।

ਹੁਨ ਉਸ ਨੇ ਮਨ ਹੀ ਮਨ ਵਿਚ ਘਬਰਾ ਕੇ ਕਿਹਾ ਕਿ ਓਧਰ ਮੈਂ ਜੋ ਕੁਸਮਲਤਾ ਨੂੰ ਕਈ ਦਿਨਾਂ ਤੋਂ ਕੈਦ ਕਰ ਰਖਯਾ ਸੀ ਅਰ ਖਾਸ ਕਰ ਇਨਾਂ ਹੀ ਆਸਾ ਲਈ ਉਹ ਸਭ ਵਿਅਰਥ ਗਿਆ। ਇਤਨੀ ਬੰਦੋਬਸਤੀ ਜੋ ਵਰਿਆਂ ਤੋਂ ਜਤਨ ਕਰ ਕਰ ਕੇ ਕੀਤੀ ਸੀ ਅਥਵਾ ਸ਼ਹਿਜ਼ਾਦੇ ਦਾ ਸਦਨਾ ਆਦਿਕ ਉਹ ਅਜ ਸਭ ਮਿਟੀ ਵਿਚ ਮਿਲ ਗਈ। ਹੁਨ ਕੀ ਹੋਵੇਗਾ। ਹਛਾ ਭਾਵੇਂ ਕੁਝ ਹੋਵੇ ਕਝ ਦਿਨ ਸ਼ਹਿਜ਼ਾਦੇ ਨੂੰ ਕੈਦ ਦਾ ਸੁਆਦ ਦਸ ਕੇ ਟੋਰਨਾ ਚਾਹੀਏ ਇਹੋ ਪਕੀ ਪਕਾ ਕੇ ਮਨ ਵਿਚ ਠਾਨਕੇ ਉਥੋਂ ਉਠਿਆ।

ਜਮਸ਼ੇਦ (ਸਲੀਮ ਨੂੰ ਉਠਦਿਆਂ ਵੇਖਕੇ) ਤਾਂ ਹੁਨ ਤੁਸੀਂ ਕਿਥੇ ਜਾਂਦੇ ਹੋ ?

ਸਲੀਮ- ਆਪ ਆਰਾਮ ਕਰੋ। ਮੈਂ ਇਕ ਜਰੂਰੀ ਕੰਮ ਦੇ ਲਈ ਜਾਂਦਾ ਹਾਂ ਅਰ ਉਹ ਪੂਰਾ ਕਰਕੇ ਛੇਤੀ ਮੁੜ ਆਵਾਂਗਾ।

ਜਮਸ਼ੇਦ- ਦੇਖੋ ਸਲੀਮ। ਮੈਂ ਫੇਰ ਤੈਨੂੰ ਆਖਦਾ ਹਾਂ ਕਿ ਮੈਨੂੰ ਕੈਦ ਕਰਕੇ ਤੈਨੂੰ ਬਿਨਾਂ ਨੁਕਸਾਨ ਦੇ ਹੋਰ ਕੁਝ ਹਥ ਨਹੀਂ ਆਉਨਾ ਜੇ ਕਰ ਤੂੰ ਇਹ ਸੋਚੇਂ ਕਿ

ਮੈਂ ਕੈਦ ਦੀ ਮੁਸੀਬਤ ਤੋਂ ਤੰਗ ਹੋ ਕੇ ਆਪਣੇ ਪਿਤਾ ਨੂੰ ਖਤ ਲਿਖ ਦਿਆਂ ਗਾ ਤਾਂ ਇਨ ਦਾ ਸੂਰਜ ਜੇ ਕਰ ਪਛਮ ਵਲੋਂ ਭੀ ਚੜ੍ਹੇ ਤਾਂ ਭੀ ਇਹ ਗਲ ਨਹੀਂ ਹੋਵੇਗੀ ਅਰ ਤੂੰ ਸਮਝ ਲਵੇਂ ਕਿ ਮੈਂ ਖਤ ਲਿਖ ਭੀ ਦਿਤਾ ਤਾਂ ਬਿਨਾਂ ਇਸ ਦੇ ਕਿ ਉਸ ਨੂੰ ਪਿਤਾ ਜੀ ਟੁਕੜੇ ਟੁਕੜੇ ਕਰਕੇ ਸਿਟ ਪਾਉਨ ਹੋਰ ਕੋਈ ਲਾਭ ਨਹੀਂ ਹੋਵੇਗਾ।

ਸ਼ਹਿਜ਼ਾਦੇ ਦੀ ਇਸ ਗਲ ਨੂੰ ਸਲੀਮ ਨੇ ਸੁਣ ਲਿਆ ਪਰ ਕੁਝ ਉਤਰ ਕਹੇ ਬਿਨਾਂ ਹੀ ਤੇਜ਼ੀ ਨਾਲ ਬਾਹਰ ਨੂੰ ਚਲਾ ਗਿਆ ਅਰ ਸ਼ਾਹਿਜ਼ਾਦਾ ਜਮਸ਼ੈਦ ਬੜੀ ਬੇਚੈਨੀ ਨਾਲ ਪਛਲੀਆਂ ਗਲਾਂ ਨੂੰ ਸੋਚਨ ਲਗਾ ਅਰ ਸੋਚਦੇ ਸੋਚਦੇ ਬੁਤ ਬਨ ਗਿਆ।

ਸ਼ਹਿਜ਼ਾਦਾ ਚਿੰਤਾਤੁਰ ਹੋਯਾ ਹੋਯਾ ਹਵਾ ਦੇ ਘੋੜੇ ਦੌੜਾ ਰਿਹਾ ਸੀ ਅਰ ਅਗਲੀਆਂ ਪਿਛਲੀਆਂ ਗਲਾਂ ਨੂੰ ਸੋਚ ਕੇ ਮਨ ਵਿਚ ਹੀ ਗਿਨਤੀਆਂ ਗਿਨ ਰਿਹਾ ਸੀ ਕਿ ਐਨੇ ਵਿਚ ਇਕ ਬੜੀ ਹੀ ਮਿੱਠੀ ਆਵਾਜ਼ ਇਸ ਕੋਠੜੀ ਦੇ ਖਬੇ ਪਾਸੇ ਦੀ ਨੁਕਰ ਵਿਚੋਂ ਆ ਈ ਕਿ:-

"ਜਮਸ਼ੈਦ! ਜਮਸ਼ੈਦ!"

ਜਮਸ਼ੈਦ ਇਹ ਆਵਾਜ਼ ਸੁਨਦਿਆਂ ਹੀ ਸਹਿਮ ਗਿਆ ਅਰ ਮਨ ਵਿਚ ਸੋਚਯਾ ਕਿ ਇਹ ਆਵਾਜ਼ ਕਿਸ ਦੀ ਹੈ ਅਥਵਾ ਉਹ ਨੀਚ ਸਲੀਮ ਤਾਂ ਦੂਨੇ ਜੰਦਰਾ ਮਾਰਕੇ ਬਾਹਰ ਚਲਾ ਗਿਆ ਹੈ ਅਰ ਪੁਤਲੀ

ਹੋਰ ਬ ਬਿਨਾਂ ਵਾਰਤਾ ਤੋਂ ਕਹਿਣਾ ਹੀ ਨਹੀਂ ਜਾਨ ਦੀ ਹੈ ਭਲਾ ਜਮਸ਼ੈਦ ਦੀ ਦਸ਼ਾ ਨਾਲ ਉਸ ਨੂੰ ਕੀ ਵਾਸਤਾ ! ਫੇਰ ਇਹ ਕੌਣ ਹੈ? ਅਰ ਕਿਥੋਂ ਬੋਲ ਰਿਹਾ ਹੈ ਕਿ ਐਂਨੇ ਵਿਚ ਫੇਰ ਅਵਾਜ ਆਈ " ਜਮਸ਼ੈਦ ! ਮੈਂ ਇਕ ਸ਼ਕਤੀ ਹਾਂ ਕੀ ਮੈਂ ਤੇਰਾ ਕੋਈ ਕੰਮ ਕਰ ਸਕਦੀ ਹਾਂ ?

ਸ਼ਕਤੀ ! ਕੇਹੀ ਸ਼ਕਤੀ ! ਇਹ ਕੌਣ ਹੈ? ਇਹ ਸੋਚ ਹੀ ਰਿਹਾ ਸੀ ਕਿ ਜਮਸ਼ੈਦ ਦੇ ਸਾਮਣੇ ਬਹੁਤ ਸਾਰੀਆਂ ਰੰਗੀਨ ਮੂਰਤਾਂ ਪਰ ਭਿਆਨਕ ਭੂਤਾਂ ਦੀਆਂ ਸ਼ਕਲਾਂ ਹਵਾ ਵਿਚ ਘੁੰਮਨ ਲਗੀਆਂ ਜਿਸ ਨੂੰ ਦੇਖਕੇ ਜਮਸ਼ੈਦ ਸਹਿਮ ਕੇ ਗਦੀ ਪੁਰ ਮੂੰਹ ਪਰਨੇ ਲੇਟ ਗਿਆ।

—:o:—

ਬਾਰਵਾਂ ਅੰਕ

"ਸ਼ਾਬਾਸ਼ ! ਸ਼ੇਰ ਕਿਆ ਕਹਿਨਾ"

ਇਸ ਵਿਚ ਕੋਈ ਝੂਠ ਨਹੀਂ ਕਿ ਜੇ ਕਰ ਸ਼ਾਮ ਲਾਲ ਸੰਭਾਲ ਨਾ ਲੈਂਦਾ ਤਾਂ ਪਤਾ ਨਹੀਂ ਕਿ ਰਾਜ-ਕੁਮਾਰ ਨੂੰ ਕਿਤਨੀ ਕੁ ਸੱਟ ਲਗਦੀ। ਸ਼ਾਮ ਲਾਲ ਆਪ ਤਾਂ ਕੰਧ ਨਾਲ ਲੱਗ ਕੇ ਖੜੋਤਾ ਹੋਯਾ ਸੀ ਅਰ ਰਾਜਕੁਮਾਰ ਨੂੰ ਆਪਨੇ ਦੋਹਾਂ ਹਥਾਂ ਨਾਲ ਸੰਭਾਲ ਕੇ

ਖਮਜ਼ਾ ਹੋਯਾ ਸੀ ਪਲ ਕੁ ਮਗਰੋਂ ਜਦ ਰਾਜਕੁਮਾਰ ਨੂੰ ਰਤਾ ਸੁਰਤ ਆਈ ਤਾਂ ਉਨ੍ਹਾਂ ਨੇ ਘਬਰਾ ਕੇ ਸ਼ਾਮ ਲਾਲ ਨੂੰ ਪੁਛਿਆ ਕੀ ਹੁਣ ਪਿਆਰੇ ਭੀਮ ਨੂੰ ਮੁਰਦਾ ਹੀ ਸਮਝੀਏ।

ਸ਼ਾਮ ਨੇ ਕੁਝ ਉਤਰ ਦੇਣ ਲਈ ਅਜੇ ਮੂੰਹ ਅੱਡਿਆ ਹੀ ਸੀ ਕਿ ਕੋਠੜੀ ਦੇ ਅੰਦਰੋਂ ਖੜ ਖੜ ਦੀ ਆਵਾਜ਼ ਆਈ ਜਿਸ ਨੂੰ ਇਹ ਦੋਵੇਂ ਕੰਨ ਲਗਾ ਕੇ ਸੁਨਣ ਲਗੇ ਪਰ ਇਸ ਦੇ ਉਪ੍ਰੰਤ ਕੋਈ ਆਵਾਜ਼ ਨਾ ਆਈ ਇਹ ਦੋਵੇਂ ਚੁਪ ਕੀਤੇ ਖੜੋਤੇ ਰਹੇ ਕਿ ਫੇਰ ਖੜਾਕ ਹੋਯਾ ਅਰ ਧੜਾਧੜ ਦੋਵੇਂ ਤਾਕ ਖੁਲ ਗਏ।

ਤਾਕਾਂ ਦੇ ਖੁਲਦਿਆਂ ਹੀ ਦੋਹਾਂ ਨੇ ਅੰਦਰ ਝਾਕ ਕੇ ਦੇਖਯਾ ਤਾਂ ਉਥੇ ਇਕ ਹੋਰ ਹੀ ਅਨੋਖੀ ਗਲ ਦੇਖੀ ਕਿ ਭੀਮ ਤਾਂ ਸਾਵਧਾਨ ਜੀਊਂਦੇ ਸਨ ਪਰ ਕੰਮ ਮੁਰਦਿਆਂ ਦਾ ਕਰ ਰਹੇ ਸਨ। ਉਹ ਪੁਤਲਾ ਠੀਕ ਜਿਸ ਤਰਾਂ ਖਲੋਤਾ ਬਣਾ ਸੀ ਹੁਣ ਭੀ ਉਸੇ ਤਰਾਂ ਕੁਰਸੀ ਪੁਰ ਬੈਠਾ ਹੋਯਾ ਹੈ ਅਰ ਭੀਮ ਉਸ ਦੇ ਸਿਰ ਦੀ ਕੁਰਸੀ ਬਣਾਏ ਝਟਕੇ ਬਣੇ ਹਨ।

ਰਾਜਕੁਮਾਰ- ਭੀਮ! ਇਹ ਕੀ ਹੋਯਾ?

ਭੀਮ- ਜਦ ਆਪ ਲੋਕਾਂ ਨੇ ਮੈਨੂੰ ਅੰਦਰ ਭੇਜਿਆ ਤਾਂ ਮੇਰੀ ਨਿਗਾਹ ਇਸ ਪੁਤਲੇ ਦੇ ਹਿਲਣ ਵਲ ਸੀ ਅਰ ਆਪਨੇ ਇਹ ਤਾਂ ਦੇਖਿਆ ਹੀ ਹੋਵੇਗਾ ਕਿ ਮੇਰੇ

ਕੋਠੜੀ ਵਿਚ ਆਉਂਦਿਆਂ ਹੀ ਸੰਦੂਕ ਖੁਲ ਗਿਆ ਸੀ।

ਤਦ ਇਸ ਪੁਤਲੇ ਨੇ ਨਿਉਂ ਕੇ ਇਸ ਸੰਦੂਕ ਵਿਚੋਂ ਤੀਰ ਲੀਤੇ ਅਰ ਫੇਰ ਉਠ ਖੜੋਤਾ ਮੇਰੀ ਨਿਗਾਹ ਇਸਦੇ ਇਕ ਕਮ ਵਲ ਚੰਗੀ ਤਰਾਂ ਜਮੀ ਹੋਈ ਸੀ। ਮੈਂ ਇਹ ਚੰਗੀ ਤਰਾਂ ਦੇਖ ਲੀਤਾ ਕਿ ਪੁਤਲੇ ਦੇ ਕੁਰਸੀ ਤੋਂ ਪਰੇ ਹੁੰਦਿਆਂ ਹੀ ਇਸ ਬੂਹੇ ਦੇ ਤਾਕ ਬੰਦ ਹੋ ਗਏ ਸਨ ਮੈਨੂੰ ਪਕਾ ਨਿਸਚਾ ਹੋਗਿਆ ਕਿ ਕਾਰੀਗਰਾਂ ਨੇ ਕੋਈ ਅਜਿਹੀ ਕਲਾ ਬਨਾਈ ਹੈ ਕਿ ਕੋਠੜੀ ਵਿਚ ਪੈਰ ਰਖਦਿਆਂ ਹੀ ਪੁਤਲਾ ਤੀਰ ਲੈਕੇ ਖੜੋ ਜਾਂਦਾ ਹੈ ਅਰ ਜਦ ਪੁਤਲਾ ਕੁਰਸੀ ਪੁਰ ਬਿਠਾ ਦਿਤਾ ਜਾਵੇ ਤਾਂ ਕੋਠੜੀ ਦਾ ਬੂਹਾ ਖੁਲ ਸਕਦਾ ਹੈ। ਅਰ ਇਹ ਦੋਵੇਂ ਹੀ ਕੰਮ ਜਦ ਤਕ ਕੋਠੜੀ ਮੇਰੇ ਭਾਰ ਤੋਂ ਹੋਲੀ ਨਾ ਹੁੰਦੀ ਤਦ ਤਕ ਨਹੀਂ ਹੋ ਸਕਦੇ ਸਨ। ਇਸ ਲਈ ਪਹਿਲੇ ਤਾਂ ਮੈਂ ਤੀਰ ਨੂੰ ਖਾਲੀ ਦਿਤਾ ਅਰ ਉਹ ਮੇਰੇ ਉਪਰੋਂ ਹੋਕੇ ਨਿਕਲ ਗਿਆ ਇਸਤੋਂ ਉਪ੍ਰੰਤ ਜਿਉਂ ਹੀ ਪੁਤਲੇ ਨੇ ਦੂਜਾ ਤੀਰ ਚਲਾਯਾ ਝਟ ਮੈਂ ਉਛਾਲਕੇ ਪੁਤਲੇ ਦੇ ਸਿਰ ਪੁਰ ਚੜ੍ਹਗਿਆ ਕਿਉਂ ਜੋ ਇਸਤੋਂ ਬਿਨਾਂ ਹੋਰ ਚੰਗਾ ਉਪਾਉ ਕੋਈ ਨਹੀਂ ਸੀ ਸੁਝਦਾ ਜਿਸ ਨਾਲ ਕੋਠੜੀ ਦਾ ਭਾਰ ਹਲਕਾ ਕੀਤਾ ਜਾਂਦਾ। ਨਾਰਾਇਣ ਦੀ ਦਯਾ ਨਾਲ ਜੋ ਕੁਝ ਸੋਚਿਆ ਸੀ। ਉਹੋ ਹੋਯਾ ਅਰ ਮੇਰੇ ਸਿਰ ਤੇ ਚੜ੍ਹਦਿਆਂ ਹੀ ਪੁਤਲਨੇ ਨਿਓ ਕਿ ਤੀਰ

ਸੰਦੂਕ ਵਿਚ ਰਖ ਦਿਤੇ ਸੰਦੂਕ ਦੇ ਤਾਕਵਣ ਜਏ ਅਰ ਪੁਤਲਾ ਫੇਰ ਕੁਰਸੀ ਪੁਰ ਬੈਠ ਗਿਆ ਅਰ ਇਸ ਦੇ ਕੁਰਸੀ ਪੁਰ ਬੈਠਦਿਆਂ ਹੀ ਦਰਵਾਜਾ ਖੁਲ ਗਿਆ ਅਰ ਆਪ ਮੈਨੂੰ ਸਾਮਨੇ ਖਲੋਤੇ ਦਿਸੇ।

ਰਾਜਕੁਮਾਰ—ਹਛਾਂ! ਤਾਂ ਹੁਣ ਅਸਾਨੂੰ ਕੀ ਕਰਨਾ ਚਾਹੀਏ?

ਭੀਮ—ਬਸ ਖੜੇ ਕੇ ਤਮਾਸ਼ਾ ਵੇਖੋ ਮੈ ਹਕੀਮ ਸਾਹਿਬ ਦੀ ਹਿਕਮਤ ਨੂ ਕਿਸ ਤਰ੍ਹਾਂ ਘਲ ਪੀਂਦਾ ਹਾਂ।

ਇਹ ਕਹਿਕੇ ਭੀਮਨੇ ਅਯਾਰੀ ਦੇ ਬੈਲੇ ਵਿਚੋਂ ਇਕ ਹਲਕੀ ਜਿਹੀ ਹਥੌੜੀ ਅਰ ਛੋਟੀ ਜਿਹੀ ਰੇਤੀ ਕਢੀ ਅਰ ਬੈਠੇ ੨ ਪੁਤਲੇ ਦੀ ਵੀਣੀ ਦੇ ਜੋੜ ਪੁਰ ਹਥੌੜੀ ਦੀਆਂ ਇਕ ਦੋ ਸਟਾਂ ਲਗਾਈਆਂ ਅਰ ਰੇਤੀ ਨਾਲ ਰਗੜ ਦਿਤਾ ਤਾਂ ਪੁਤਲੇ ਦੀ ਵੀਣੀ ਕਟਕੇ ਹੇਠਾਂ ਡਿਗ ਪਈ ਅਰ ਪੁਤਲੇ ਦਾ ਉਹ ਹਥ ਲਟਕਦਾ ਗਿਆ ਅਰ ਜਿਸ ਹਥ ਨਾਲ ਕਿ ਉਹ ਤੀਰ ਚਲਾਂਦਾ ਸੀ ਨਿਕੰਮਾ ਹੋ ਗਿਆ।

ਭੀਮ—ਹੁਣ ਮੋਮਬਤੀ ਬੁਝਾਵੋ ਹਥ ਹੈ ਦਰਵਾਜੇ ਦੇ ਬੰਦ ਹੋਣ ਦਾ ਕੋਈ ਹਰਜਾ ਨਹੀਂ ਬੇਧੜਕ ਅੰਦਰ ਆ ਜਾਓ।

ਇਹ ਸੁਣਦਿਆਂ ਹੀ ਰਾਜ ਕੁਮਾਰ ਅਰ ਸ਼ਾਮਲਾਲ ਦੋਵੇਂ ਅੰਦਰ ਆਗਏ ਇਨਾਂ ਦੇ ਅੰਦਰ ਆਉਂਦਿਆਂ ਹੀ

ਉਹੋ ਗਲਾਂ ਹੋਈਆਂ ਜੋ ਅਸੀ ਉਪਰ ਦਸ ਆਏਂ ਹਾਂ ਅਬਦਾ ਸੰਦੂ ਖੁਲਿਆ ਪੁਤਲਾ ਨਿਵਿਆਂ ਪਰ ਹਥ ਕਟੇ ਜਾਣ ਕਰਕੇ ਤੀਰ ਨਾ ਲੈ ਸਕਦਾ। ਖੜੇ ਹੁੰਦਿਆਂ ਹੀ ਦਰਵਾਜਾ ਬੰਦ ਹੋਗਿਆ ਪੁਤਲਾ ਆਪਣੀ ਕਮਾਨ ਤਕ ਹਥ ਲੈਜਾਕੇ ਆਪਣੇ ਹਿਸਾਬ ਨਾਲ ਤੀਰ ਛਡਨ ਲਗਾ ਅਰ ਕਾਰੀਗਰੀ ਇਹ ਸੀ ਕਿ ਜਿਧਰ ਜਿਧਰ ਇਹਲੋਕ ਜਾਂਦੇਸਨ ਉਹਪੁਤਲਾ ਉਧਰ ਹੀਉਧਰ ਘੁੰਮਕੇ ਆਪਣਾ ਵਾਰ ਕਰਦਾ ਜਾਂਦਾ ਸੀ ਅਰ ਇਹ ਸਭ ਉਸਨੂ ਡਰ ਨਾਲ ਨਹੀਂ ਕਿੰਤੂ ਹੈਰਾਨੀ ਨਾਲ ਦੇਖ ਰਹੇ ਸਨ।

ਭੀਮ—ਹੁਣ ਦੂਜੀ ਕੋਠੜੀ ਕਿਥੇ ਹੈ ਉਸ ਵਿਚ ਚਲਨਾ ਚਾਹੀਦੇ। ਈਸ਼੍ਵਰ ਕ੍ਰਿਪਾ ਕਰੇ ਦਿਲ ਤੁਨੇ ਹ ਧੜਕਦਾ ਪਿਆ ਹੈ।

ਰਣਵਿਜੈਸਿੰਘ-ਕਿਉਂ ਸ਼ਾਮਲਾਲ! ਜੇਕਰ ਦਾਰੋਗੇ ਨੂ ਪਕੜਕੇ ਧਮਕਾਯਾ ਜਾਂਵੇ ਅਰ ਉਸਨੂੰ ਜਾਨੋ ਮਾਰ ਦੇਨ ਦਾ ਭਯ ਦਿਤਾ ਜਾਵੇ ਤਾਂ ਉਹ ਅਸਾਨੂ ਤਲਿਸਮੀ ਭੇਤ ਦਸੇਗਾ ਕਿ ਨਹੀਂ?

ਸ਼ਾਮਲਾਲ—ਕਦੀ ਨਹੀ! ਜੇਕਰ ਉਸਨੂੰ ਮਾਰ ਸਿਟਾਂਗੇ ਤਾਂ ਭੀ ਉਹ ਆਪਨੂੰ ਭੇਤ ਨਹੀ ਦਸੇਗਾ ਤਲਿਸਮ ਦਾ ਭੇਤ ਉਸਦੀ ਵੰਸ ਤੋਂ ਬਿਨਾਂ ਹੋਰ ਕਿਸੇ ਨੇ ਨਹੀ ਜਾਣਿਆਂ।

ਰਨ ਵਜੈ-ਭੀਮ ਹੁਨ ਫੇਰ ?

ਭੀਮ-ਕੁੰਵਰ ਸਾਹਿਬ! ਮੈਂ ਕੀ ਦਸਾਂ ਸਾਰੇ ਪਾਸਿਓਂ ਤੰਗੀ ਅਰ ਲਾਚਾਰੀ ਹੈ ਹਛਾ ! ਭਈ ਸ਼ਾਮਲਾਲਾ ਇਹ ਤਾ ਤੈਨੂੰ ਜਰੂਰ ਹੀ ਪਤਾ ਹੋਵੇਗਾ ਕਿ ਜਦੋਂ ਤੁਸੀ ਅਖੀ ਰੀ ਕੋਠੜੀ ਵਿਚ ਆਏ ਸੀ ਤਾਂ ਕਿਸ ਪਾਸੇ ਦੇ ਦਰ ਵਾਜਿਓਂ ਨਿਕਲੇ ਸੀ।

ਸ਼ਾਮਲਾਲ-ਅਸੀਂ ਅਟਕਲਪੰਜੂ ਹੀ ਆਏ ਸਾਂ ਅੰਧੇਰੇ ਦ ਕਾਰਨ ਕੁਝ ਨਹੀਂ ਸੀ ਦਿਸਦਾ ਹਾਂ ਏਨਾਂ ਜਰੂਰ ਜਾਨਦਾ ਹਾਂ ਕਿ ਦਰਵਾਜਾ ਇਸ ਹੀ ਸਾਮਨੇ ਵਾਲੀ ਕੰਧ ਵਿਚ ਹੈ। ਇਹ ਸੁਨਕੇ ਰਾਨਨ ਉਠੇ ਕੀਤਾ ਤਾਂ ਸਾਰਿਆਂ ਦੀ ਨਿਗਾਹਾਂ ਉਸ ਸਾਮਨੇ ਦੀ ਕੰਧ ਪੁਰ ਪਈਆਂ ਇਹ ਕੰਧ ਬਿਲਕੁਲ ਪਥਰ ਦੀ ਬਨੀ ਹੋਈ ਸੀ ਜਿਸ ਪੁਰ ਪਥਰਾਂ ਦੇ ਜੋੜਾਂ ਪੁਰ ਚੂਨਾ ਲਗਾਯਾ ਹੋਯਾ ਸੀ ਭੀਮ ਦੇਖਦੇ ਦੇਖਦੇ ਕੰਧਦੇ ਵਿਚਲੇ ਖੜੋ ਗਿਆ ਅਰ ਰਾਜਕੁਮਾਰ ਨੂੰ ਆਖਨ ਲਗ।

ਭੀਮ-ਆਪ ਦੇਖਦੇ ਹੋ ਕਿ ਪਥਰਾਂ ਦੇ ਇਰਦ ਗਿਰਦ ਤਾਂ ਚੂਨਾ ਲਗਾਯਾ ਹੋਯਾ ਹੈ ਪਰ ਇਸ ਥਾਂ ਇਕ ਗਜ਼ ਲੰਮਾਈ ਅਰ ਵਾਈ ਕ ਗਜ਼ ਦੀ ਚੌੜਾਈ ਵਿਚ ਚੂਨੇ ਦਾ ਨਾਉਂ ਥੇਹ ਨਹੀਂ (ਦੇਖਦੇ ਦੇਖਦੇ ਛੇਤੀ ਨਾਲ) ਹਾਂ ਰਤਾ ਠਹਿਰੋ।

ਇਹ ਕਹਿਕੇ ਭੀਮ ਨੇ ਬੋਝੇ ਵਿਚੋਂ ਚਾਕੂ ਕਢਿਆ

ਅਰ ਉਸਥਾਂ ਦੇ ਪਥਰ ਨੂੰ ਛੁਰਿਦਿਆਂ ਤਾਂ ਲਕੜੀ ਵਾਂਗੂੰ ਇਕ ਛੋਲਾ ਜਿਹਾ ਟੋਟਾ ਨਿਕਲ ਆਯਾ ਅਰ ਸਭ ਨੂੰ ਸਾਫ ਮਲੂਮ ਹੋ ਗਿਆ ਕਿ ਅਸਲ ਵਿਚ ਉਹ ਪੱਥਰ ਨਹੀਂ ਕੇਵਲ ਲਕੜੀ ਹੈ ਅਰ ਉਸ ਪੁਰ ਪਥਰ ਦਾ ਰੋਗਨ ਕੀਤਾ ਹੋਯਾ ਹੈ।

ਭੀਮ—ਹੁਨ ਤਾਂ ਇਸਵਿਚ ਕੋਈ ਸੰਸਾ ਨਹੀਂ ਰਿਹਾ ਕਿ ਦਰਵਾਜ਼ਾ ਇਹੋ ਹੈ ਪਰ ਹੁਨ ਇਸਦੇ ਖੁਲਨ ਦੀ ਤਰਕੀਬ। ਐਨੇ ਨੂੰ ਰਾਜਕੁਮਾਰ ਦੀ ਨਿਗਾਹ ਇਕ ਬਾਰੀਕ ਜਿਹੇ ਛੇਕ ਪੁਰ ਪਈ ਜੋ ਠੀਕ ਫਰਸ਼ ਤੋਂ ਚਹੁੰ ਉਂਗਲਾਂ ਦੀ ਵਿਥ ਪੁਰ ਬਣਿਆ ਹੋਯਾ ਸੀ ਭੀਮ ਨੇ ਜਦ ਚੰਗੀ ਤਰਾਂ ਉਸਨੂੰਦੇਖ ਲਿਆ ਤਾਂ ਕਹਿਨ ਲਗਾ "ਅਸਾਂ ਲਭ ਲਿਆ" ਅਰ ਇਸਦੇ ਉਪ੍ਰੰਤ ਹੀ ਉਸਨੇ ਇਕ ਲਕੜੀ ਦੀ ਅੜੇਸ ਦੇਕੇ ਹੇਠਾਂ ਵਲ ਦਬਯਾ ਤਾਂ ਉਹ ਛੇਕ ਜੋ ਇਕ ਚਾਰ ਉਂਗਲ ਦੇ ਚੋਖਟੇ ਲਕੜੀ ਦੇ ਟੁਕੜੇ ਪੁਰ ਬਣਿਆ ਹੋਯਾ ਸੀ ਹੇਠਾਂ ਵਲ ਖਿਸਕ ਗਿਆ ਅਰ ਉਸ ਵਿਚ ਹੁਨ ਕੁੰਜੀ ਲਗਾਉਨ ਦੀ ਜਗਾਂ ਦਿਸੀ ਜਿਸਨੂੰ ਦੇਖਦੇ ਹੀ ਤਿੰਨੇ ਅਨੰਦ ਹੋ ਗਏ ਅਰ ਛੇਤੀ ਨਾਲ ਬੋਲੇ "ਰਾਮ ਤੇਰੀ ਜੈ ਹੋ।"

ਰਨਵਿਜੈਸਿੰਘ—ਪਰ ਸਾਡੇ ਲਈ ਖੁਸ਼ ਹੋਨ ਦਾ ਅਜੇ ਇਹ ਵੇਲਾ ਨਹੀਂ ਹੈ ਖਵਰੇ ਅਜੇ ਅਗੇ ਵਾਲੀ ਕੋਠੜੀ ਵਿਚ ਚਲਕੇ ਕੀ ਕੀ ਮੁਸੀਬਤਾਂ ਪੈਣੀਆਂ ਹਨ।

ਕੋਈ ਕੀ ਕਹਿ ਸਕਦਾ ਹੈ।

ਐਨੇ ਨੂੰ ਓਸੇ ਰੁਛੇ ਵਿਚੋਂ ਭੀਮ ਇਕ ਕੁੰਜੀ ਲਗਾ ਚੁਕਾ ਸੀ ਅਰ ਕਹਿਨ ਲਗਾ "ਖਬਰਦਾਰ ! ਮੈਂ ਹੁਣ ਦਰਵਾਜ਼ਾ ਖੋਲਦਾ ਹਾਂ।" ਤਦ ਆਪਨੇ ਦੋਹਾਂ ਸਾਥੀਆਂ ਨੂੰ ਹੁਸ਼ਿਆਰ ਹੋਯਾ ਦੇਖਦੇ ਉਸਨੇ ਇਕੋ ਧਕ ਨਾਲ ਹੀ ਦਰਵਾਜਾ ਖੋਲ ਦਿਤਾ ਇਹ ਪਥਰ ਦੀ ਸ਼ਕਲ ਦੇ ਬਨੇ ਹੋਏ ਤਾਕ ਅੰਦਰ ਨੂੰ ਢੁਕ ਗਏ ਅਰ ਇਹ ਤਿਨੇ ਜਾਨੇ ਅੰਦਰ ਜਾਕੇ ਅੰਦਰ ਦਾ ਅਦਭੁਤ ਦ੍ਰਿਸ਼ ਦੇਖਨ ਲਗੇ। ਪਹਿਲੇ ਤਾਂ ਅਖਾਂ ਪਾੜ ਪਾੜਕੇ ਦੇਖਨ ਤੇ ਕੁਝ ਭੀ ਨਾ ਮਲੂਮ ਹੋਯਾ ਪਰ ਜਦ ਚਾਨਨਾ ਉਦੇ ਕਰਕੇ ਦੇਖਯਾ ਤਾਂ ਕੋਠੜੀ ਦਾ ਸਭ ਸਮਿਆਨ ਚੰਗੀ ਤਰਾਂ ਦਿਸਯਾ ਮਲੂਮ ਹੋਯਾ ਕਿ ਇਹ ਕੋਠੜੀ ਪਹਿਲੀ ਕੋਠੜੀ ਜਿਤਨੀ ਹੀ ਲੰਮੀ ਚੌੜੀ ਬਰਾਬਰ ਹੈ ਪਰ ਇਸ ਵਿਚ ਇਹ ਵਾਧਾ ਸੀ ਕਿ ਤੀਲਾ ਭੀ ਨਹੀਂ ਡਿਗਾ ਹੋਯਾ ਸੀ ਸਭ ਸਾਫ ਸੀ।

ਰਨਵਿਜੈ ਸਿੰਘ--ਤਾਂ ਕੀ ਭੀਮ ਸੀ ਇਸ ਕੋਠੜੀ ਨੂੰ ਅੰਦਰੋਂ ਬਾਹਰੋਂ ਇਕੋ ਜਿਹਾ ਹੀ ਸਮਝਦੇ ਹੋ ?

ਭੀਮ—ਤਾਂ ਆਪ ਮੂਰਖ ਅਰ ਬੁਧਿਮਾਨ ਨੂੰ ਇਕੋ ਜਿਹਾ ਹੀ ਜਾਨਦੇ ਹੋ

ਰਨਵਿਜੈ ਸਿੰਘ- ਭਲਾ ਇਹ ਕਿਵੇਂ ਹੋ ਸਕਦਾ ਹੈ?

ਭੀਮ- ਤਾਂ ਇਸੇ ਤਰਾਂ ਇਹ ਭੀ ਕਦੀ ਨਹੀਂ ਹੋ

ਸਕਦਾ ਕਿ ਭੀਮ ਇਸ ਕੋਠੜੀ ਨੂੰ ਖਾਲੀ ਜਾਨ ਕੇ ਇਹ ਸਮਝ ਲਵੇ ਕਿ ਇਹ ਖਤਰੇ ਤੋਂ ਖਾਲੀ ਹੈ।

ਸ਼ਾਮਲਾਲ- ਪਰ ਸਾਮਨੇ ਜ਼ਾਹਰਾ ਤਾਂ ਕੁਝ ਭੀ ਨਹੀਂ ਦਿਸਦਾ?

ਐਨੇ ਨੂੰ ਰਾਜਕੁਮਾਰ ਦੀ ਨਜ਼ਰ ਕੋਠੜੀ ਦੀ ਛਤ ਪੁਰ ਗਈ ਅਰ ਅਬੜਵਾਹੇ ਬੋਲੇ ਕਿ "ਸਾਮਨੇ ਹੀ ਤਾਂ ਖਤਰਾ ਹੈ" ਅਰ (ਉਂਗਲ ਨਾਲ ਦਸ ਕੇ) ਔਹ ਦੇਖੋ ਜਾਫ ਦਿਸਦਾ ਹੈ।

ਰਾਜਕੁਮਾਰ ਦੇ ਕਹਿਣੇ ਅਨੁਸਾਰ ਇਨ੍ਹਾਂ ਦੋਹਾਂ ਨੇ ਮੂੰਹ ਚੁਕ ਕੇ ਉਤਾਂਹ ਵਲ ਦੇਖਯਾ ਤਾਂ ਇਕ ਚਮਕਦਾ ਹੋਯਾ ਜਿਹਾ ਛਤ ਦੇ ਵਿਚਕਾਰ ਲਟਕਦਾ ਹੋਯਾ ਦੇਖਯਾ।

ਭੀਮ- ਰਾਜਕੁਮਾਰ! ਮੇਰੀ ਸਮਝ ਵਿਚ ਤਾਂ ਇਹ ਜਿਹਾ ਕੋਠੜੀ ਵਿਚ ਪੈਰ ਰਖਦਿਆਂ ਹੀ ਜੋ ਅੰਦਰ ਅਗਾਂਹ ਜਾਵੇਗਾ ਉਸੇ ਆਦਮੀ ਦੇ ਸਿਰ ਤੇ ਡਿਗੇਗਾ ਅਰ ਉਸੇ ਨੂੰ ਮਾਰਕੇ ਫੇਰ ਉਸ ਆਪਣੀ ਥਾਂ ਤੇ ਜਾ ਲਟਕੇ ਗਾ। ਇਸ ਵਿਚ ਇਹੋ ਖੂਬੀ ਮਲੂਮ ਹੁੰਦੀ ਹੈ।

ਰਨਵਿਜੈ ਸਿੰਘ- ਪਹਿਲੇ ਇਸ ਗਲ ਨੂੰ ਕਿਸੇ ਤਰਾਂ ਪਰਤਾ ਲਵੀਏ ਅਰ ਫੇਰ ਇਸਤੋਂ ਬਚਨ ਦਾ ਹੀਲਾ ਕਰੀਏ ਪਰ ਇਸਨੂੰ ਕਿਸ ਤਰਾਂ ਦੇਖਯਾ ਜਾਵੇ ਕਿਉਂ

ਕਿ ਇਸ ਵਿਚ ਭੀ ਤਾ ਇਕ ਜਾਨ ਦਾ ਖਤਰਾ ਹੈ।

ਭੀਮ–ਪਰ ਮਤਲਬ ਤਾਂ ਐਨਾ ਹੈ ਕਿ ਕੁਝ ਫੈਸਲਾ ਖੂਹ ਸੁਟਕੇ ਦੇਖਯਾ ਜਾਵੇ ਤਬ ਸਭ ਕੁਝ ਮਲੂਮ ਹੋ ਸਕਦਾ ਹੈ।

ਇਹ ਕਹਿਕੇ ਭੀਮ ਫੇਰ ਉਸੇ ਪੁਤਲੇ ਦੇ ਪਾਸ ਆਯਾ ਜੋ ਪਹਿਲੀ ਕੋਠੜੀ ਵਿਚ ਸੀ ਅਰ ਸੰਦੂਕ ਵਿਚੋ ਤੀਰ ਚੁਕਦਾ ਜਾਂਦਾ ਸੀ, ਭੀਮਨੇ ਉਸਦੇ ਪਾਸ ਆਕੇ ਸੰਦੂਕਵਿਚੋਂ ਇਕਲੋਹੇ ਦ ਤੀਰ ਕਢਕੇ ਅਰ ਉਸ ਲੋਹੇ ਦ ਪੰਜੇਨੂੰ ਭੀ ਰਖਕੇ ਇਕ ਕਪੜੇਵਿਚ ਗੰਢ ਬੰਨਕੇ ਚੁਕਕੇ ਜਾਚਿਆਂਤਾਂ ਮਲੂਮ ਹੋਯਾ ਕਿ ਉਹ ਇਕ ਆਦਮੀ ਦੇ ਭਾਰ ਤੋਂ ਕਿਸੇ ਤਰਾਂ ਘਟਾ ਨਹੀਂ ਹੈ।

ਰਨਵਿਜੈਸਿੰਘ–ਇਹ ਤਾਂ ਚੰਗਾ ਢੰਗ ਹੈ। ਭੀਮ! ਤਬ ਸੁਟਕੇ ਦੇਖੋ ਇਸਨੂੰ ਕੀ ਰੰਗ ਉਘੜਦਾ ਹੈ। ਇਹ ਸੁਨਦਿਆਂ ਹੀ ਭੀਮ ਨੇ ਝਟ ਗੰਢ ਕੋਠੜੀ ਵਿਚ ਸਿਟ ਦਿਤੀ।

ਬਸ! ਜੋ ਕਿਹਾ ਸੀ ਸੋ ਹੋਯਾ। ਗੰਢ ਕੋਠੜੀ ਵਿਚ ਪੈਂਦਿਆਂ ਹੀ ਇਕ ਬਿਜਲੀ ਜਿਹੀ ਚਮਕੀ ਅਰ ਉਹ ਚਿਹਰਾ ਦਾਮਨੀ ਵਾਂਗੂ ਚਮਕ ਕੇ ਆਯਾ ਅਰ ਗੰਢ ਨੂੰ ਚੀਰ ਦੇ ਹੋਏ ਜਿਮੀਂ ਨੂੰ ਲਗ ਕੇ ਫੇਰ ਉਤਾਂਹ ਉਠ ਗਿਆ ਅਰ ਠੀਕ ਉਤਨੇ ਚਿਰ ਵਿਚ ਜਿੰਨੇ ਚਿਰ ਵਿਚ ਗੰਢ ਚੀਰਦਿਆਂ ਲਗਾ ਤਾਂ ਗੰਢ ਦੇ ਥੱਲੇ ਦੀਆ ਫਟੀ

ਆਂ ਹਿਲਨ ਲਗੀਆਂ ਅਰ ਫੇਰ ਉਹੀ ਫਟੀਆ ਹਿਲਨੋ ਬਸ ਹੋਨ ਲਗੀਆਂ ਪਤ ਅੜੀਆਂ ਹੋਗਈਆਂ ਜਿਸਦੇ ਹੇਠੋਂ ਇਕ ਅੰਧੇਰੀ ਜਿਹੀਤਾਕੀ ਦਿਸੀ ਅਰ ਉਸ ਵਿਚ ਗੇਂਦ ਲਮਕ ਕੇ ਜਾ ਪੈਂਦੀ ਪਰ ਭੀਮ ਜੋ ਪਹਿਲੇ ਹੀ ਕਮੰਦ ਕਸਕੇ ਤਿਆਰ ਖੜੋਤਾ ਸੀ ਗੇਂਦ ਲਮਕਦਿਆਂ ਹੀ ਛੇਤੀ ਨਾਲ ਉਸਨੇ ਕਮੰਦ ਮਾਰਕੇ ਗੇਂਦ ਨੂੰ ਆਪਣੀ ਵਲ ਖਿਚਕੇ ਕੋਠੜੀ ਵਲ ਲੈ ਆਯਾ ।

ਸ਼ਾਮਲਾਲ—ਭਈ ! ਆਪ ਲੋਕ ਤਾਂ ਆਦਮੀ ਨਹੀ ਕੋਈ ਦੇਵਤਾ ਹੋ ! ਜਿਸ ਹੌਸਲੇ ਨਾਲ ਜਾਨਾਂ ਨੂੰ ਤਲੀ ਤੇ ਰਖਕੇ ਸਫਾਈ ਅਤੇ ਚਤੁਰਾਈ ਨਾਲ ਆਪ ਲੋਕ ਕਮ ਕਰਦੇ ਹੋ ਉਹ ਮੈਨੂੰ ਪਕਾ ਭਰੋਸਾ ਹੈ ਕਿ ਇਸ ਤਿਲਸਮ ਦੇ ਤੋੜਨ ਵਾਲੇ ਜਿਨਾਂ ਦੀਆਂ ਬਾਤਾਂ ਵਡੀਆਂ ਵਡੀਆਂ ਪੁਸਤਕਾਂ ਵਿਚ ਲਿਖੀਆਂ ਹਨ ਉਹ ਆਪ ਹੀ ਹੋ।

ਰਨਵਿਜੈ ਸਿੰਘ--ਭਈ ਸ਼ਾਮਲਾਲ ਇਨਾਂ ਗਲਾਂ ਦਾ ਹੁਨ ਕੁਝ ਫੈਦਾ ਨਹੀਂ ਹੁਨ ਦਸੋ ਇਨਾਂ ਬਲਾਵਾਂ ਨੂੰ ਕਿਸਤਰਾਂ ਟਾਲਨਾ ਚਾਹੀਏ ?

ਭੀਮ--ਓਹ ! ਇਸ ਰਿਹਟੇ ਦਾ ਕਮ ਤਾਂ ਮੈਂ ਚੁਟਕੀ ਵਿਚ ਕਰ ਦਦਾ ਹਾਂ ਕਿਉਂ ਕਿ ਆਪਨੇ ਵੇਖਯਾ ਸੀ ਕਿ ਜਦੋਂ ਰਿਹਟਾ ਹੇਠਾਂ ਆਯਾ ਸੀ ਤਾਂ ਉਸ ਵਿਚ ਜੰਜੀਰੀ ਲਗੀ ਹੋਈ ਸੀ ਜੋ ਉਪਰੋਂ ਸ਼ੇਦ ਕਿਸੇ ਚਰਖੜੀ ਤੋਂ ਹੋ ਕੇ ਆਈ ਹੈ ।

ਰਾਜਕਵਿਜੈਸਿੰਘ--ਮੈਂ ਆਪਦਾ ਮਤਲਬ ਚੰਗੀ ਤਰਾਂ ਸਮਝ ਗਿਆ ਹਾਂ ਕਿ ਐਤਕੀ ਜਦ ਹੁਣ ਫੇਰ ਚਿਹਰਾ ਗੇਂਦ ਦੇ ਉਪਰ ਆਵੇਗਾ। ਮੈਂ ਉਸੇ ਵੇਲੇ ਤਲਵਾਰ ਨਾਲ ਜੰਜੀਰ ਦੇ ਦੋ ਟੁਕੜੇ ਕਰ ਦੇਵਾਂਗਾ। ਕਿਉਂ ਠੀਕ ਹੈ ਨਾ?

"ਹਾਂ ਬਿਲਕੁਲ ਠੀਕ" ਅਰ ਇਹ ਕਹਿਕੇ ਭੀਮ ਨੇ ਰਾਜਕੁਮਾਰ ਨੂੰ ਹੁਸ਼ਿਆਰ ਕੀਤਾ ਕਿ ਖ਼ਬਰਦਾਰ ਹੋ ਜਾਓ ਮੈਂ ਆਪਣਾ ਕੰਮ ਕਰਨ ਲਗਾਂ ਹਾਂ ਆਪ ਤਲਵਾਰ ਸੂਤ ਕਿ ਤਿਆਰ ਰਹੋ। ਤਲਵਾਰ ਨੂੰ ਰਾਜ ਕੁਮਾਰ ਨੇ ਸੂਤ ਲਿਆ ਅਰ ਧਿਆਨ ਨਾਲ ਚਿਹਰੇ ਵਲ ਦੇਖਣ ਲਗਾ ਉਧਰ ਭੀਮ ਨੇ ਦਰਵਾਜੇ ਦੇ ਸਾਮਣਿਓਂ ਹੀ ਗੇਂਦ ਨੂੰ ਰੇੜ ਦਿਤਾ। ਅਜੇ ਗੇਂਦ ਫਰਸ਼ ਪੁਰ ਪਈ ਹੀ ਸੀ ਕਿ ਚਿਹਰਾ ਬੜੀ ਫੁਰਤੀ ਨਾਲ ਬਿਜਲੀ ਵਾਂਙੂ ਹੇਠਾਂ ਆਕੇ ਗੇਂਦ ਨੂੰ ਚੀਰਦਾਂ ਹੋਯਾ ਉਤਾਂਹ ਜਾਨ ਲਗਾ ਹੀ ਸੀ ਕਿ ਰਾਜਕਮਾਰ ਦਾ ਇਕ ਵਾਰ ਪੂਰਾ ਅਜਿਹਾ ਬੈਠਾ ਕਿ ਜੰਜੀਰ ਦੇ ਦੋ ਟੁਕੜੇ ਹੋਗਏ ਚਿਹਰਾ ਤਾਂ ਟੁਟਕਰ ਫਰਸ਼ ਪੁਰ ਜਾ ਪਿਆ ਅਰ ਜੰਜੀਰ ਟੁਟਕ ਉਪਰ ਵਲ ਚਲੀ ਗਈ ਜਦ ਇਹ ਚਿਹਰਾ ਟੁਟਕਰ ਡਿਗਯਾ ਤਾਂ ਇਕ ਤੇਜ ਖੜਾਕ ਮਲੂਮ ਹੋਈ ਜੋ ਜੰਜੀਰ ਸੀ ਜੰਜੀਰ ਦੇ ਉਪਰ ਜਾਨ ਦੇ ਨਾਲ ਹੀ ਇਕ ਜੋਰ ਦਾ ਧਮਾਕਾ ਹੋਯਾ ਜਿਸ ਨਾਲ ਦੋਹਨਾਂ ਦੇ ਕਲੇਜੇ ਧੜਕ ਗਏ ਪਰ

ਸਭਨੇ ਆਪਨੇ ਆਪਨੂੰ ਹੌਸਲੇ ਨਾਲ ਸੰਭਾਲਯਾ ਅਰ ਦੇਖਯਾ ਕਿ ਕੋਈ ਬੜੀ ਭਾਰੀ ਚੀਜ ਉਚਿਓਂ ਫਰਸ਼ ਪੁਰ ਡਿਗੀ ਹੈ ਅਰ ਇਹ ਆਵਾਜ ਇਸੇ ਦੀ ਹੀ ਧਮਕ ਸੀ।

ਜੰਜੀਰੀ ਦੇ ਉਪਰ ਜਾਨੇ ਅਰ ਇਸ ਧਮਾਕਿ ਦੇ ਨਾਲ ਹੀ ਰੌਦ ਰਿੜਕਿ ਉਸ ਅੰਧੇਰੀ ਜਗਾਂ ਵਿਚ ਚਲੀ ਗਈ।

ਭੀਮ—ਉਸ ਤੇਜ ਚਕਰ ਦਾ ਭੂਯ ਤਾਂ ਦੂਰ ਹੋਗਿਆ ਹੁਨ ਅੰਦਰ ਚਲੇਂ।

ਰਨਵਿਜੈ—ਪਰ ਇਹ ਲੰਮੀਆਂ ਲੰਮੀਆਂ ਫੱਟੀਆਂ ਜੋ ਸਾਰੇ ਕੋਠੜੀ ਵਿਚ ਜੜੀਆਂ ਹੋਈਆਂ ਹਨ ਖਤਰੇ ਤੋਂ ਖਾਲੀ ਨਹੀਂ ਅਰ ਖਾਸਕਰ ਜੰਜੀਰ ਦੇ ਕਟਨੇ ਨਾਲ ਉਨਾਂ ਦੀ ਕਲੀ ਖੁਲ੍ਹ ਗਈ ਹੈ ਹੁਨ ਸਾਰੇ ਵਿਚੋਂ ਜੇ ਕੋਈ ਪੈਰ ਰਖੇ ਤਾਂ ਫਟੀ ਦੇ ਵਿਚਕਾਰ ਜੋੜਾਂ ਤੋਂ ਬਚਕੇ ਰਖੇ ਤਾਂ ਚੰਗਾ ਹੋਵੇਗਾ।

ਇਸਨੂੰ ਅਜਮਾਉਨ ਲਈ ਭੀਮਨੇ ਇਕ ਪੈਰ ਰਖ ਕਿ ਦੋ ਤਿੰਨਾਂ ਫਟੀਆਂ ਨੂੰ ਅਜਮਾਯਾ ਤਾਂ ਸਾਰੀਆਂ ਉਸ ਤਰਾਂ ਹੀ ਸਨ ਜਿਸਤਰਾਂ ਰਾਜਕੁਮਾਰ ਨੇ ਕਿਹਾ ਸੀ।

ਤਿੰਨੇ ਮਲਕੜੇ ਮਲਕੜੇ ਬਚਦੇ ਹੋਏ ਅਗਾਂਹ ਚਲੇ ਕਿਉਂਕਿ ਇਕ ਫਾਹੀ ਦਾ ਫਸਨਾ ਉਨਾਂ ਦੀ ਜਿੰਦਗੀ

ਦੇ ਲਈ ਬਸ ਸੀ। ਇਸ ਤਰਾਂ ਸਹੀ ਸਲਾਮਤ ਤਿੰਨੇ ਅਗਾਂ ਅੰਦਰ ਚਲੇ ਗਏ ਸਭ ਤੋਂ ਅਗੇ ਭੀਮ ਸੀ ਅਰ ਉਹ ਦੂਜੀ ਕੋਠੜੀ ਦੇ ਦੂਜੇ ਪਾਸੇ ਚੜਕਿ ਸਿਧਾ ਸਾਮਣੇ ਦੀ ਕਧ ਵਲ ਵਿਚੋ ਵਿਚ ਅਗਾਹ ਹੋਯਾ ਅਰ ਇਨ੍ਹਾਂ ਦੋਹਾਂ ਦ ਪਹੁੰਚਦਿਆਂ ਹੀ ਉਸਨੇ ਆਵਾਜ਼ ਦਿਤੀ ਕਿ ਮੈਂ ਇਸ ਦੂਜੇ ਦਰਵਾਜੇ ਦਾ ਭੀ ਪਤਾ ਲਗਾ ਲਿਆ ਹੈ।

ਰਣਵਿਜੈਸਿੰਘ—ਭੀਮ! ਅਸੀਂ ਸੋਚਦੇ ਹਾਂ ਕਿ ਜੇਕਰ ਇਸ ਬੁਰਜ ਦੇ ਘੇਰੇ ਵਿਚ ਬਰੋਬਰ ਅਜੇਹੀਆਂ ਹੀ ਲੰਮੀਆਂ ਚੌੜੀਆਂ ਕੋਠੜੀਆਂ ਬਣੀਆਂ ਹੋਣਗੀਆਂ ਤਾਂ ਘਟ ਤੋਂ ਘਟ ਬਾਰਾਂ ਕੋਠੜੀਆਂ ਅਸਾਨੂੰ ਲੰਘਣੀਆਂ ਪੈਣਗੀਆਂ

ਭੀਮ—ਹਾਂ! ਪਰ ਸਾਰੀਆਂ ਇਸੇ ਤਰਾਂ ਹੀ ਨਹੀਂ ਹੋਣੀਆਂ।

ਅਜੇ ਇਨੀ ਹੀ ਗਲ ਹੋਈ ਸੀ ਕਿ ਸ਼ਾਮਲਾਲ ਦਾ ਪੈਰ ਕਿਸੇ ਫਟੀ ਦੇ ਜੋੜ ਵਿਚ ਜਾ ਪਿਆ ਅਰ ਉਸ ਥਾਂ ਦਾ ਮੂੰਹ ਅਸਮਾਨ ਦੇ ਮੂੰਹ ਵਾਙ ਖੁਲ ਗਿਆ ਜਿਸ ਵਿਚ ਸ਼ਾਮਲਾਲ ਹੇਠਾਂ ਹੀ ਹੇਠਾਂ ਜਾਨ ਲਗਾ ਰਾਜ ਕੁਮਾਰ ਨੇ ਛੇਤੀ ਨਾਲ ਇਸਨੂੰ ਵੀਣੀਓਂ ਪਕੜ ਕਿ ਉਤਾਂਹ ਕਢਣਾ ਚਾਹਯਾ ਪਰ ਇਹ ਭੀ ਉਸੇ ਦੇ ਨਾਲ ਹੀ ਡਿਗ ਪਿਆ ਤਦ ਤਾਂ ਭੀਮ ਦਾ ਰੰਗ ਉਡ ਗਿਆ ਅਤੇ ਉਹ ਭੀ ਕਿਸ ਤਰਾਂ ਨਾ ਅਕੱਲਾ ਰਹਿ ਗਿਆ ਪਰ ਇਹ

ਵੇਲਾ ਹੁਣ ਬਹੁਤ ਦੇਰਾਂ ਸੋਚਨ ਦਾ ਨਹੀਂ ਸੀ।ਪਰ ਭੀਮ ਨੇ ਇਹ ਸੋਚਿਆ ਕਿ ਜੇਕਰ ਮੈਂ ਭੀ ਖੜ੍ਹਕੇ ਬਚਾਵਾਂਗਾ ਤਾਂ ਆਪ ਚਲੇ ਜਾਵਾਂਗਾ ਅਰ ਤਿੰਨੇ ਮਰਾਂਗੇ ਝਟ ਇਸ ਸਬਬ ਤੇ ਲੰਮਾ ਪੈ ਗਿਆ ਅਰ ਤਿਨਾਂ ਨੂੰ ਆਖਿਆ ਮੇਰੇ ਲੱਕ ਨੂੰ ਪਕੜਕੇ ਉਤਾਂਹ ਆ ਜਾਓ ਅਰ ਇਸੇ ਤਰਕੀਬ ਨਾਲ ਦੋਹਾਂ ਦੀ ਜਾਨ ਬਚਾਈ।

ਇਹ ਦੋਵੇਂ ਜਦ ਸੁਰਤ ਸੰਭਾਲ ਕੇ ਖੜੇ ਹੁਏ ਤਾਂ ਭੀਮ ਨੇ ਕਿਹਾ ਹੁਣ ਤਕੜੇ ਹੋ ਜਾਓ ਮੈਂ ਤੀਜਾ ਬੂਹਾ ਖੋਲ ਦਾ ਹਾਂ।

ਚਲੋ ਵਿਜੇ ਸਿੰਘ ਖੋਲਦੇ ਜਾਓ। ਹੁਣ ਨਾ ਤਾਂ ਇਹ ਹੌਲ ਹੈ ਅਰ ਨਾ ਹੀ ਕੋਈ ਦਿਲ ਵਿਚ ਧੜਕਾ ਹੈ ਕਿਉਂਕਿ ਇਹ ਤਾਂ ਚੰਗੀ ਤਰਾਂ ਮਲੂਮ ਹੋ ਹੀ ਚੁਕਾ ਹੈ ਕਿ ਇਥੇ ਤਾ ਜੋ ਕੁਝ ਹੋਵੇਗਾ ਉਸ ਨੂੰ ਸਬਰ ਦੇ ਨਾਲ ਸਹਿਣਾ ਪਵੇਗਾ।

ਭੀਮ ਨੇ ਕੁੰਜੀ ਲਗਾ ਕੇ ਬੂਹਾ ਖੋਲ੍ਹਿਆ ਅਰ ਇਸ ਕੋਠੜੀ ਵਿਚ ਜੋ ਦੇਖਨ ਵਿਚ ਆਯਾ ਉਹ ਪਿਛਲੀਆਂ ਦੋਹਾਂ ਕੋਠੜੀਆਂ ਨਾਲੋਂ ਬਹੁਤ ਭਜਾਨਕ ਸੀ।

ਕੋਠੜੀ ਦੇ ਠੀਕ ਵਿਚਕਾਰ ਇਕ ਲੰਮਾ ਚੌੜਾ ਅਰ ਉਚਾ ਦਿਓ ਲੰਮੀ ਤਲਵਾਰ ਹਥ ਵਿਚ ਪਕੜੇ ਹੋਏ ਚੁਪ ਚਾਪ ਖੜੋਤਾ ਸੀ। ਅਰ ਇਸ ਦੀ ਤਲਵਾਰ ਐਨੀ ਲੰਮੀ ਸੀ ਕਿ ਜੇ ਕਰ ਉਹ ਆਪਨੇ ਟਿਕਾਨੇ ਤੇ ਖੜੋਤਾ

ਹੋਕਾ ਹੀ ਤਲਵਾਰ ਹਿਲਾਵੇ ਤਾਂ ਕੋਠੜੀ ਦਾ ਕੋਈ ਪਾਸਾ ਅਜਿਹਾ ਨਾ ਬਚੇਗਾ ਜਿਥੇ ਕਿ ਇਸ ਦੀ ਤਲਵਾਰ ਨਾ ਪਹੁੰਚ ਸਕੇ। ਦੇਵ ਦੀ ਸ਼ਕਲ ਕੁਝ ਅਜਿਹੀ ਹੀ ਡਰਾ-ਉਣੀ ਸੀ ਕਿ ਕਿਨਾ ਚਿਰ ਉਸ ਦੀ ਡਹਿਸ ਨਾਲ ਕੋਈ ਗਲ ਮੂੰਹੋਂ ਨਾ ਨਿਕਲੀ।

ਰਣਵਿਜੈ ਸਿੰਘ- ਹਾਇ! ਇਹ ਬੜੀ ਔਖੀ ਮਜਲ ਹੈ ਇਸ ਤੋਂ ਬਚਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ।

ਭੀਮ-ਐਡੀ ਭਾਰੀ ਤਲਵਾਰ ਦੇ ਸਾਮ੍ਹਨੇ ਕਿਸੇ ਦਾ ਠਹਿਰਨਾ ਅਰ ਹੋਸ਼ ਸੰਭਾਲ ਕੇ ਆਪਣਾ ਵਾਰ ਕਰਨਾ ਕੋਈ ਸੁਖਾਲਾ ਨਹੀਂ ਹੈ।

ਰਣਵਿਜੈ ਸਿੰਘ-ਜਿਥੋਂ ਤਕ ਮੇਰਾ ਖਿਆਲ ਹੈ ਇਹ ਦੇਵ ਆਦਮੀ ਦੇ ਕੋਠੜੀ ਵਿਚ ਪੈਰ ਰਖਦਿਆਂ ਹੀ ਅਪਣੀ ਤਲਵਾਰ ਦਾ ਪੂਰਾ ਹਥ ਜਮਾਏਗਾ ਉਸ ਵੇਲੇ ਕੋਈ ਅਜੇਹਾ ਆਦਮੀ ਚਾਹੀਏ ਜੋ ਉਸ ਦਾ ਵਾਰ ਬਚਾ ਕੇ ਉਸ ਦੀ ਤਲਵਾਰ ਨੂੰ ਕਟ ਦੇਵੇ ਤਾਂ ਫੇਰ ਕੁਝ ਕੰਮ ਬਣ ਸਕਦਾ ਹੈ।

ਭੀਮ-ਇਸ ਕੰਮ ਕਰਨ ਨੂੰ ਮੈਂ ਤਿਆਰ ਹਾਂ। ਆਪ ਤਕੜੇ ਰਹਿਣਾ ਮੈਂ ਚਲਿਆ ਹਾਂ!

ਰਣਵਿਜੈ ਸਿੰਘ-ਪਰ ਠਹਿਰੋ ਕਾਹਲੀ ਨਾ ਕਰੋ। ਪਹਿਲੇ ਇਹ ਭੀ ਤਾਂ ਦੇਖੋ ਕਿ ਇਸ ਤੋਂ ਬਿਨਾਂ ਹੋਰ

ਕੋਈ ਖਤਰਾ ਨਹੀਂ ਹੈ।

ਭੀਮ-ਜਾਹਰਾ ਤਾਂ ਕੋਈ ਨਹੀਂ ਦਿਸਦਾ ਪਰ ਜੇਕਰ ਉਸ ਕੋਠੜੀ ਦੀ ਤਰਾਂ ਜੇ ਕਰ ਜ਼ਿਮੀਂ ਵਿਚ ਧੋਖਾ ਹੋਂਦਾ ਤਾਂ ਆਪ ਮੈਨੂੰ ਕਮੰਦ ਦੇ ਨਾਲ ਬਚਾਉਣਾ।

ਇਹ ਕਹਿਕੇ ਭੀਮ ਨੇ ਉਸ ਕੋਠੜੀ ਵਿਚ ਪੈਰ ਪਾਇਆ ਅਰ ਮਨ ਵਿਚ ਪ੍ਰਮਾਤਮਾ ਦੀ ਆਸ ਕਰਕੇ ਧਿਆਨ ਕੀਤਾ ਜਿਉਂ ਹੀ ਭੀਮ ਦਾ ਪੈਰ ਕੋਠੜੀ ਵਿਚ ਪਿਆ ਨਾਲ ਹੀ ਉਸ ਦੇਵ ਨੇ ਤਲਵਾਰ ਚੁਕੀ ਅਰ ਅਖਾਂ ਚਮਕਾਈਆਂ ਅਰ ਦੇਵ ਦੇ ਇਨਾਂ ਦੋਹਾਂ ਕੌਤਕਾਂ ਨੂੰ ਦੇਖਕੇ ਭੀਮ ਕੜਕ ਕੇ ਬੋਲ ਉਠਿਆ। ਰਾਜਕੁਮਾਰ ਸ਼ਾਮ ਲਾਲ ! ਇਸ ਦੇਵ ਦੀਆਂ ਅਖੀਆਂ ਨਾਲ ਅਪਣੀਆ ਅਖਾਂ ਨਾ ਮਿਲਾਉਣਾ ਮੈਨੂੰ ਛੇਤੀ ਕਮੰਦ ਨਾਲ ਬਚਾਓ ! ਇਹ ਅਵਾਜ਼ ਸੁਣਦਿਆਂ ਹੀ ਤੜਕ ਰਾਜਕੁਮਾਰ ਨੇ ਕਮੰਦ ਸਾਰੀ ਦੇਵ ਦੀ ਤਲਵਾਰ ਇਕ ਹਥ ਦੂਰ ਭੀਮ ਤੋਂ ਪਰੇ ਪਈ ਪਰ ਰਾਜਕੁਮਾਰ ਨੇ ਭੀਮ ਨੂੰ ਖਿਚ ਕੇ ਝਟ ਬਾਹਰ ਲੈ ਆਂਦਾ।

ਮੀਮ-ਭਲੇ ਬਚੇ ! ਭਗਵਾਨ ਨੇ ਕ੍ਰਿਪਾ ਕੀਤੀ। ਇਸ ਕੋਠੜੀ ਵਿਚ ਕੇਵਲ ਇਸ ਦੇਵ ਦੀ ਤਲਵਾਰ ਹੀ ਬਹੁਤ ਭਿਆਨਕ ਨਹੀਂ ਹੈ ਕਿੰਤੂ ਬੜਾ ਭਾਰੀ ਜਾਦੂ ਤਾਂ ਇਸਦੀਆਂ ਅਖਾਂ ਵਿਚ ਹੈ। ਮੇਰੇ ਕੋਠੜੀ ਵਿਚ ਪੈਰ ਪਾਂਦਿਆਂ ਹੀ ਜੋ ਉਸਨੇ ਅਖ ਝਮਕੀ

ਤਾਂ ਮੇਰੇ ਵਿਚ ਹਿਲਨ ਦੀ ਸ਼ਕਤੀ ਨਾ ਰਹੀ । ਕੀ ਪਤਾ ! ਮੇਰਾ ਦਿਲ ਉਸਨੂੰ ਦੇਖਦਿਆਂ ਹੀ ਕੰਬਨ ਲਗ ਪਿਆ ਅਰ ਮੈਂ ਉਸਦੀਆਂ ਅਖਾਂ ਦੇ ਸਾਮਨਿਓਂ ਆਪ-ਣੀਆਂ ਅਖੀਆਂ ਨਾ ਹਟਾ ਸਕਦਾ ।

ਸ਼ਾਮ ਲਾਲ—ਹੇ ਪ੍ਰਮਾਤਮਾ ! ਮੈਨੂੰ ਸੁਪਨੇ ਮਾਤ੍ਰ ਭੀ ਕਦੀ ਅਜੇਹਾ ਖਿਆਲ ਨਹੀ ਸੀ ਹੋਯਾ ਕਿ ਇਸ ਤੀਜੀ ਮਜ਼ਲ ਵਿਚ (ਜਿਸ ਵਿਚੋਂ ਅਸੀ ਕਈ ਰੌਕੀ-ਦਾਰ ਦਾਰੋਗੇ ਦੇ ਨਾਲ ਆਪਨੇ ਧਿਆਨ ਅਜਿਹੇ ਸਖਾਲਿਆਂ ਅਰ ਬਿਨਾ ਕਿਸੇ ਰੋਕ ਟੋਕ ਦੇ ਚਲੇ ਜਾਂਦੇ ਹੁੰਦੇ ਸਾਂ) ਅਜਿਹੀਆ ਭਯਾਨਕ ਬਲਾਵਾਂ ਭਰੀਆਂ ਹੋਈਆਂ ਹਨ ਪਰ ਹੁਨ ਕੀ ਹੋਵੇ ਗਾ ?

ਰਨਜਿਤ ਸਿੰਘ— ਕੁਝ ਨਹੀਂ ! ਹੋਨਾ ਕੀ ਹੈ ! ਸਾਡੀ ਤਲਵਾਰ ਇਸ ਦੁਸ਼ਟ ਤਲਿਸਮੀ ਦੇਵ ਦੀ ਤਲਵਾਰ ਨੂੰ ਨਿਕੰਮਯਾ ਕਰ ਦੇ ਗੀ ਪਰ ਤਦ ਕਿ ਜੇਕਰ ਇਸ ਚੰਡਾਲ ਨਾਲ ਅਖ ਨਾ ਮਿਲੇ ਬਸ ਇਤਨਾ ਜਿਨਾ ਮੈਂ ਲੈਂਦਾਂ ਹਾਂ ਉਸਦੀ ਤਲਵਾਰ ਮੇਜ ਪਾਸਿਓਂ ਉਠਕੇ ਵਾਰ ਕਰੇ ਗੀ ਮੈਂ ਪਿਛਲਾ ਨੁਕਰ ਵਿਚ ਖੜੋਤਾ ਰਹਾਂਗਾ ਬਸ ਜਿਉਂ ਹੀ ਇਹ ਦੁਸ਼ਟ ਤਲਵਾਰ ਉਠੇਗੀ ਰਬ ਚਾਹੇ ਤਾਂ ਮੇਰੀ ਤਲਵਾਰ ਝਟ ਇਸਦੇ ਦੋ ਟੁਕੜੇ ਕਰ ਦੇਗੀ ਅਗੇ ਭਗਵਾਨ ਦੇ ਵਸ ।

ਇਹ ਕਹਿਕ ਰਾਜਕੁਮਾਰ ਨੇ ਤਲਵਾਰ ਲਕ ਨਾਲੋਂ

ਖੋਲ੍ਹਕੇ ਮਿਆਨ ਵਿਚੋਂ ਕਢੀ ਅਰ ਮੂੰਹ ਨੀਵਾਂ ਪਾ ਕੇ ਕੋਠੜੀ ਦੇ ਅੰਦਰ ਗਏ ਇਸ ਲਈ ਕਿ ਭੀਮ ਦੇ ਕਹੇ ਅਨੁਸਾਰ ਦੇਵ ਨਾਲ ਅਖੀ ਨਾ ਮਿਲ ਜਾਵੇ, ਪਰ ਚੋਰ ਅਖੀ ਦੇਵ ਦੀ ਤਲਵਾਰ ਵਲ ਵੇਖਦਾ ਰਿਹਾ। ਕੋਠੜੀ ਵਿਚ ਪੈਰ ਰਖਦਿਆਂ ਹੀ ਦੇਵ ਨੇ ਤਲਵਾਰ ਚੁਕ ਲਈ ਸੀ-ਅਜੇ ਦੇਵ ਨੇ ਵਾਰ ਕਰਨ ਲਈ ਤਲਵਾਰ ਘੁਮਾਈ ਹੀ ਸੀ ਕਿ ਰਾਜਕੁਮਾਰ ਨੇ ਅਖ ਬਚਾਕੇ ਅਜਿਹੇ ਜ਼ੋਰ ਨਾਲ ਆਪਣੀ ਤਲਵਾਰ ਮਾਰੀ ਕਿ ਦੇਵਦੀ ਤਲਵਾਰ ਦੇ ਦੋ ਟੁਕੜੇ ਹੋ ਗਏ ਅਰ ਨਾਲ ਹੀ ਭੀਮ ਨੇ ਅਵਾਜ਼ ਦਿਤੀ ਬਹਾਦੁਰ ਦੀ ਸਹਿਧ ਆਪਨੇ ਖੂਬ ਸਫਾਈ ਕੀਤੀ। ਪਰ ਦੇਖਣਾ ਖਬਰਦਾਰ ਅਜੇ ਦੇਵ ਨਾਲ ਅਖ ਨਾ ਮਿਲਾਣਾ ਅਰ ਇਕ ਹੋਰ ਅਜਿਹਾ ਹਥ ਮਾਰੋ ਕਿ ਕਬਜ਼ਾ ਭੀ ਟੁਟਕੇ ਹੇਠਾਂ ਜਾ ਪਵੇ।

ਭੀਮ ਦਾ ਇਹ ਕਹਿਣਾ ਸੀ ਕਿ ਰਾਜਕੁਮਾਰ ਨੇ ਅਗਾਹ ਵਧਕੇ ਅਰ ਨਜ਼ਰ ਬਚਾਕੇ ਇਕ ਅਜਿਹੀ ਜ਼ੋਰ ਨਾਲ ਤਲਵਾਰ ਮਾਰੀ ਕਿ ਦੇਵ ਦਾ ਹਥ ਵਿਚੋਂ ਕਬਜ਼ਾ ਟੁਟਕੇ ਹੇਠਾਂ ਜਾ ਡਿਗਾ। "ਸ਼ਾਵਾਸ਼ੇ! ਸ਼ੇਰ ਕਿਆ ਕਹਿਣਾ" ਇਹ ਕਹਿਕੇ ਭੀਮ ਅਰ ਸ਼ਾਮ ਲਾਲ ਦੋਵੇ ਕੋਠੜੀ ਵਿਚ ਗਏ ਪਰ ਅਖਾਂ ਨੀਵੀਂ ਕੀਤੀਆਂ ਹੋਈਆਂ ਸਨ ਅਰ ਦੇਵ ਅਜੇ ਤਕ ਆਪਣਾ ਟੁੰਡਾ ਹਥ ਏਧਰ ਓਧਰ ਘੁਮਾ ਰਿਹਾ ਸੀ।

ਭੀਮ—ਮੈਂ ਹੁਣ ਇਸ ਦੇਵ ਦੇ ਉਪਰ ਪਿਠ ਪਾਸੇ ਵਲੋਂ ਚੜ੍ਹਦਾ ਹਾਂ ਅਰ ਇਸਦੇ ਸਿਰ ਉਪਰ ਬੈਠਕੇ ਛੈਣੀ ਅਰ ਹਥੌੜੀ ਨਾਲ ਇਸਦੀਆਂ ਅਖੀਆਂ ਕਢ ਲੈਂਦਾ ਹਾਂ।

ਰਣਵਿਜੈ ਸਿੰਘ ਸੁਝੀ ਤਾਂ ਚੰਗੀ ਹੈ।

ਭੀਮ ਨੇ ਪਿਛੋਂ ਦੀ ਉਛਲ ਕੇ ਦੇਵ ਦੀ ਖੋਪਰੀ ਪੁਰ ਜਾ ਬੈਠਾ ਦੋ ਤਿੰਨ ਚੋਟਾਂ ਲਾਉਣ ਨਾਲ ਹੀ ਅਖਾਂ ਦ ਬਲੌਰ ਦੇ ਟੁਕੜੇ ਬਾਹਰ ਜਾ ਪਏ ਅਰ ਉਸ ਦੇ ਟੁਟ ਜਾਣੇ ਪੁਰ ਬੇੜੀਆਂ ਜਿਹੀਆਂ ਸੁਨੈਹਰੀ ਵਾਲਾਂ ਤੋਂ ਬਾਰੀਕ ਤਾਰਾਂ ਅਖਾਂ ਵਿਚੋਂ ਨਿਕਲ ਕੇ ਹਵਾ ਵਿਚ ਉਡ ਗਈਆਂ ਭੀਮ ਨੇ ਹੁਣ ਦੂਜੀ ਅਖ ਟੋਹਕੇ ਕਢੀ ਤਾਂ ਉਸ ਵਿਚੋਂ ਭੀ ਇਸ ਤਰਾਂ ਹੀ ਹੋਯਾ ਇਹ ਦੋਵੇਂ ਅਖਾਂਦੇ ਨਿਕਲ ਜਾਣੇ ਪੁਰ ਹੁਣ ਰਣਵਿਜੈ ਸਿੰਘ ਅਰ ਸ਼ਾਮ ਲਾਲ ਨੇ ਭੀ ਉਸ ਭਯਾਨਕ ਦੇਵ ਦੀ ਵਲ ਵੇਖਯਾ ਜੋ ਅਖਾਂ ਨਿਕਲ ਜਾਣੇ ਪੁਰ ਹੋਰ ਭੀ ਭਯਾਨਕ ਮਲੂਮ ਹੁੰਦਾ ਸੀ ਐਨੇ ਨੂੰ ਭੀਮ ਉਸ ਤਲਿਸਮੀ ਕਲਾ (ਦੇਵ) ਦੇ ਸਿਰ ਤੋਂ ਉਤਰ ਆਯਾ ਅਰ ਉਨਾਂ ਬਲੌਰੀ ਅਖੀਆਂ ਨੂੰ ਚੁਕ ਕੇ ਅਪਨੇ ਬੋਝੇ ਵਿਚ ਪਾਨ ਲਗਾ।

ਰਣਵਿਜੈ ਸਿੰਘ-ਅਰ ਉਸ ਕੋਠੜੀ ਦਾ ਤਲਿਸਮੀ ਚਕਰ ਕੀ ਹੋਯਾ?

ਸ਼ਾਮਲਾਲ-ਉਹ ਤਾਂ ਉਸੇ ਵੇਲੇ ਭੀਮ ਨੇ ਚੁਕ

ਲਿਆ ਸੀ।

ਰਨਵਿਜੈ ਸਿੰਘ-(ਹਸਕੇ) ਭੀਮ! ਵੇਖੋ ਇਹ ਸਭ ਕੁਝ ਦਰਬਾਰ ਦੀ ਲੁਟ ਤੋਂ ਬਿਨਾਂ ਦਾ ਮਾਲ ਹੈ।

ਭੀਮ- ਭੀਮ ਕੋਈ ਹਰਾਮ ਦਾ ਮਾਲ ਨਹੀਂ ਲੈਂਦਾ ਅਪਨੀ ਜਾਨ ਦਾ ਲਹੂ ਚੁਆ ਚੁਆ ਕੇ ਲੈਂਦਾ ਹੈ। (ਸ਼ਾਮ ਲਾਲ ਵਲ ਮੂੰਹ ਮੋੜਕੇ) ਅਰ ਆਪ ਤਾਂ ਖਾਲੀ ਦਾਰੋਗਾ ਹੀ ਹੋ ਆਪ ਨੂੰ ਹਥਿਆਰਾਂ ਨਾਲ ਕੀ ਵਾਸਤਾ?

ਸ਼ਾਮ ਲਾਲ ਭੀਮ ਦੇ ਮਖੌਲੀਏ ਸੁਭਾਵ ਨੂੰ ਚੰਗੀ ਤਰਾਂ ਜਾਨ ਚੁਕਾ ਸੀ। ਹਸਨ ਲਗਾ। ਥੋੜੀ ਜਿਹੀ ਹਾਸੀ ਠਠੇ ਅਰ ਦਿਲ ਲਗੀ ਕਰਦੇ ਕਰਦੇ ਇਕ ਗਲ ਮਨ ਵਿਚ ਆਈ ਕਿ ਹੁਨ ਅਗੇ ਦਾ ਦਰਵਾਜ਼ਾ ਖੋਲਨਾ ਚਾਹੀਏ ਅਰ ਉਸ ਦੇ ਅੰਦਰ ਦਾ ਭੀ ਤਲਿਸਮ ਤੋੜਕਰ ਹਾਲ ਦਰਿਆਫ਼ਤ ਕਰਨਾ ਵਾਜਬ ਹੈ।

ਭੀਮ ਇਹ ਖਿਆਲ ਕਰ ਕੇ ਸਭ ਤੋਂ ਅਗੇ ਜਾਕੇ ਇਸ ਤੀਜੇ ਦਰਵਾਜ਼ੇ ਦਾ ਪਤਾ ਲਗਾਉਨ ਲਗਾ ਅਰ ਥੋੜ੍ਹੇ ਚਿਰ ਪਿਛੋਂ ਖੋਜਦੇ ਖੋਜਦੇ ਝਟ ਭੀਮ ਬੋਲ ਉਠਿਆ ਕਿ ਇਸ ਦਰਵਾਜ਼ੇ ਦਾ ਭੀ ਛੇਦ ਮਿਲ ਗਿਆ ਪਰ ਇਸਦਾ ਛੇਦ ਪਿਛਲੇ ਦੋਹਾਂ ਦਰਵਾਜ਼ਿਆਂ ਤੋਂ ਹੋਰ ਹੀ ਤਰਾਂ ਦਾ ਬਨਿਆ ਹੋਯਾ ਹੈ ਇਹ ਸੁਨਕੇ ਦੇਵੇ ਪਾਸ ਪਹੁੰਚੇ ਅਰ ਦੇਖਯਾ ਤਾਂ ਸਚ ਮੁਚ ਭੀਮ ਦਾ ਕਹਿਨਾ

ਠੀਕ ਸੀ ਭੀਮ ਨੇ ਉਸੇ ਗੁਡੇ ਵਿਚੋਂ ਚਾਬੀ ਖੋਜਕੇ ਲਗਾਈ ਅਰ ਬੇਧੜਕ ਹੋਕੇ ਬੂਹਾ ਖੋਲ ਦਿਤਾ ਉਸਦੇ ਖੋਲਦਿਆਂ ਹੀ ਤਿੰਨੇ ਭਾਨਨੇ ਵਿਚ ਉਸਦਾ ਰੰਗ ਢੰਗ ਦੇਖਨ ਲਗੇ ਅਰ ਬੜਾ ਚਿਰ ਚੁਪ ਕਰਕੇ ਉਸੇ ਵਲ ਦੇਖਦੇ ਰਹੇ ਇਹ ਕੋਠੜੀ ਦੂਜੀਆਂ ਕੋਠੜੀਆਂ ਤੋਂ ਵਧੀ ਲੰਮੀ ਚੌੜੀ ਸੀ ਜਿਸਦੇ ਵਿਚਕਾਰ ਇਕ ਛੋਟਾ ਪਰ ਮੋਟਾ ਜਿਹਾ ਥੰਮ੍ਹ ਖੜਵਾਇਆ ਹੋਇਆ ਸੀ ਜਿਸਦੇ ਉਪਰ ਇਕ ਸੁਨਹਿਰੀ ਫੁਲਦਾਨ ਵਿਚ ਇਕ ਗੁਲਦਸਤਾ ਰਖਿਆ ਹੋਇਆ ਸੀ ਜਿਸਨੂੰ ਚਾਰ ਹਿਰਨ ਚਹੁੰ ਨੁਕਰਾਂ ਵਿਚ ਖੜੋਤੇ ਧਿਆਨ ਨਾਲ ਦੇਖ ਰਹੇ ਸਨ ਇਹ ਤਿੰਨੇ ਦੇਖ ਹੀ ਰਹੇ ਸਨ ਕਿ ਅਚਨਚੇਤੀ ਸ਼ਾਮਲਾਲ ਬੜੇ ਜ਼ੋਰ ਨਾਲ ਖਿੜਖਿੜ ਕਰਦਾ ਹਸਦਾ ਅਰ ਨਾਲ ਹੀ ਪਾਗਲਾਂ ਵਾਂਙੂ ਕੋਠੜੀ ਦੇ ਅੰਦਰ ਵੜ ਗਿਆ ਇਹ

"ਪਾਠਕੋ ! ਇਹ ਤਲਿਸਮ ਕੋਈ ਜਾਦੂ ਟੂਣਾ ਨਹੀ ਜਾਂ ਕੋਈ ਪਰੀਆਂ ਜਿਨ ਭੂਤ ਨਹੀ ਇਹ ਕਾਰੀਗਰਾਂ ਅਤੇ ਉਸਤਾਦਾਂ ਅਤੇ ਬੜੇ ਬੜੇ ਵਿਦਵਾਨ ਹਕੀਮਾਂ ਨੇ ਆਪਣੀ ਬੁਧਿ ਅਨੁਸਾਰ ਬਣਾਏ ਹੁੰਦੇ ਸਨ ਅਰ ਆਪ ਪੁਛੋਂ ਕਿ ਇਹ ਕਿਉਂ ਬਨਾਏ ਜਾਂਦੇ ਸਨ ਤਾਂ ਇਸਦਾ ਪੂਰਾ ਪੂਰਾ ਹਾਲ ਆਪ ਨੂੰ ਚੌਥੇ ਭਾਗ ਵਿਚ ਮਲੂਮ ਹੋ ਜਾਵੇ ਗਾ ਅੱਗੇ ਲਈ ਦੇਖੋ ਭਾਗ ਚੌਥਾ" "ਤਾਇਬ"

ਵੇਖਦੇ ਹੀ ਭੀਮ ਨੇ ਤੁਰਤ ਫੇਤੀ ਨਾਲ ਰਾਜਕੁਮਾਰ ਦਾ ਹਥ ਪਕੜ ਕੇ ਕੋਠੜੀ ਤੋਂ ਉਰਾਂ ਖਿਚ ਲਿਆ

—o—

ਬਾਰਵਾਂ ਅੰਕ

"ਜਾਓ ! ਪਰ ਬਹੁਤ ਬਚਕੇ !"

ਸੰਧਯਾ ਦਾ ਵੇਲਾ ਹੈ ਅਰ ਅਜ ਕੁਝ ਅਜਿਹਾ ਅੰਧੇਰਾ ਹੋ ਰਿਹਾ ਹੈ ਮਾਨੋ ਮਸਯਾ ਦੀ ਰਾਤ ਹੈ ਅਜਿਹੇ ਵੇਲੇ ਅਸੀ ਆਪਨੂੰ ਸ਼ੇਰਗੜ ਦੇ ਪਛਵਾੜੇ ਦੀ ਪਹਾੜੀ ਦੇ ਹੇਠਾਂ ਇਕ ਉਜੜੇ ਹੋਏ ਤਲਾਉ ਦੇ ਕਿਨਾਰੇ ਲਿਆਕੇ ਖੜਾ ਕਰਦੇ ਹਾਂ। ਔਹ ਵੇਖੋ। ਤਲਾ ਦੇ ਕੰਢੇ ਤੇ ਇਕ ਦੁਰਗਾ ਭਵਾਨੀ (ਦੇਵੀ) ਦੀ ਮੂਰਤੀ ਇਕ ਦੋਨੁਕਰੀ ਪੱਕੀ ਅਰ ਉਚੀ ਮੜ੍ਹੀ ਪੁਰ ਰਖੀ ਹੋਈ ਹੈ। ਹੈ ! ਇਹ ਕਿਨਾਂ ਦੀ ਆਵਾਜ਼ ਆ ਰਹੀ ਹੈ ਚਲੋ ਰਤਾ ਅਗਾਂਹ ਹੋਕੇ ਵੇਖੀਏ ! ਉਹ ਹੈ। ਇਹ ਤਾਂ ਸਾਡੇ ਨਾਵਲ ਦੇ ਬਹਾਦਰ ਅਰ ਮੁਖੀਏ ਕੁੰਵਰ ਰਨਵਿਜੇ ਸਿੰਘ ਬਿਕ੍ਰਮਾਜੀਤ ਸਿੰਘ ਅਰ ਤੀਜੇ ਅਜਾਦੀ ਦੇ ਸ੍ਰਦਾਰ ਭੀਮ ਪ੍ਰਤਪ ਸਿੰਘ ਜੀ ਹਨ। ਪਾਠਕ ਜੀ ! ਆਪ ਹੈਰਾਨ ਤਾਂ ਹੋਵੋਗੇ ਕਿ ਕਿਥੇ ਤਾਂ ਰਨਵਿਜੇ ਸਿੰਘ ਅਰ ਭੀਮ ਹੋਰੀ ਹੁਨੇ ਤਲਿਸਮ ਵਿਚ ਸਨ ਅਰ ਤਲਿਸਮੀ ਬੁਰਜ ਨੂੰ ਤੋੜ ਰਹੇ ਹਨ ਅਰ ਕਿਥੇ ਹੁਣ ਤਿੰਨ ਸ਼ੇਰਗੜ

ਦੀ ਪਹਾੜੀ ਪਿਛ ਖੜੋਤੇ ਹਨ ਪਰੰਤੂ ਆਪ ਇਹ ਕਹਿ ਦੇਵੋ ਕਿ ਲਿਖਦੇ ਲਿਖਦੇ "ਤਾਇਬ" ਦੀ ਮਤ ਤਾਂ ਨਹੀਂ ਮਾਰੀ ਗਈ। ਪਰ ਪਿਆਰੇ ਪਾਠਕੋ । ਕਦੀ ਨਹੀਂ। ਇਸ ਅੰਕ ਨੂੰ ਅਗੇ ਚਲਕੇ ਆਪ ਚੰਗੀ ਤਰਾਂ ਪੜ੍ਹੋਗੇ ਤਾਂ ਆਪ ਨੂੰ ਸ਼ੀਸ਼ੇ ਦੀ ਨਿਆਈ ਸਾਰਾ ਹਾਲ ਪ੍ਰਗਟ ਹੋ ਜਾਵੇਗਾ ।

ਰਨਵਿਜੈ ਸਿੰਘ ਅਰ ਬਿਕ੍ਰਮਾਜੀਤ ਸਿੰਘ ਭੀਮ ਦੇ ਸਨੇ ਕੁਝ ਚਿਰ ਇਧਰ ਓਧਰ ਦੀਆਂ ਗਲਾਂ ਕਰਦੇ ਰਹੇ ਅਰ ਜਿਸ ਵੇਲੇ ਘਮਘੋਰ ਅੰਧੇਰਾ ਹੋ ਗਿਆ ਅਰ ਚਾਰੇ ਪਾਸੇ ਸੁੰਨ ਹੋ ਗਈ ਤਾਂ ਤਿੰਨੇ ਉਸ ਥਾਂ ਤੋਂ ਬਾਹਰ ਆਏ ਇਸ ਬੀਆਬਾਨ ਵਿਚ ਦੋ ਘੋੜੇ ਜੋ ਲੰਮੀ ਰਸੀ ਨਾਲ ਬਧੇ ਹੋਏ ਦੂਰ ਦੂਰ ਦਾ ਘਾਹ ਚਰ ਰਹੇ ਸਨ। ਭੀਮ ਨੇ ਦੋਹਾਂ ਨੂੰ ਏਲਕ ਕੁਮਾਰਾਂ ਦੇ ਸਾਮ੍ਹਣੇ ਲਿਆਂਦੇ ਅਰ ਗਨੇਸ਼ ਮਨਾ ਕੇ ਦੋਵੇਂ ਕੁੰਵਰ ਘੋੜਿਆਂ ਪੁਰ ਅਸਵਾਰ ਹੋ ਗਏ ਅਰ ਭੀਮ ਨਾਲ ਨਾਲ ਪੈਰੀਂ ਤੁਰਦਾ ਹੋਯਾ ਤਿੰਨੇ ਸ਼ੇਰਗੜ੍ਹ ਵਲ ਚਲੇ।

ਜਿਸ ਥਾਂ ਇਹ ਲੋਕ ਬੈਠੇ ਸਨ ਉਹ ਸ਼ੇਰਗੜ੍ਹ ਦਾ ਪਛਵਾੜਾ ਸੀ ਇਹ ਪੈਂਡਾ ਯਾ ਚਕਰ ਡੇਢ ਕੋਹ ਤੋਂ ਘਟ ਨਹੀਂ ਸੀ ਜੋ ਇਨ੍ਹਾਂ ਨੇ ਪੌਣੇ ਕੁ ਘੰਟੇ ਵਿਚ ਮੁਕਾ ਲਿਆ ਅਰ ਪਲ ਵਿਚ ਖਾਈ ਅਰ ਪੁਲ ਤੋਂ ਪਾਰ ਹੋ ਕੇ ਸ਼ੇਰਗੜ੍ਹ ਦੇ ਫਾਟਕ ਪੁਰ ਆ ਖੜੋਤੇ । ਫਾਟਕ ਤੋਂ

ਬੰਦ ਸੀ ਪਰ ਤਾਕੀ ਖੁਲੀ ਸੀ ਜਿਸ ਵਿਚੋਂ ਉਨ੍ਹਾਂ ਦੇ ਘੋੜਿਆਂ ਦੀਆਂ ਟਪਾਂ ਦੀ ਆਵਾਜ਼ ਸੁਣਕੇ ਇਕ ਜੁਆਨ ਲੰਮਾ ਉਚਾ ਸਿਪਾਹੀ ਬੋਲਨ ਲਗਾ।

ਸਿਪਾਹੀ—ਕੌਣ ਹੈ ?

ਆਵਾਜ਼—ਅਸੀ ਸਰਕਾਰੀ ਆਦਮੀ ਹਾਂ। ਛੇਤੀ ਬੂਹਾ ਖੋਲੋ। ਅਠ ਵਜ ਤੋਂ ਪਹਿਲੇ ਦਰਵਾਜੇ ਬੰਦ ਹੋਣ ਦਾ ਹੁਕਮ ਨਹੀ ਇਹ ਅਜ ਕੀ ਕਾਰਨ ਹੈ ?

ਸਿਪਾਹੀ—ਕੀ ਤੁਸੀ ਕਿਧਰੋ ਬਾਹਰੋ ਤਾਂ ਨਹੀਂ ਆਏ ? ਲੜਾਈ ਦੇ ਦਿਨਾਂ ਕਰਕੇ ਛੇ ਵਜੇ ਹੀ ਫਾਟਕ ਵਜ ਜਾਣ ਦਾ ਹੁਕਮ ਹੈ। ਪਹਿਲੇ ਪਾਸ ਵਿਖਾਓ ਤਦ ਫਾਟਕ ਖੋਲਾਂਗਾ।

ਅਵਾਜ਼—ਕਹੀ ਲੜਾਈ ! ਕਿਸ ਨਾਲ ਲੜਾਈ ਹੋਣ ਵਾਲੀ ਹੈ ? ਛੇਤੀ ਫਾਟਕ ਖੋਲੋ। ਸਾਨੂੰ ਕਿਸੇ ਪਾਸ ਦੀ ਲੋੜ ਨਹੀ। ਸਾਡੀ ਸ਼ਕਲ ਹੀ ਪਾਸ ਹੈ।

ਇਹ ਗਲਾਂ ਕੁਝ ਇਸਤਰਾਂ ਕਹੀਆਂ ਕਿ ਸਿਪਾਹੀ ਨੇ ਝਟ ਸਿਰ ਤਾਕੀ ਦੇ ਅੰਦਰ ਕਰ ਲਿਆ ਅਰ ਫੇਰ ਇਕ ਤੇਜ਼ ਲਾਲਟੈਨ ਦੇ ਚਾਨਣ ਵਿਚ ਆਉਣ ਵਾਲਿਆਂ ਦੇ ਚਿਹਰਿਆਂ ਪੁਰ ਚਾਨਣਾ ਕਰਕੇ ਦੇਖਨ ਲਗਾ। ਜੋ ਸਭ ਤੋ ਅਗੇ ਸੀ ਇਸਦੀ ਸ਼ਕਲ ਦੇਖਦਿਆਂ ਹੀ ਸਿਪਾਹੀ ਘਬਰਾ ਗਿਆ ਅਰ ਛੇਤੀ ਨਾਲ ਆਪਣੇ

ਸਾਥੀਆਂ ਨੂੰ ਦਰਵਾਜ਼ਾ ਖੋਲਣ ਲਈ ਕਿਹਾ ਮੋਟੇ ਮੋਟੇ ਸੰਗਲਾਂ ਦੇ ਕੁੰਡੇ ਦੇ ਖੁਲਣ ਦੀ ਆਵਾਜ਼ ਦੇ ਨਾਲ ਹੀ ਫਾਟਕ ਖੁਲ ਗਿਆ ਅਰ ਫਾਟਕ ਦੇ ਨਾਲ ਹੀ ਇਹ ਤਿੰਨਾਂ ਦੇ ਅੰਦਰ ਵੜਦਿਆਂ ਹੀ ਬਾਕੀ ਸਿਪਾਹੀਆਂ ਕੁੰਵਰਾਂ ਅਤੇ ਭੀਮ ਨੂੰ ਦੇਖਕੇ ਸਲਾਮੀ ਦਿਤੀ ਅਰ ਸਾਰੇ ਬੰਦੂਕਾਂ ਇਕਵਾਰ ਚਲਾ ਦਿਤੀਆਂ ਅਰ ਹਵਾਲ ਦਾਰ ਨੇ ਜਿਸਨੇ ਫਾਟਕ ਖੋਲਦਾ ਸੀ ਸਲਾਮੀ ਦੀ ਤੋਪ ਜੋ ਹਰ ਵੇਲੇ ਇਸੇ ਕੰਮ ਲਈ ਹੀ ਤਿਆਰ ਰਹਿੰਦੀ ਸੀ ਦਾਗ ਦਿਤੀ ਸਾਰੇ ਸ਼ਹਿਰ ਵਿਚ ਇਸਦਾ ਗੂੰਜ ਗਾਈ ਅਰ ਪਰਜਾ ਤਾਂ ਹਰ ਵੇਲੇ ਲੜਾਈ ਦੇ ਕਾਰਨ ਚਿੰਤਾਤੁਰ ਰਹਿੰਦੀ ਹੀ ਸੀ ਆਵਾਜ਼ ਸੁਣਦਿਆਂ ਹੀ ਸਹਿਮ ਗਈ ਕਿ ਅਜ ਕੋਈ ਕਿਲ ਵਿਚ ਨਵੀਂ ਗਲ ਹੋਈ ਹੈ। ਇਧਰ ਮਹਾ ਰਾਜ ਵਲੋਂ ਭੀ ਇਸ ਅਵਾਜ਼ ਦਾ ਕਾਰਨ ਪੁਛਣ ਲਈ ਅਸਵਾਰ ਦੌੜਾਯਾ ਗਿਆ ਤਾਂ ਰਾਹ ਵਿਚ ਹੀ ਦੋਵੇਂ ਕੁਮਾਰ ਆਉਂਦੇ ਦਿਸੇ ਅਰ ਉਹ ਮਾਰੇ ਖੁਸ਼ੀ ਦੇ ਕੁਮਾਰਾਂ ਨੂੰ ਛੇਤੀ ਨਾਲ ਬੰਦਨਾ ਕਰਕੇ ਪਹਿਲ ਪੇਸ਼ੀ ਆਕੇ ਮਹਾਰਾਜ ਨੂ ਵਧਾਈ ਦਿਤੀ।

ਇਹ ਖਬਰ ਕੁਝ ਅਜੇਹੀ ਨਹੀਂ ਸੀ ਜੋ ਇਕ ਦੋ ਦੇ ਕੰਨਾਂ ਪੈਕੇ ਹੀ ਬਸ ਹੋ ਜਾਂਦੀ ਹਵਾ ਦੇ ਨਾਲ ਹੀ ਸਾਰੇ ਸ਼ਹਿਰ ਵਿਚ ਫੈਲ ਗਈ ਅਰ ਮਹਾਰਾਜ ਪ੍ਰਿਥਵੀ ਸਿੰਘ ਦਾ ਤਾਂ ਕੁਝ ਹਾਲ ਪੁਛੋ ਹੀਨਾ। ਅਖਾਂ ਤੋਂ ਮੋਹ

ਮਾਯਾ ਕਰਕੇ ਅਥਰੂ ਵਗ ਰਹੇ ਸਨ ਚਿਹਰਾ ਮਾਰੇ ਖੁਸ਼ੀ ਦੇ ਲਾਲ ਸੂਹਾ ਹੋ ਰਿਹਾ ਸੀ। ਛੇਤੀ ਛੇਤੀ ਉਨ੍ਹਾਂ ਸਵਾਰਾਂ ਨੂੰ ਜੋ ਖਾਸ ਬੈਠੇ ਸਨ ਅਗੋਂ ਦੀ ਲੈਣ ਲਈ ਭੇਜਿਆ ਅਰ ਮਹਿਲ ਵਿਚ ਆਪ ਜਾਕੇ ਮਹਾਰਾਨੀ ਨੂੰ ਖਬਰ ਕੀਤੀ ਅਰ ਸਾਰਾ ਹਾਲ ਕੁਮਾਰਾਂ ਦੇ ਆਉਣ ਦਾ ਕਿਹਾ ਮਹਾਰਾਨੀ ਦੇ ਨੇਤ੍ਰਾਂ ਵਿਚੋਂ ਸੰਨ ਭਾਦੋਂ ਦੀ ਝੜੀ ਵਾਂਙੂ ਪਾਣੀ ਵਗ ਤੁਰਿਆ ਉਹ ਭੀ ਕੁਮਾਰਾਂ ਨੂੰ ਵੇਖਣ ਦੇ ਲਈ ਤਿਆਰ ਹੋਈ ਅਰ ਜਦ ਅਯਾਰਾਂ ਨੇ ਇਹ ਖਬਰ ਸੁਣੀ ਕਿ ਉਸਤਾਦ ਭੀ ਤਲਿਸਮ ਵਿਚੋਂ ਆਏ ਹਨ ਤਾਂ ਸਾਰੇ ਦੇ ਸਾਰੇ ਅਯਾਰੀ ਦੇ ਬਾਣੇ ਨਾਲ ਤਿਆਰ ਹੋਕੇ ਮਿਲਨ ਦੇ ਲਈ ਆਏ ਅਰ ਪਲ ਵਿਚ ਸਭਨਾਂ ਨੇ ਅੱਗੋਂ ਜਾਕੇ ਇਨ੍ਹਾਂ ਆਉਣ ਵਾਲਿਆਂ ਤਿੰਨਾਂ ਨੂੰ ਆਪਣੇ ਅਗੇ ਲਗਾਕੇ ਮਾਨੋ ਅਸਵਾਰੀ ਧੂਮ ਧਾਮ ਨਾਲ ਮਹਾਰਾਜ ਦੀ ਵਲ ਚਲੀ।

ਮਹਾਰਾਜ ਭੀ ਨਾ ਠਹਿਰ ਸਕੇ ਮਹਿਲ ਦੇ ਅੰਦਰ ਰਾਜਕੁਮਾਰਾਂ ਦੇ ਆਉਣ ਤੋਂ ਪਹਿਲਾ ਹੀ ਉਹ ਡਿਓੜੀ ਪੁਰ ਆ ਖੜੋਤੇ ਅਰ ਪਿਆਰੇ ਪੁਤ੍ਰਾਂ ਨੂੰ ਛਾਤੀ ਨਾਲ ਲਗਾਉਣਾ ਚਾਹਿਆ ਪਰ ਉਨਾਂ ਦੋਹਾਂ ਨੇ ਪੈਰਾਂ ਪੁਰ ਸਿਰ ਨਿਵਾ ਦਿਤਾ। ਮਹਾਰਾਜ ਇਸਤੋਂ ਹੋਰ ਭੀ ਪ੍ਰਸੰਨ ਹੋਏ ਅਰ ਫੇਰ ਸਭ ਦੇ ਸਭ ਮਹਿਲ ਵਿਚ ਚਲ ਜਿਥੇ ਪਹੁੰਚਦਿਆਂ ਹੀ ਸਭਨਾਂ ਨੇ ਹਲਚਲ ਮਚਾ ਦਿਤਾ ਦੋਹਾਂ ਨੂੰ

ਉਨਾਂ ਦੀ ਮਾਤਾ ਨੇ ਭੀ ਗਲ ਨਾਲ ਲਗਾਯਾ ਇਧਰ ਤੋਂ ਰਾਜਕੁਮਾਰ ਮਹਿਲ ਵਿਚ ਗਏ ਅਰ ਉਧਰ ਸਾਰੇ ਆਦਮੀ ਅਰ ਅਧਾਰ ਭੀਮ ਨੂੰ ਘੇਰਾ ਪਾਕੇ ਬੈਠ ਗਏ ਇਸ ਲਈ ਅਸੀਂ ਭੀ ਪਾਠਕਾਂ ਨੂੰ ਇਨਾਂ ਦੀ ਹੀ ਗਲ ਬਾਤ ਸੁਨਾਉਨਾ ਯੋਗ ਸਮਝਦੇ ਹਾਂ

ਚੰਦ੍ਰ ਭੂਸ਼ਨ—ਕਿਉਂ ਉਸਤਾਦ ਜੀ, ਕੀ ਖਬਰ ਹੈ ?

ਵਸ਼ਿਸ਼ਟਨਾਥ—ਸੁਨਦੇ ਹਾਂ ਕਿ ਤਲਿਸਮ ਵਿਚ ਬੜਾ ਧਨ ਪਦਾਰਥ ਹੈ। ਉਥੋਂ ਦੇ ਇਕ ਇਕ ਆਦਮੀ ਕ੍ਰੋੜ ਪਤੀ ਹਨ।

ਬਾਲ ਗੋਬਿੰਦ--ਤਾਂ ਕੀ ? ਤੁਸੀ ਕੀ ਸਮਝਦੇ ਹੋ ਕਿ ਉਸਤਾਦ ਹੋਰਾਂ ਨੇ ਮਾਲ ਮਤਾ ਲਿਆਉਨ ਵਿਚ ਘਾਟ ਕੀਤੀ ਹੋਣੀ ਹੈ ?

ਭੀਮ—ਯਾਰੋ ਅਜੇ ਹੁਨੇ ਹੀ ਕਿਉਂ ਮੇਰੇ ਪਿਛੇ ਪੈਕੇ ਜਾਨ ਖਾਂਦੇ ਹੋ ਤੁਸਾਡੀ ਤਰਾਂ ਮੈਂ ਭੀ ਘਰ ਵਿਚ ਤੀਵੀਆਂ ਦੇ ਗੋਡਿਆਂ ਮੁਢ ਵੜਾ ਹੀ ਬੈਠਾ ਸਾਂ। ਲਖਾਂ ਮੁਸੀਬਤਾਂ ਵਿਚ ਮਸਾਂ ਮਸਾਂ ਨਿਕਲ ਕੇ ਆਏ ਹਾਂ ਰਤਾਂ ਹੋਸ਼ ਤਾਂ ਆ ਲੈਨ ਦਿਓ ਅਜ ਰਤਾ ਆਰਾਮ ਕਰਨ ਦੇਵੋ ਮੈਂ ਕਲ ਨਿਚਿੰਤ ਹੋਕੇ ਸਾਰਾ ਹਾਲ ਦਸਾਂਗਾ।

ਇਹ ਕਹਿਕੇ ਭੀਮ ਨੇ ਜੋਰ ਨਾਲ ਨਕ ਸੁਨਕਿਆ ਜਿਸ ਤੋਂ ਮਲੂਮ ਹੋਯਾ ਕਿ ਉਸਤਾਦ ਹੋਰਾਂ ਨੂੰ ਜੁਕਾਮ ਹੋਯਾ ਹੋਯਾ ਹੈ

ਬਾਲ ਗੋਬਿੰਦ-ਪਾਨੀ ਹਵਾ ਨਾਮਵਾਫਕ ਐਨ ਕਰ ਕੇ ਉਸਤਾਦ ਹੋਰਾਂ ਨੂੰ ਜ਼ੁਕਾਮ ਹੋ ਗਿਆ ਹੈ।

ਚੰਦ੍ਰਭੂਸ਼ਨ—ਆਬਾਜ ਭੀ ਕਿਹੀ ਭਾਰੀ ਹੋ ਗਈ ਹੈ ਪਛਾਨੀ ਹੀ ਨਹੀਂ ਜਾਂਦੀ।

ਐਨੇ ਨੂੰ ਦੋਵੇਂ ਰਾਜਕੁਮਾਰ ਮਹਾਰਾਜ ਦੇ ਨਾਲ ਮਹਿਲਾਂ ਤੋਂ ਬਾਹਰ ਨਿਕਲੇ ਅਰ ਉਨ੍ਹਾਂ ਨੂੰ ਵੇਖਕੇ ਸਾਰੇ ਅਦਬ ਨਾਲ ਖੜੇ ਗਏ।

ਮਹਾਰਾਜ ਤਾਂ ਬੇਟਾ ਅਜ ਤੁਸੀ ਸਾਰੇ ਆਰਾਮ ਕਰੋ ਥੱਕੇ ਹੋਏ ਹੋ ਕਲ ਸਾਰਾ ਹਾਲ ਤਿਲਿਸਮ ਦਾ ਸੁਨਾਉਣਾ ਮੈਨੂੰ ਉਥੋਂ ਦੀਆਂ ਅਦਭੁਤ ਗਲਾਂ ਦੇ ਸੁਨਨ ਦੀ ਬੜੀ ਚਾਹ ਹੈ।

ਰਾਜਕੁਮਾਰਾਂ ਨੇ ਇਹ ਸੁਨਕੇ 'ਜੋ ਆਪਦਾ ਹੁਕਮ' ਕਹਿਕੇ ਗਰਦਨ ਨਿਵਾ ਲਈ ਅਰ ਉਸ ਸੁੰਦ੍ਰ ਚੁਬਾਰੇ ਵਿਚ ਜਿਥੇ ਇਨ੍ਹਾਂ ਲਈ ਸੇਜਾਂ ਵਿਛਾ ਕੇ ਤਿਆਰ ਕੀਤੀਆਂ ਗਈਆਂ ਸਨ ਚਲੇ ਗਏ।

ਇਸੇ ਰਾਤ ਦੀ ਗਲ ਹੈ ਕਿ ਅਧੀ ਰਾਤ ਬੀਤ ਚੁਕੀ ਹੋਵੇਗੀ ਬਾਰਾਂ ਵਜ ਚੁਕੇ ਹਨ ਸ਼ਾਹੀ ਮਹਿਲ ਦੇ ਚਾਰੇ ਪਾਸ ਅੰਧੇਰ ਘੁਪ ਘੇਰ ਹੋ ਰਿਹਾ ਹੈ ਚੁਪਚਾਂ ਵਰਤ ਰਹੀ ਸੀ ਹਾਂ ਕਦੀ ਕਦੀ ਪਹਿਰੇ ਦਾਰਾਂ ਦੀ ਲੰਮੀ ਗੂੰਜ "ਖਬਰ ਦਾਰ ਰਹਿਣਾ" ਦੀ ਅਵਾਜ ਸੁਨਾਈ ਦਿੰਦੀ ਸੀ ਅਸੀਂ ਐਸ ਵੇਲੇ ਪਾਠਕਾਂ ਨੂੰ ਉਸੇ ਚੁਬਾਰੇ ਵਿਚ ਜਿਥੇ ਦੋਵੇਂ

ਰਾਜਕੁਮਾਰ ਰਣਵਿਜੈ ਸਿੰਘ ਅਰ ਬਿਕ੍ਰਮ ਜੀਤ ਸਿੰਘ ਪਲੰਘਾਂ ਪੁਰਘੁਰ ਤੇ ਮਾਰ ਕੇ ਹੋਏ ਸੁਤੇ ਹਨ ਅਰ ਫਰਸ਼ ਪੁਰ ਭੀਮ ਲੇਟੇ ਹੋਏ ਹਨ ਇਸ ਵੇਲੇ ਕੋਠੜੀ ਵਿਚ ਬਿਲ ਕੁਲ ਅੰਧੇਰਾ ਹੈ ਚਾਨਣ ਦਾ ਨਾਉਂ ਨਿਸ਼ਾਨ ਨਹੀਂ ਕਿ ਅਚਨ ਚੇਤ ਆਵਾਜ਼ ਆਈ,"ਆਰ ਆਰ ਆਰ" ਨਾਲ ਹਾ ਚੁਬਾਰੇ ਵਿਚ ਨਿੰਮੀ ਜਿਹੀ ਚਾਨਣੀ ਹੋ ਗਈ ਇਹ ਚਾਨਣ ਇਕ ਚੋਰ ਲਾਲਟੈਨ ਦਾਸੀ ਜਿਸ ਨੂ ਭੀਮ ਆਪਨੇ ਹਥ ਵਿਚ ਪਕੜੇ ਹੋਦੇ ਰਾਜ ਕੁਮਾਰਾਂ ਨੂੰ ਵੇਖ ਰਿਹਾ ਸੀ। ਦੋਵੇਂ ਰਾਜਕੁਮਾਰ ਸੁਤੇ ਸਨ ਅਰ ਇਸ ਦੀ ਪੈਹਲੀ ਸੀਟੀ ਪੁਰ ਵੀ ਨਾ ਜਾਗੇ ਤਾਂ ਭੀਮ ਆਪ ਉਠਿਆ ਅਰ ਉਨ੍ਹਾਂ ਦੋਹਾਂ ਨੂੰ ਜਗਾ ਦਿਤਾ ਜਿਸ ਤੋਂ ਉਹ ਦੋਵੇਂ ਘਬਰਾਏ ਉਠੇ ਅਰ ਹੁਸ਼ਿਆਰ ਹੋ ਕੇ ਪੁਛਨ ਲਗੇ "ਕੀ ਬਾਰਾਂ ਵਜ ਗਏ"?

ਭੀਮ-ਹਾਂ ਵਜ ਗਏ ਹਨ। ਤੁਹਾਨੂੰ ਤਾਂ ਮੈਂ ਪਹਿਲੀ ਜਗਾ ਦੇਨ ਲਈ ਆਖਦਾ ਸੀ ਪਰ ਤੁਸੀਂ ਅਜਿਹੀ ਵੇਸਲੇ ਹੋ ਗਏ। ਸ਼ਰਮ ਇਹ ਸੁਨ ਕਿ ਦੋਵੇਂ ਸ਼ਰਮ ਦੇ ਮਾਰੇ ਮੂੰਹ ਨੀਵਾਂ ਪਾ ਕਿ ਚੁਪ ਹੋ ਰਹੇ। ਹਾਂ ਹੁਨ ਸੁਨੋ ਜਿਸ ਕਮ ਲਈ ਅਸੀਂ ਨੌਕ ਆਏ ਹਾਂ ਉਹ ਬਹੁਤ ਹੀ ਭਜਾਨਕ ਅਰ ਅਜਿਹਾ ਹੀ ਔਖਾ ਹੈ ਸੋ ਅਸਾਂ ਨੂੰ ਹਵਾ ਦੇ ਵਗਨ ਪੁਰ ਭੀ ਚੇਤੰਨ ਰਹਿਨਾ ਚਾਹੀਏ। ਕਲ ਚੰਦ੍ਰ ਕੁਸ਼ਨ ਦੀ ਇਕ ਗਲ ਮੇਰੇ ਮਨ ਵਿਚ ਖੁਬ

ਗਈ ਸੀ ਪਰ ਓਹ ਐਵੇਂ ਭਰਮ ਹੀ ਨਿਕਲਯਾ।

ਰਨਵਿਜੈਸਿੰਘ--ਸੁਖ ! ਹੁਨ ਭਾਵੇਂ ਕੁਝ ਭੀ ਹੋਵੇ। ਅਸੀ ਦੋਵੇ ਜਨੇ ਤਿਆਰ ਬਰ ਤਿਆਰ ਹਾਂ ਹੁਨ ਨੀਂਦਰ ਬਿਲ ਕੁਲ ਨਹੀ।

ਬਿਕ੍ਰਮਾਜੀਤਸਿੰਘ--ਤੁਸਾਂ ਰਾਹ ਭੀ ਸੋਚਯਾ ਹੈ ! ਇਥੇ ਤਾਂ ਚਪੇ ਚਪੇ ਤੇ ਪਹਿਰਾ ਲਗਾ ਹੋਯਾ ਹੈ ਉਨਾਂ ਤੋਂ ਕਿਸ ਤਰਾਂ ਬਚ ਸਕਦੇ ਹਾਂ।

ਭੀਮ--(ਮੁਸਕੜਾ ਕੇ) ਸਰਜੂ ! ਕੋਈ ਚੂਕੀ ਨਹੀ ਹੈ ਜੋ ਪਹਿਲਾਂ ਹੀ ਕੁਝ ਸੋਚਕੇ ਨਾ ਤੁਰੀ ਹੋਵੇ।

ਰਨਵਿਜੈਸਿੰਘ--ਜੀ ਚੁਪ ! ਇਥੇ ਤਾਂ ਕੰਧਾਂ ਨੂੰ ਭੀ ਕੰਨ ਹਨ। ਕੋਈ ਸੁਨ ਨਾ ਲਵੇ।

ਹੁਨ ਜਦ ਇਨਾਂ ਨੇ ਆਪੇ ਹੀ ਆਪਨਾ ਪੜਦਾ ਜਾਹਰ ਕਰ ਦਿਤਾ ਤਾਂ ਅਸੀ ਭੀ ਹੁਨ ਪਾਠਕਾਂ ਨੂੰ ਕਿਉਂ ਹੈਰਾਨੀ ਵਿਚ ਰਖੀਏ ਸਾਫ ਸਾਫ ਦਸ ਦਿੰਦੇ ਹਾਂ ਕਿ ਭੀਮ ਦੀ ਸ਼ਕਲ ਵਾਲੀ ਤਾਂ "ਸਰਜੂ" ਹੈ ਅਰ ਰਨਵਿਜੈਸਿੰਘ "ਮਾਧਵੀ" ਅਤੇ ਬਿਕ੍ਰਮਾ ਜੀਤ ਸਿੰਘ ਦਾ ਰੂਪ "ਚਪਲਾ" ਧਾਰੇ ਹੋਏ ਹੈ। ਇਨਾਂ ਤਿੰਨਾਂ ਦਾ ਇਸ ਜਗਾਂ ਆਉਨ ਦਾ ਕਾਰਨ ਆਪਨੂੰ ਅਗੇ ਚਲਕੇ ਸਭ ਮਲੂਮ ਹੋ ਜਾਵੇਗਾ ਅਰ ਹੁਨ ਕਿਉਂ ਜੋ ਤਿਨਾਂ ਦਾ ਭੇਤ ਪਾਠਕਾਂ ਨੂੰ ਮਲੂਮ ਹੋ

ਗਿਆ ਹੈ ਅਸੀ ਭੀ ਉਨ੍ਹਾਂ ਨੂੰ ਅਸਲੀ ਨਾਮ ਨਾਲ ਹੀ ਲਿਖਦੇ ਹਾਂ:-

ਸਰਜੂ--ਐਸਵੇਲੇ ਜੋ ਇਹ ਸ਼ਾਂ ਸ਼ਾਂ ਕਰਦੀ ਹੋਈ ਤੇਜ ਹਵਾ ਚਲ ਰਹੀ ਹੈ ਸਾਡੇ ਕੰਮ ਵਿਚ ਬਹੁਤ ਮਦਦ ਦੇਵੇਗੀ। ਸੁਨਦੇ ਹੋ। ਪਰਦਿਆਂ ਦੀ ਫਰ ਫਰ ਅਰ ਦਰਵਾਜਿਆਂ ਦੀ ਖੜ ਖੜ ਸਾਡੇ ਕੰਮਾਂ ਪੁਰ ਪਰਦਾ ਪਾਏ ਗੀ।

ਮਾਧਵੀ-ਪਰ ਹੁਨ ਚਿਰ ਕਰਨ ਦਾ ਕੀ ਕਾਰਨ ਹੈ।

ਸਰਜੂ-ਕੁਝ ਚਿਰ ਨਹੀ। ਚਲੋ। ਪਰ ਮੇਰੇ ਪਿਛੇ ਪਿਛੇ ਹੌਲੀ ਹੌਲੀ ਆਉਨਾ ਅਰ ਦੋਹਾਂ ਪਾਸਿਆਂ ਦੀਆਂ ਕੋਠੜੀਆਂ ਤੋਂ ਭੀ ਬਚਨਾ। ਜਿਸਤੋਂ ਕਿਸੇ ਤਰਾਂ ਦੀ ਆਵਾਜ ਨਾ ਆਵੇ। ਪਰ ਤੁਸੀ ਦੋਵੇ ਕਾਲੀ ਚਦਰ ਉਪਰ ਲੈ ਲਵੋ। ਸਰਜੂ ਪਹਿਲੇ ਹੀ ਲੈ ਚੁਕੀ ਸੀ। ਹੁਨ ਤਿੰਨੇ ਕਾਲੇ ਭੂਤ ਬਨ ਗਈਆਂ ਅਰ ਫੇਰ ਲਾਲ ਟੈਨ ਭੀ ਬੁਝਾ ਦਿਤੀ।

ਹੁਨ ਸਰਜੂ ਨੇ ਬਾਹਰੋਂ ਦਰਵਾਜਾ ਖੋਲਯਾ ਜਿਸਦੇ ਅਗੇ ਇਕ ਚੌੜਾ ਦਾਲਾਨ ਸੀ ਇਸਤੋਂ ਅਗੇ ਇਕ ਹੋਰ ਡਿਓੜੀ ਸੀ ਇਥੇ ਕੋਈ ਪਹਿਰੇ ਦਾਰ ਨਹੀਂ ਸੀ। ਹੌਲੀ ਜਹੀ ਤਿੰਨੇ ਉਸ ਵਿਚੋਂ ਲੰਘ ਗਈਆਂ ਅਰ ਫੇਰ ਦਰਵਾਜਾ ਬੰਦ ਕਰ ਦਿਤਾ।

ਸਰਜੂ—ਮੈ ਕਮੰਦ ਲਗਾ ਕੇ ਇਸ ਭਿਓੜੀ ਦੇ ਹੇਠਾਂ ਉਤਰਦੀ ਹਾਂ ਕਿਉਂ ਕੇ ਇਸਦੇ ਦੋਹੀ ਪਾਸੀ ਪਹਿਰੇ ਦਾਰ ਖੜੋਤੇ ਹਨ। ਤੁਸੀ ਭੀ ਮੇਰੇ ਪਿਛੇ ਆਓ।

ਸਰਜੂ ਨੇ ਇਹ ਕਹਿਕੇ ਕਮੰਦ ਲਗਾਈ ਅਰ ਝਟ ਹੇਠਾਂ ਉਤਰ ਗਈ ਇਸਤੋਂ ਪਿਛੇ ਮਾਧਵੀ ਅਰ ਚਪਲਾ ਭੀ ਉਤਰੀਆਂ ਜੋ ਠੀਕ ਇਸਦੇ ਨਾਲ ਜਾ ਖੜੋਤੀਆ ਇਹ ਉਸੇ ਦਬਾਰੇ ਦਾ ਪਛਵਾੜਾ ਸੀ ਜਿਸ ਵਿਚ ਇਹ ਤਿੰਨੇ ਸੁਤੀਆ ਸਨ। ਇਹ ਮਜਲ ਦੂਰ ਤਕ ਲੰਮੀ ਚਲੀ ਗਈ ਸੀ ਅਰ ਉਸ ਵਿਚ ਇਕ ਲੰਮੀ ਪਲਾਖ ਕੋਠੜੀਆਂ ਦੀ ਬਨੀ ਹੋਈ ਸੀ। ਭਿਓੜੀ ਦੇ ਖਬੇ ਪਾਸੇ ਉਚੀ ਕੰਧ ਸੀ ਅਰ ਜਿਥ ਹੁਣ ਇਹ ਤਿੰਨੇ ਖੜੋਤੀਆਂ ਸਨ ਇਹ ਇਕ ਲੰਮੀ ਗਲੀ ਸੀ। ਇਸੇ ਵਿਚ ਇਹ ਹੌਲੀ ਹੌਲੀ ਅਗੇ ਚਲੀਆਂ। ਕੁਝ ਚਿਰ ਤਾ ਚੁਪ ਚਾਪ ਤੁਰਨ ਦੇ ਪਿਛੇ ਇਸ ਗਲੀ ਦਾ ਦੂਜਾ ਸਿਰਾ ਦਿਸਯਾ ਅਰ ਇਸਦੇ ਪਿਛੇ ਮੈਦਾਨ ਅਰ ਕਿਲੇ ਦੀ ਕੰਧ ਸੀ।

ਸਰਜੂ—ਖਬਰਦਾਰ! ਇਥੋਂ ਤਕੜਾ ਹੋ ਕੇ ਅਰ ਸਿਆਣਪ ਨਾਲ ਬਚਨ ਦਾ ਕੰਮ ਹੈ।

ਇਸਨੇ ਇਹ ਕਿਹਾ ਹੀ ਸੀ ਕਿ ਸਾਮਨੇ ਦੀ

ਵਲੋਂ ਪਰ ਕੁਝ ਦੂਰੋਂ ਆਵਾਜ ਆਈ "ਕੌਣ ਹੈ"? ਇਹ ਸੁਣ ਕੇ ਤਿੰਨਾਂ ਦਾ ਲਹੂ ਸੁਕ ਗਿਆ, ਛਾਤੀ ਧੜਕਣ ਲਗ ਗਈ ਅਰ ਸਰਜੂ ਦੋਹਾਂ ਦਾ ਹਥ ਪਕੜ ਕੇ ਲੇਟ ਗਈ ਅਰ ਹੌਲੀ ਹੌਲੀ ਲੇਟਦੇ ਲੇਟਦੇ ਹੀ ਆਵਾਜ ਦੇ ਪਾਸੇ ਵਲ ਰਿੜਨ ਲਗੀ ਉਧਦੇ ਨਾਲ ਹੀ ਇਹ ਭੀ ਦੇਵੇ ਹੀ ਸਨ ਕਿ ਐਨੇ ਨੂੰ ਫੇਰ ਉਹੋ ਆਵਾਜ ਆਈ "ਕੌਣ ਹੈ"? ਅਰ ਸਿਪਾਹੀ ਨੇ ਇਕਵਾਰਗੀ ਹੋਰ ਆਵਾਜ ਦੇ ਕੇ ਬੰਦੂਕ "ਠਾਂ" ਚਲਾ ਦਿਤੀ। ਰਾਤ ਦਾ ਵੇਲਾ ਸੀ ਆਵਾਜ ਦੂਰ ਤਕ ਚਲੀ ਗਈ। ਇਸਦੀ ਬੰਦੂਕ ਦੀ ਆਵਾਜ ਸੁਣਕੇ ਇਕ ਹੋਰ ਦੀ ਆਵਾਜ ਆਈ "ਇਹ ਕੈਰ ਕਿਉਂ ਕੀਤਾ" ਬੰਦੂਕ ਚਲਾਉਣ ਵਾਲੇ ਸਿਪਾਹੀ ਨੇ ਕਿਹਾ ਮੈਨੂੰ ਕੁਝ ਭੁਲੇਖਾ ਪਿਆ ਸੀ।

ਹੁਣ ਰਤਾ ਤਿੰਨਾਂ ਦੀ ਜਾਨ ਵਿਚ ਜਾਨ ਆਈ ਅਰ ਤਿੰਨੇ ਜਣੀਆਂ ਉਸੇ ਤਰਾਂ ਲੇਟਦੀਆਂ ਹੋਈਆਂ ਉਸ ਗਲੀ ਵਿਚੋਂ ਨਿਕਲਕੇ ਬਾਹਰ ਮੈਦਾਨ ਵਿਚ ਆ ਗਈਆਂ।

ਉਹ ਸਿਪਾਹੀ ਜਿਸਨੇ ਬੰਦੂਕ ਚਲਾਈ ਸੀ ਕੁਝ ਦੂਰ ਜਿਹਾ ਗਲੀ ਦੇ ਸਿਰੇ ਪੁਰ ਇਨਾਂ ਨੂੰ ਦਿਸਦਾ ਪਰ ਸਿਪਾਹੀ ਨੇ ਇਨਾਂ ਨੂੰ ਨਾ ਵੇਖਦਾ ਅਤੇ ਇਹ

ਬੁਲਾਵਾ ਅਪਨੇ ਰਸਤੇ ਚਲੀਆਂ ਗਈਆਂ।

ਇਸ ਗਲੀ ਤੋਂ ਨਿਕਲਕੇ ਜਾਂ ਸ਼ਾਹੀ ਮਹਿਲਾਂ ਤੋਂ ਪਾਰ ਹੋ ਕੇ ਬਾਹਰ ਵਡੇ ਵਡੇ ਟਾਹਲੀ ਦੇ ਰੁਖ ਲਗੇ ਹੋਏ ਸੀ ਅਰ ਅਜਿਹੇ ਉਚੇ ਅਰ ਸੰਘਨੇ ਸਨ ਕਿ ਹਥ ਨੂੰ ਹਥ ਨਹੀਂ ਦਿਸਦਾ ਸੀ।

ਸਰਜੂ ਹੁਨ ਮੈਦਾਨ ਦੀ ਵਲ ਤੁਰਦੀ ਤੁਰਦੀ ਲੰਮੇ ਲੰਮੇ ਘਾਹ ਵਿਚ ਜਾ ਕੇ ਦੂਰ ਸਾਰੇ ਠਹਿਰ ਗਈ ਅਰ ਏਧਰ ਓਧਰ ਵੇਖਨ ਲਗੀ ਉਹ ਅਧੇ ਘੰਟੇ ਤਕ ਪੰਜਚਾਰ ਕਦਮ ਅਗੇ ਪੰਜ ਸਤ ਕਦਮ ਪਿਛੇ ਚਲਕੇ ਕੁਝ ਖੋਜਦੀ ਰਹੀ ਅਰ ਮਾਰੇ ਕ੍ਰੋਧ ਦੇ ਕਚੀਚੀ ਵਟ ਕੇ ਛਿਥੀ ਹੋ ਜਾਂਦੀ ਸੀ। ਅਖੀਰੀ ਉਸਨੇ ਇਕ ਜਗਾ ਠੀਕ ਕਰ ਲਈ ਅਰ ਉਸ ਥਾਂ ਖੜੋਕੇ ਮਾਧਵੀ ਅਰ ਚਪਲਾ ਨੂੰ ਆਪਨੇ ਪਾਸ ਬੁਲਾਯਾ।

ਸਰਜੂ—ਇਸ ਪਥਰ ਨੂੰ ਵੇਖਦੀ ਹੋ ਜਿਸ ਉਤੇ ਮੈਂ ਖੜੋਤੀ ਹਾਂ।

ਮਾਧਵੀ—ਐਹੋ ਜਿਹੇ ਅੰਧੇਰ ਵਿਚ ਉਂਞ ਤਾਂ ਕੁਝ ਨਹੀਂ ਦਿਸਦਾ ਪਰ ਟੋਹਨ ਟਾਹਨ ਤੋਂ ਪਤਾ ਲਗਦਾ ਹੈ ਕਿ ਇਹ ਇਕ ਲੰਮਾ ਚੌੜਾ ਪਥਰ ਹੈ।

ਸਰਜੂ—ਸਖੀ! ਇਹ ਤਿਨ ਗਜ ਲੰਮਾ ਅਰ ਇਕ ਗਜ ਚੌੜਾ ਪਥਰ ਹੈ ਜੇਕਰ ਅਸੀ ਤਿੰਨੇ ਰਲਕੇ ਇਸਨੂੰ ਇਕ

ਪਾਸੇ ਕਰਨਾ ਚਾਹੀਏ ਤੁਾਂ ਕਰ ਸਕਦੀਆਂ ਹਾਂ ? ਕਿਉਂ ਚਪਲਾ ?

ਚਪਲਾ--ਕਿਉਂ ਨਹੀਂ ਕਰ ਸਕਦੀਆਂ ?

ਸਰਜੂ--ਹਛਾ ! ਮਾਧਵੀ ਤੂੰ ਇਸ ਨੁਕਰ ਵਲ ਹੋ ਜਾ ਅਰ ਮੈਂ ਤਾਂ ਇਸ ਪਾਸੇ ਹਾਂ ਹੀ ਅਰ ਚਪਲਾ ਤੂੰ ਵਿਚਕਾਰੋਂ ਹਥ ਲਗਾਓ

ਤਿੰਨਾਂ ਨੇ ਦੰਦੀਆਂ ਪੀਹ ਪੀਹ ਕੇ ਬੜੇ ਜੋਰ ਨਾਲ ਥੋੜੇ ਚਿਰ ਵਿਚ ਹੀ ਪਥਰ ਨੂੰ ਇਕ ਪਾਸੇ ਕਰ ਦਿਤਾ ਪਰ ਹਫ ਹਫ ਕੇ ਮੁੜ੍ਹਕਾ ਮੁੜ੍ਹਕਾ ਹੋ ਗਈਆਂ ਅਰ ਸਾਹ ਲੈਣ ਲਗੀਆਂ ।

ਹੁਣ ਸਰਜੂ ਨੇ ਉਚੇ ਘਾਹ ਵਿਚ ਬਹਿਕੇ ਉਸ ਚੋਰ ਲਾਲਟੈਨ ਨੂੰ ਜਗਾਇਆ ਜੋ ਪਹਿਲੇ ਚੁਬਾਰੇ ਵਿਚ ਜਗਾ ਦਾਈ ਹੀ । ਲਾਲਟੈਨ ਜਗਾਕੇ ਛੇਤੀ ਨਾਲ ਉਸ ਪਥਰ ਦੇ ਹੇਠੋਂ ਜੋ ਸੁਰੰਗ ਨਿਕਲੀ ਸੀ ਉਸ ਵਿਚ ਕਰ ਦਿਤੀ ਜਿਸਤੋਂ ਕਿ ਚਾਨਣਾ ਬਾਹਰ ਨਾ ਹੋਵੇ ।

ਸਰਜੂ--ਮਾਧਵੀ ! ਤੂੰ ਇਸ ਥਾਂ ਇਸ ਸੁਰੰਗ ਦੇ ਬਾਹਰ ਠਹਿਰੋਂ ! ਅਰ ਜੇਕਰ ਕਿਸੇ ਤਰਾਂ ਦੀ ਕੋਈ ਮੁਸੀਬਤ (ਜਿਸਦਾ ਕੋਈ ਸੁਪਨੇਮਾਤ੍ਰ ਭੀ ਖਿਆਲ ਨਹੀਂ) ਪ੍ਰਮਾਤਮਾ ਨਾ ਕਰੇ ਹੋਵੇ ਤਾਂ ਉਸਨੂੰ ਤੂੰ ਆਪ ਹੀ ਚਰਕੀ ਅਰ ਬੁਧਿ ਨਾਲ ਦੂਰ ਕਰਨਾ । ਮੈਂ ਚਪਲਾ ਨੂੰ ਨਾਲ ਲੈਕੇ ਜਾਂਦੀ ਹਾਂ । ਕਿਉਂ ਜੋ ਸ਼ੈਦ ਰਾਹ ਵਿਚ

ਕੋਈ ਲੋੜ ਪਵੇ। ਮੈਂ ਕੰਮ ਪੂਰਾ ਕਰਕੇ ਹੁਨੇ ਮੁੜਕੇ ਆਉਂਦੀ ਹਾਂ।

ਮਾਧਵੀ ਇਹ ਸੁਣਕੇ ਉਸੇ ਥਾਂ ਤੇ ਉਸੇ ਪਥਰ ਪੁਰ ਬੈਠ ਗਈ ਅਸ ਸਰਜੂ ਚਪਲਾ ਸਮੇਤ ਉਸ ਸੁਰੰਗ ਵਿਚ ਉਤਰ ਗਈ। ਪਹਿਲੇ ਤਾਂ ਇਹ ਸੁਰੰਗ ਕੁਝ ਦੂਰ ਤਕ ਲੰਮੀ ਅਰ ਬੜੀ ਹੀਗੀਦੀ ਵੇਖੀ ਪਰ ਥੋੜੀ ਕੁ ਦੂਰ ਅਗਾਂਹਾਂ ਜਾਕ ਅਗੋਂ ਸਾਫ ਅਰ ਪੱਕਾ ਰਾਹ ਦਿਸਦਾ ਭਾਵੇਂ ਇਸਦੀ ਬਨਾਉਟ ਬਹੁਤ ਹੀ ਅਨੋਖੀ ਸੀ ਪਰ ਇਸ ਵਿਚ ਕੋਈ ਸੰਦੇਹ ਨਹੀ ਕਿ ਇਹ ਸੁਰੰਗ ਭੀ ਕਿਲੇ ਦੇ ਨਾਲ ਹੀ ਬਨਾਈ ਗਈ ਸੀਇਹ ਦੋਵੇ ਲਗਾ ਤਾਰ ਕਦਮ ਚੁਕਦੀਆਂ ੨ ਇਕ ਅਜਿਹੀ ਥਾਂ ਤੇ ਪਹੁੰਚੀਆਂ ਜਿਥੇ ਕੁਝ ਕੁਝ ਸਿਲਾਬ੍ਹਾ ਦਿਸਦਾਂ ਸੀ ਇਥੇ ਪਹੁੰਚਕੇ ਚਪਲਾ ਨੇ ਸਮਝ ਲਿਆ ਕਿ ਅਸੀ ਹੁਨ ਠੀਕ ਖੰਦਕ ਦੇ ਹੇਠਾਂ ਹਾਂ। ਸਰਜੂ ਇਥੇ ਕੁਝ ਠਹਿਰ ਗਈ ਪਰ ਉਸੇ ਚਾਲ ਢਾਲ ਫੇਰ ਚਲਨ ਲਗੀ। ਅਰ ਕੁਝ ਦੂਰ ਅਗੇ ਜਾਨ ਤੇ ਇਕ ਛੋਟਾ ਜਿਹਾ ਦਰਵਾਜਾ। ਦਿਸ ਦਾ ਜਿਸਦੇ ਪਾਸ ਪਹੁੰਚਨ ਤ ਇਹ ਭੀ ਮਲੂਹ ਹੋ ਗਯਾ ਕਿ ਇਹ ਦਰਵਾਜਾ ਲਕੜੀ ਦਾ ਨਹੀਂ। ਕਿੰਤੂ ਲੋਹੇ ਦਾ ਹੈ ਅਰ ਜਿਸਦੇ ਵਿਚ ਸਜੇ ਪਾਸੇ ਇਕ ਪਿਤਲ ਦੀ ਹੱਥੀ ਭੀ ਲਗੀ ਹੋਈ ਸੀ ਜਿਸਨੂੰ ਪਕੜ ਕੇ ਘੁਮਾਉਣੇ ਅਰ ਝਟਕਾ ਦੇ ਕੇ ਅੰਦਰ ਦੀ ਵਲ ਧਿਕਣ ਤੋਂ ਦਰ

ਵਾਜ਼ਾ ਖੁਲ ਗਿਆ ਸਰਜੂ ਚਾਨਣਾ ਕੀਤੇ ਹੋਏ ਅਰ ਪਿਛੇ ਪਿਛੇ ਰਪਸ਼ਾ ਦੇਵੇ ਉਸ ਦਰਵਾਜ਼ੇ ਵਿਚ ਚਲੀਆਂ ਗਈਆਂ ਜਿਥੇ ਉਨਾਂ ਨੇ ਵੇਖਯਾ ਕਿ ਅਸੀ ਇਕ ਖੂਹ ਦੇ ਅੰਦਰ ਹਾਂ ਇਹ ਚੋਰ ਬੂਹਾ ਉਸੇ ਸੁਕੇ ਹੋਏ ਖੂਹ ਦੇ ਠੀਕ ਪੈਂਦੇ ਵਿਚ ਬਣਿਆ ਹੋਯਾ ਹੈ ਅਰ ਜੇਕਰ ਉਹ ਬੂਹਾ ਬੰਦ ਕਰ ਦਿਤਾ ਜਾਵੇ ਤਾਂ ਖੂਹ ਵਿਚੋਂ ਪਤਾ ਭੀ ਨਾ ਲਗੇ ਕਿ ਬੂਹਾ ਕਿਥੇ ਹੈ। ਸਰਜੂ ਨੇ ਕੁਝ ਚਿਰ ਠਹਿਰਕੇ ਅਰ ਏਧਰ ਓਧਰ ਦੇਖਕੇ ਸ਼ੇਰ ਦੇ ਪੰਜੇ ਵਾਲੀ ਕਮੰਦ ਕਢੀ ਅਰ ਉਪਰ ਸੁਟੀ ਜੋ ਖੂਹ ਦੇ ਬਾਹਰ ਕਿਸੇ ਖਾਸ ਚੀਜ਼ ਵਿਚ ਅੜ ਗਈ ਅਰ ਇਸਦੇ ਸਹਾਰੇ ਦੋਵੇਂ ਉਪਰ ਚੜ ਆਈਆਂ। ਹੁਣ ਜੋ ਚਾਰੇ ਪਾਸੇ ਨਜ਼ਰ ਦੌੜਾਈ ਤਾਂ ਵੇਖਯਾ ਕਿ ਇਹ ਸੁਕਾ ਖੂਹਾ ਉਸੇ ਜੰਗਲ ਵਿਚ ਹੈ ਜੋ ਸ਼ੇਰਗੜ ਦੇ ਠੀਕ ਸੱਜੇ ਪਾਸੇ ਕਿਲ ਦੀ ਖਾਈ ਤਕ ਚਲਾ ਗਿਆ ਹੈ (ਅਰ ਜਿਸ ਜੰਗਲ ਦੀ ਵਲੋਂ ਬਬਰ ਖਾਂ ਨੇ ਭੀ ਇਕ ਵਾਰੀ ਪੌੜੀ ਲਗਾਈ ਸੀ)

ਸਰਜੂ-ਜੋ ਸੋਚਿਆ ਸੀ ਉਹੋ ਈਸ਼੍ਵਰ ਦੀ ਕ੍ਰਿਪਾ ਨਾਲ ਸਾਡਾ ਕੰਮ ਠੀਕ ਹੋਇਆ।

ਇਹ ਕਹਿਕੇ ਸਰਜੂ ਨੇ ਜ਼ੋਰ ਨਾਲ ਸੀਟੀ ਵਜਾਈ ਜਿਸਨੂੰ ਸੁਣਦਿਆਂ ਹੀ ਇਕ ਅਸਵਾਰ ਨੇੜੇ ਦੀਆਂ ਹੀ ਝਾੜੀਆਂ ਵਿਚੋਂ ਨਿਕਲ ਆਯਾ।

ਸਰਜੂ-ਕੀ ਤੂੰ ਸਓਂ ਗਿਆ ਸੀ।

ਅਸਵਾਰ—ਸਉਂ ਗਿਆ ਹੁੰਦਾ ਤਾਂ ਆਵਾਜ ਦੇ ਸੁਨ ਦਿਆਂ ਹੀ ਕਿਸ ਤਰੀ ਆ ਜਾਂਦਾ।

ਸਰਜੂ—ਤੂੰ ਅਸਾਂਨੂੰ ਖੂਹ ਵਿਚੋਂ ਨਿਕਲਦਿਆਂ ਦੇਖਦਾ ਸੀ?

ਅਸਵਾਰ—ਨਹੀ ਓਸ ਵੇਲੇ ਮੈਂ ਕਿਸੇ ਹੋਰ ਧਿਆਨ ਵਿਚ ਸਾਂ ਪਰ ਜਿਸ ਵੇਲੇ ਤੁਸੀ ਕੁਝ ਗਲ ਬਾਤ ਕਰ ਰਹੀਆਂ ਸੀ ਉਸ ਵੇਲੇ ਮੈਂ ਚੰਗੀ ਤਰਾਂ ਦੇਖ ਲਿਆ ਸੀ।

ਸਰਜੂ—ਤਦ ਆਏ ਕਿਉਂ ਨਹੀ?

ਅਸਵਾਰ—ਇਸ ਲਈ ਕਿ ਤੁਸਾਡਾ ਹੁਕਮ ਸੀਟੀ ਦੀ ਆਵਾਜ ਪੁਰ ਹੀ ਆਉਨ ਦਾ ਸੀ।

ਸਰਜੂ—ਠੀਕ! ਠੀਕ! ਤੂੰ ਬੜਾ ਸਿਆਣਾ ਅਰ ਹੁਸ਼ਯਾਰ ਸਵਾਰ ਹੈ ਅਰ ਇਸੇ ਲਈ ਨਿਹਾਲ ਸਿੰਘ ਨੇ ਤੈਨੂੰ ਹੀ ਭੇਜਯਾ ਹੋਹਣਾ ਸੁਨੋ! ਤੂੰ ਆਪਨੇ ਅਫ਼ਸਰ ਨੂੰ ਜਾਕ ਆਖ ਦੇਹ ਕਿ ਕੰਮ ਠੀਕ ਹੋ ਗਿਆ ਹੈ ਕਲ ਦੋ ਸੌ ਆਦਮੀ ਲੈਕੇ ਠੀਕ ੧੨ ਵਜੇ ਰਾਤ ਦੇ ਇਸ ਜਗਾਂ ਆ ਜਾਵੇ ਅਰ ਰਾਹ ਵਿਚ ਦੁਸ਼ਮਨਾਂ ਦੀ ਨਜਰ ਬਚਨਾ ਉਨਾਂ ਦਾ ਆਪਨਾ ਕੰਮ ਹੈ ਪਰ ਫੇਰ ਭੀ ਇਹ ਗਲ ਤਕੀਦ ਕਰਕੇ ਆਖਦੀ ਹਾਂ ਕਿ ਉਹ ਬਹੁਤ ਬਚਕੇ ਆਦਮੀਆਂ ਨੂੰ ਲਿਆਉਨ। ਪ੍ਰਤਾਪ ਸਿੰਘ ਸੈਨਾਪਤਿ ਦਾ ਚੰਗਾ ਅਤੇ ਪਕਾ ਪ੍ਰਬੰਧ ਹੈ ਇਥੇ ਆ ਜਾਨ ਪੁਰ ਫੇਰ ਮੈਂ ਉਨਾਂ ਸਾਰਿਆਂ ਨੂੰ ਇਸਦੇਅੰਦਰਲੇ ਜਾਵਾਂਗੀ।

ਅਸਵਾਰ—ਬਸ ਇਹੋ ਹੀ ਕਹਿਣਾ ਹੈ

ਸਰਜੂ—ਹਾਂ ਇਹੋ ਹੀ ਅਰ ਹੋਰ ਜੋ ਤੁਸਾਂ ਸਾਡਾ ਆਉਣਾ ਜਾਣਾ ਆਦਿਕ ਸਭ ਦਸ ਦੇਣਾ।

ਅਸਵਾਰ--ਹਾਂ ਹਾਂ ਪਹਿਲੇ ਇਹੋ ਦਸਕੇ ਫੇਰ ਆਪ ਦਾ ਸੰਦੇਸਾ ਸੁਣਾਂਵਗਾ। ਹਛਾ ਮੈਂ ਹੁਣ ਜਾਂਦਾ ਹਾਂ।

ਸਰਜੂ—" ਜਾਓ। ਪਰ ਬਹੁਤ ਬਚਕੇ।"

ਅਸਵਾਰ—ਮੈਂ ਹੁਸ਼ਿਆਰ ਹਾਂ

ਇਹ ਕਹਿਕੇ ਉਹ ਘੋੜਾ ਭਜਾਂਦਾ ਹੋਯਾ ਖੁਲੇ ਮੈਦਾਨ ਵਲ ਚਲਾ ਗਿਆ ਇਧਰ ਸਰਜੂ ਚਪਲਾ ਸਮੇਤ ਉਸੇ ਸੁੱਕੇ ਖੂਹੇ ਪੁਰ ਆਈ ਅਰ ਉਸੇ ਕਮੰਦ ਦੇ ਸਹਾਰੇ ਹੇਠਾਂ ਉਤਰ ਗਈ ਅਰ ਝਟਕਾ ਮਾਰਕੇ ਕਮੰਦ ਉਤਾਰ ਲਿਆ ਅਰ ਹੁਣ ਸਰਜੂ ਅਰ ਚਪਲਾ ਇਸ ਕੰਮ ਦੇ ਉਪ੍ਰੰਤ ਸੁਰੰਗ ਵਿਚ ਚਲੀਆਂ ਗਈਆਂ ਅਰ ਉਹੋ ਦਰਵਾਜ਼ਾ ਬੰਦ ਕਰਕੇ ਫੇਰ ਉਸੇ ਸੁਰੰਗ ਰਸਤੇ ਉਥੇ ਆ ਗਈਆਂ ਜਿਥੇ ਮਾਧਵੀ ਨੂੰ ਛਡ ਗਈਆਂ ਸਨ ਮਾਧਵੀ ਉਥੇ ਬੀ ਬੈਠੀ ਇਨਾਂ ਦਾ ਰਾਹ ਤਕ ਰਹੀ ਸੀ ਹੁਣ ਤਿੰਨਾਂ ਨੇ ਰਲ ਕੇ ਫੇਰ ਉਸੇ ਤਰਾਂ ਜੋਰ ਨਾਲ ਪਥਰ ਨੂ ਉਸੇ ਤਰਾਂ ਸੁਰੰਗ ਦੇ ਮੂੰਹ ਅਗੇ ਧਰ ਦਿਤਾ ਅਰ ਫੇਰ ਉਸੇ ਤਰਾਂ ਕਮੰਦ ਲਗਾ ਕੇ ਡਿਓੜੀ ਦੇ ਉਪਰੋਂ ਚੜ੍ਹਕੇ ਉਸੇ ਚੁਬਾਰੇ ਵਿਚ ਆ ਸੁਤੀਆਂ। ਜਿਸਤਰਾਂ ਕਿ

ਇਹ ਕਿਧਰੇ ਗਈਆਂ ਹੀ ਨਹੀ ਅਰ ਕੁਝ ਹੋਯਾ ਹੀ ਨਹੀ।

"ਸੋ ਪਾਠਕਜੀ ! ਹੁਣ ਦੇਖੀਏ ਇਸ ਰਾਤ ਦੀ ਕਾਰਵਾਈ ਤੋਂ ਕੀ ਰੰਗ ਪੁਲਦਾ ਹੈ ਅਰ ਉਹ ਰੰਗ ਦੇਖਨਾ ਚਾਹੁੰਦੇ ਹੋ ਤਾਂ "ਚੌਥਾ ਭਾਗ" ਮੰਗਵਾ ਕੇ ਪੜ੍ਹੋ ਮੂਲ ॥)

ਪਤਾ—

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਨਾਵਲਾਂ ਦੇ ਢੰਗ ਦਾ ਅਤਯੰਤ ਸੁੰਦਰ ਪੁਸਤਕ

"ਅਕਾਲੀ ਜੋਧਾ"

ਕ੍ਰਿਤ ਸ੍ਰੀ ਮਾਨ ਸੰਤ ਸੰਪੂਰਨ ਸਿੰਘ ਜੀ ph.D.Sc.

ਅਕਾਲੀਆਂ ਵਿੱਚ ਅਕਾਲ ਸ਼ਕਤੀ, ਅਕਾਲੀ ਕਿਸ ਤਰਾਂ ਬਣੀਦਾ ਹੈ ? ਅਕਾਲੀ ਜੋਰਾਵਰ ਕਿਉਂ ਹਨ? ਸ਼ਰੀਰਕ ਆਤਮਕ ਬਲ, ਬਲ ਪ੍ਰਾਪਤੀ ਦਾ ਸਾਧਨ, ਆਤਮਕ ਭੋਜਨ, ਖਾਈਏ ਕਿਸ ਭਾਂਤ, ਖਾਈਏ ਕੀਹ, ਸੁਆਹ ਉੱਪਰ ਗੁਜ਼ਾਰਾ, ਰੋਗ ਦਾ ਇਲਾਜ, ਖਾਣ ਵਿੱਚ ਇੱਕ ਆਮ ਭੁੱਲ, ਨਿਰਬਲਤਾ ਕਿੱਧਰੋਂ ਔਂਦੀ ਹੈ ਧਾਤੀ ਚਾਲ, ਵਿਪ੍ਰੀਤ ਭੋਜਨ, ਖਾਣ ਦੀ ਮਰਯਾਦਾ, ਤ੍ਰਿਕਾਲ ਭੋਜਨ, ਬਤੀਤ ਅਧਾਰੀ ਜੀਵਨ, ਵਿਤ ਵਿੱਚ ਰਹਿਣਾ, ਸਦੈਵਿਕ ਤਾੜਨਾ, ਵਿੱਤੋਂ ਵਧਕੇ ਪੜ੍ਹਨਾ, ਪੁਰਖਤੂ; ਭੁੱਖ ਬੰਦ, ਕਸਰਤ ਕਰੋ ਤੇ ਭੁੱਖ ਵਧਾਓ ਆਲਸ ਦਾ ਨਤੀਜਾ ਵਿੱਤੋਂ ਵੱਧ ਪਾਠ ਕਰਨਾ, ਸਰਧਾ ਸਾਧਨ, ਟੋਟੇ ਤੋਂ ਲਾਹ ਨਿਰਮੁਕਤ ਭਰੋਸਾ, ਅਟੱਲ ਵਿਸ਼ਵਾਸ, ਅਕਾਲੀਆਂ ਨੂੰ ਬਲ ਕਿਥੇ ਵਰਤਨਾਂ ਲੋੜੀਂਦਾ ਹੈ ? ਆਤਮ ਸਾਧਨਾ, ਨਿੱਜ ਦਾ ਕੰਮ, ਅਗਿਆਨ ਦਾ ਜਾਲ,

ਤ੍ਰੈਸਾਰ ਸੇਵਨ, ਗੁਰੂ ਸਾਹਿਬ ਦਾਦ ਤੀਰਾ, ਅਕਾਲੀਆਂ ਦਾ ਕਰਤੱਬ ਦੈਵੀ ਪ੍ਰੇਰਨਾ ਜ਼ਿੰਦਗੀ ਦੀ ਸੰਭਾਲ ਬਲ ਦੇ ਸਭ ਅਧਿਕਾਰ, ਕੰਮ ਕਰਨ ਵਿੱਚ ਅਗੇ ਨਿਕਲ ਜਾਨਾਂ ਆਦਿ ਮਜ਼ਮੂਨਾਂ ਦੀ ਬੜੀ ਹੀ ਸੁੰਦਰ ੧੮੦ ਸਫੇ ਦੀ ਪੁਸਤਕ ਸਾਇੰਸ ਤੇ ਵੈਦਕ ਆਦਿ ਹੋਰਨਾਂ ਮਤਾਂ ਦੇ ਮੁਕਾਬਲੇ ਕਰਕੇ ਅਕਾਲੀ ਲੈਹਰ ਨੂੰ ਦੁਨੀਆਂ ਦੀਆਂ ਕੁਲ ਸਰੇਣੀਆਂ ਤੋਂ ਉੱਚਾ ਤੇ ਸੁੱਚਾ ਦੱਸਿਆ ਹੈ। ਭੇਟਾ ਕੇਵਲ ੧)

ਸੌ ਸਾਖੀ

ਇਹ ਹੁਣੇ ਹੀ ਛਪ ਕੇ ਤਿਆਰ ਹੋਈ ਹੈ, ਇਸ ਵਿੱਚ ਹੋਣ ਵਾਲੇ ਕਰਤਬ ਸਭ ਲਿਖੇ ਹਨ, ਜੇ ਅਗਲੇ ਪਿਛਲੇ ਕੁਲ ਹਾਲ ਪੜ੍ਹਨੇ ਹੋਣ ਤਦ ਇਹ ਪੁਸਤਕ ਮੰਗਵਾਕੇ ਪੜ੍ਹੋ ਸਾਨੂੰ ਏਡੀਆਂ ਜਹੀਆਂ ਪੁਸਤਕਾਂ ਮਿਲੀ ਆਂ ਹਨ। ਭੇਟਾ ੨।)

ਪੁਸਤਕਾਂ ਮਿਲਨ ਦਾ ਪਤਾ—

ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈਸੇਵਾਂ ਅੰਮ੍ਰਿਤਸਰ

ਸੂਦਾਰ ਸ.ਪ.ਚਰਨ ਸਿੰਘ ਜੀ 'ਸ਼ਹੀਦ' ਅਹਿਲਕਾਰ
ਪਟਿਆਲਾ ਰਚਿਤ ਪੁਸਤਕਾਂ

ਦਲੇਰ ਕੌਰ

ਇਸ ਪੁਸਤਕ ਦੀ ਤਾਰੀਫ਼ ਕਰਨ ਦੀ ਲੋੜ ਨਹੀਂ, ਸਗੋਂ ਐਨਾ ਹੀ ਕਹਿ ਦੇਣਾ ਕਾਫ਼ੀ ਹੈ ਕਿ ਇਸ ਵਿੱਚ ਪੁਰਾਣੇ ਸਿੱਖਾਂ ਦੇ ਇਤਹਾਸ ਕੁਟ ਕੁਟਕੇ ਭਰ ਹਨ, ਅਤੇ ਇਹ ਦੱਸਿਆ ਹੈ ਕਿ ਉਹ ਕੇਹੜੀ ਤਾਕਤ ਸੀ ਜੋ ਸਿੱਖਾਂ ਨੂੰ ਡੋਲਣ ਨਹੀਂ ਸੀ ਦੇਂਦੀ ਅਤੇ ਉਹ ਕੇਹੜਾ ਜ਼ਮਾਨਾ ਸੀ ਜੋ ਇਕ ਇਕ ਸਿੰਘ ਦੋ ਦੋ ਸੌ ਤੁਰਕ ਉਤੇ ਫ਼ਤੇ ਪਾ ਜਾਂਦਾ ਸੀ ਤੇ ਸਿੱਖਾਂ ਵਿੱਚ ਕੀ ਖੂਬੀਆਂ ਸਨ ਜੋ ਉਨ੍ਹਾਂ ਨੂੰ ਜੋਸ਼ ਦਿਲਾਉਂਦੀਆਂ ਸਨ? ਦੋਹਾਂ ਭਾਗਾਂ ਦੀ ਭੇਟਾ ੧)

ਚੰਚਲ ਮੂਰਤੀ

ਇਸ ਵਿਚ ਸਿਖਾਂ ਦੀਆਂ ਹਦ ਤੋਂ ਜ਼ਿਆਦਾ ਕੁਰ-ਬਾਨੀਆਂ ਕਰਨੀਆਂ ਤੇ ਗੁਰਦੁਵਾਰਿਆਂ ਨੂੰ ਬਚੌਣਾ 'ਨਾਵਲ' ਦੇ ਸੋਹਣੇ ਤਰੀਕੇ ਤੇ ਉਤਮ ਰੀਤੀ ਨਾਲ ਦਰਜ ਹੈ ਮਨ ਪੜ੍ਹਕੇ ਭਾਰੀ ਅਨੰਦ ਹੁੰਦਾ ਹੈ। ਕਰਤਾ ਨੂੰ ਏਸਦਾ ੧੦੦) ਇਨਾਮ ਮਿਲਿਆ ਹੈ। ਭੇਟਾ ॥।)

ਅਤੀ ਮਨਮੋਹਨ ਸੁੰਦ੍ਰ ਨਾਵਲ

ਚੰਦ੍ਰਕਾਂਤਾ

ਇਹ ਦਿਲ ਖਿੱਚਵਾ ਨਾਵਲ ਅਜੇਹਾ ਸੁੰਦ੍ਰ ਤੇ ਸੁਵਾਦਲਾ ਹੈ ਕਿ ਜਿਸਦੇ ਪੜ੍ਹਿਆਂ ਵਾਹ ਵਾਹ ਕਰ ਉਠੋ ਮਾਨੋ ਦੁਨੀਆਂ ਦੀਆਂ ਕੁਲ ਚੀਜਾਂ ਦੇ ਚਲਾਂਣੀ ਵਾਲੇ ਅਜੇਹੇ ਅਜੇਹੇ ਸੁੰਦਰ ਤੇ ਭਿਆਨਕ ਹਾਲ ਦਰਜ ਹਨ ਕਿ ਪੜ੍ਹਨ ਲਗਿਆਂ ਛੱਡਨ ਨੂੰ ਜੀ ਨਹੀਂ ਕਰਦਾ ਇਹੋ ਜੀ ਕਰਦਾ ਹੈ ਕਿ ਮੁਕਾਏ ਬਿਨਾਂ ਪ੍ਰਸ਼ਾਦ ਨਾ ਛਕੀਏ ਗੱਲ ਕੀ ਹਰ ਪ੍ਰਕਾਰ ਦੇ ਦਿਲ ਨੂੰ ਹੈਰਾਨ ਤੇ ਚਕਰਾ ਦੇਣ ਵਾਲੇ ਹਾਲ ਬੜੇ ਹੀ ਸੁੰਦਰ ਲਿਖੇ ਗਏ ਹਨ ॥

ਅੱਗੇ ਹਰ ਇਕ ਇਲਮ ਤੇ ਹਰ ਇਕ ਜ਼ਬਾਨ ਵਿਚ ਛਪ ਚੁਕਾ ਹੈ। ਗੁਰਮੁਖੀ ਵਿਚ ਅਸੀਂ ਛਾਪਿਆ ਹੈ। ਮੁਲ ਫੀ ਹਿਸਾ ॥)

ਪਤਾ—

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ